
Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242



ਹਫਤਾਵਾਰੀ
# ਦੇਸ਼ ਦੁਆਬਾ
VOL - 5 ISSUE - 19
August 17, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਅਦਾਰਾ 'ਦੇਸ਼ ਦੁਆਬਾ' ਵੱਲੋਂ ਬੇ-ਏਰੀਆ ਵਿਖੇ ਭਾਰਤ ਦਾ 70ਵਾਂ ਆਜ਼ਾਦੀ ਦਿਹਾੜਾ ਪੂਰਨ ਉਤਸ਼ਾਹ ਨਾਲ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ। ਸਬੰਧਤ ਰਿਪੋਰਟ ਅਤੇ ਤਸਵੀਰਾਂ ਦੇਖੋ 'ਅੰਬੇਦਕਰ ਟਾਇਮਜ਼'।

# ਅਮਰੀਕੀ ਨੌਕਰੀਆਂ ਚੀਨ ਵੱਲ ਨਹੀਂ ਜਾਣ ਦਿਆਂਗੇ

## ਟਰੰਪ ਨੇ ਪਰਵਾਸੀਆਂ ਦੇ 'ਵਿਚਾਰਧਾਰਕ ਟੈਸਟ' ਦਾ ਪ੍ਰਸਤਾਵ ਰੱਖਿਆ

**ਡਲਾਸ (ਬਿਊਰੋ)-** ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜ ਰਹੇ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਨੇ ਕਿਹਾ ਕਿ ਉਹ ਸਖ਼ਤ ਆਰਥਿਕ ਕਦਮ ਉਠਾ ਕੇ ਇਹ ਯਕੀਨੀ ਬਣਾਵੇਗਾ ਕਿ ਅਮਰੀਕਾ ਦੀਆਂ ਨੌਕਰੀਆਂ ਚੀਨ ਜਿਹੇ ਦੇਸ਼ਾਂ ਵੱਲ ਨਾ ਜਾਣ।

ਪੈਨਸਿਲਵੇਨੀਆ ਦੇ ਐਰੀ ਵਿਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ "ਅਸੀਂ ਪੈਨਸਿਲਵੇਨੀਆ ਵਿਚ ਨੌਕਰੀਆਂ ਵਾਪਸ ਲੈ ਕੇ ਆਵਾਂਗੇ। ਅਸੀਂ ਅਮਰੀਕਾ ਵਿਚ ਨੌਕਰੀਆਂ ਵਾਪਸ ਲਿਆਵਾਂਗੇ। ਅਸੀਂ ਨੌਕਰੀਆਂ ਵਾਪਸ ਲੈ ਕੇ ਆਵਾਂਗੇ, ਲੋਕੋ।''

ਉਨ੍ਹਾਂ ਕਿਹਾ ਕਿ ਦੇਸ਼ ਭਰ ਵਿਚ ਨਿਰਮਾਣ ਖੇਤਰ ਤੇ ਨੌਕਰੀਆਂ ਦੀ ਹਾਲਤ ਠੀਕ ਨਹੀਂ ਚੱਲ ਰਹੀ। ਉਨ੍ਹਾਂ ਕਿਹਾ "ਤੁਸੀਂ ਦੂਜੇ ਦੇਸਾਂ ਵਿੱਚ ਜਾ ਰਹੇ ਹੋ। ਉਹ ਸਾਡੀਆਂ ਕੰਪਨੀਆਂ ਹਥਿਆ ਰਹੇ ਹਨ ਤੇ ਸਾਡੀਆਂ ਨੌਕਰੀਆਂ ਖਾ ਰਹੇ ਹਨ।'' ਟਰੰਪ ਨੇ ਕਿਹਾ ਕਿ ਅਮਰੀਕਾ ਦੇ ਲੋਕ ਡੈਮੋਕਰੈਟਿਕ ਪਾਰਟੀ ਵੱਲੋਂ ਪ੍ਰਚਾਰੇ ਜਾ ਰਹੇ ਝੂਠ ਨੂੰ ਸੁਣ-ਸੁਣ ਅੱਕ ਚੁੱਕੇ ਹਨ।



ਡੋਨਲਡ ਟਰੰਪ ਨੇ ਕੱਟੜਪੰਥੀ ਇਸਲਾਮ ਦੇ ਪਾਸਾਰ ਨੂੰ ਰੋਕਣ ਦਾ ਵਾਅਦਾ ਲੈਂਦਿਆਂ ਕੌਮਾਂਤਰੀ ਅੱਤਵਾਦ ਨੂੰ ਹਰਾਉਣ ਦੀ ਨੀਤੀ ਦਾ ਜ਼ਿਕਰ ਕੀਤਾ ਅਤੇ ਸੰਭਾਵੀਂ ਪਰਵਾਸੀਆਂ ਦੀ 'ਗੰਭੀਰ ਜਾਂਚ' ਤਹਿਤ ਠੰਢੀ ਜੰਗ ਦੇ ਦੌਰ

(ਬਾਕੀ ਸਫਾ 5 ਤੇ)

ਉਨ੍ਹਾਂ ਕਿਹਾ '' ਉਹ ਨੌਕਰੀਆਂ ਤੋਂ ਹੱਥ ਧੋ-ਧੋ ਕੇ ਅੱਕ ਚੁੱਕੇ ਹਨ। ਉਹ ਸਾਡੀਆਂ ਕੰਪਨੀਆਂ ਨੂੰ ਮਲੀਆਮੇਟ ਹੁੰਦੇ ਦੇਖ ਤੇ ਦੂਜੀਆਂ ਥਾਵਾਂ 'ਤੇ ਜਾਂਦੇ ਵੇਖ ਕੇ ਅੱਕ ਚੁੱਕੇ ਹਨ। ਉਹ ਚੀਨ ਨੂੰ ਇੱਥੇ ਆ ਕੇ ਹਰ ਥਾਂ ਆਪਣਾ ਸਟੀਲ ਸੁੱਟਦਿਆਂ ਦੇਖ ਕੇ ਅਤੇ ਸਾਡੀਆਂ ਕੰਪਨੀਆਂ ਨੂੰ ਬੇਕਾਰ ਹੁੰਦਾ ਦੇਖ ਕੇ ਅੱਕ ਚੁੱਕੇ ਹਨ। ਇਸ ਲਈ ਹੁਣ ਸਾਨੂੰ ਚੀਨ ਜਾਣਾ ਪਵੇਗਾ ਤੇ ਆਪਣਾ ਸਟੀਲ ਵਾਪਸ ਲੈ ਕੇ ਆਉਣਾ ਪਵੇਗਾ ਜੋ ਬਹੁਤ ਜਲਦੀ ਹੋਣ ਵਾਲਾ ਹੈ। ਇਸੇ ਕਰ ਕੇ ਸਟੀਲ ਕਾਮੇ ਮੇਰੇ ਨਾਲ ਖੜ੍ਹੇ ਹਨ। ਇਸੇ ਕਰ ਕੇ ਖਦਾਣ ਕਾਮੇ ਮੇਰੇ ਨਾਲ ਹਨ ਤੇ ਇਸੇ ਕਰ ਕੇ ਕੰਮ ਕਾਜੀ ਲੋਕ, ਇਲੈਕਟ੍ਰੀਸ਼ੀਅਨ, ਪਲੰਬਰ, ਸ਼ੀਟ ਰੌਕਰਜ਼ ਤੇ ਕੰਕਰੀਟ ਦਾ ਕੰਮ ਕਰਨ ਵਾਲੇ -ਇਹ ਸਭ ਮੇਰੇ ਨਾਲ ਖੜ੍ਹੇ ਹਨ।''

ਅਟਲੂਨਾ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਸ੍ਰੀ ਟਰੰਪ ਨੇ ਆਪਣੇ ਹਮਾਇਤੀਆਂ ਨੂੰ ਕਿਹਾ ਕਿ ਪੈਨਸਿਲਵੇਨੀਆ ਵਿਚ ਵੋਟਾਂ ਵਾਲੇ ਦਿਨ ਉਹ ਮਤਦਾਨ ਕੇਂਦਰਾਂ 'ਤੇ ਨਜ਼ਰ ਰੱਖਣ।

# ਦੁਨੀਆਂ ਦੇ ਸਭ ਤੋਂ ਵੱਧ ਮੈਡਲ ਜਿੱਤਣ ਵਾਲੇ ਮਾਈਕਲ ਫੈਲਪਸ

## 23 ਸੋਨ ਤਗ਼ਮੇ ਜਿੱਤਣ ਤੋਂ ਬਾਅਦ ਅਲਵਿਦਾ



ਰੀਓ ਵਿੱਚ ਆਪਣੇ ਪੰਜਵੇਂ ਅਤੇ ਓਲੰਪਿਕ ਵਿੱਚ ਰਿਕਾਰਡ 23 ਸੋਨ ਤਗ਼ਮੇ ਜਿੱਤਣ ਤੋਂ ਬਾਅਦ ਇਨ੍ਹਾਂ ਖੇਡਾਂ ਨੂੰ ਅਲਵਿਦਾ ਕਹਿਣ ਵਾਲੇ ਵਿਸ਼ਵ ਦੇ ਚੋਟੀ ਦੇ ਤੈਰਾਕ ਅਮਰੀਕਾ ਦੇ ਮਾਈਕਲ ਫੈਲਪਸ ਦਾ ਕਹਿਣਾ ਹੈ ਕਿ ਉਸ ਨੇ ਜੋ ਕੀਤਾ ਹੈ, ਉਹ ਕੋਈ ਹੋਰ ਨਹੀਂ ਕਰ ਸਕਦਾ।

ਫੈਲਪਸ ਨੇ ਰੀਓ ਵਿੱਚ ਆਪਣੇ ਆਖਰੀ ਚਾਰ ਗੁਣਾ 100 ਮੀਟਰ ਮੈਡਲੇ ਰਿਲੇਅ ਮੁਕਾਬਲੇ ਵਿੱਚ ਸੋਨੇ ਦਾ ਤਗ਼ਮਾ ਜਿੱਤਿਆ, ਜੋ ਉਸ ਦਾ ਰੀਓ ਵਿੱਚ ਪੰਜਵਾਂ ਸੋਨ ਤਗ਼ਮਾ ਹੈ। ਉਨ੍ਹਾਂ ਇਸ ਮੁਕਾਬਲੇ ਨਾਲ ਓਲੰਪਿਕ ਖੇਡਾਂ ਨੂੰ ਅਲਵਿਦਾ ਕਹਿ ਦਿੱਤਾ। ਫੈਲਪਸ ਨੇ ਕਿਹਾ ਕਿ ਇਹ ਸਭ ਇਕ ਬੱਚੇ ਦੇ ਸੁਪਨੇ ਨਾਲ ਸ਼ੁਰੂ ਹੋਇਆ ਸੀ, ਜਿਸ ਨੇ ਹੁਣ ਤੈਰਾਕੀ ਦੇ ਮਾਅਨਾ ਬਦਲ ਦਿੱਤਾ ਹੈ। ਇਸ ਤੈਰਾਕ ਨੇ ਜੋ ਕਰਨ ਦੀ ਕੋਸ਼ਿਸ਼ ਕੀਤੀ ਅਤੇ ਜੋ ਕੀਤਾ, ਉਹ ਕੋਈ ਹੋਰ ਨਹੀਂ ਕਰ ਸਕਦਾ। ਰੀਓ ਓਲੰਪਿਕ ਵਿੱਚ ਪੰਜ ਸੋਨ ਤਗ਼ਮਿਆਂ ਨਾਲ ਫੈਲਪਸ ਹੁਣ ਤੱਕ 23 ਓਲੰਪਿਕ ਸੋਨ ਤਗ਼ਮੇ ਜਿੱਤ ਚੁੱਕਿਆ ਹੈ। ਓਲੰਪਿਕ ਇਤਿਹਾਸ ਵਿੱਚ ਉਹ ਸਭ ਤੋਂ ਜ਼ਿਆਦਾ ਸੋਨ ਤਗ਼ਮੇ ਜਿੱਤਣ ਵਾਲੇ ਖਿਡਾਰੀ ਬਣ ਗਿਆ ਹੈ।

# ਦਲਿਤ ਨੌਜਵਾਨਾਂ ਦੀ ਕੁੱਟਮਾਰ ਮਾਮਲੇ ਵਿਚ ਹੁਣ ਤੱਕ 27 ਗ੍ਰਿਫਤਾਰ

ਅਹਿਮਦਾਬਾਦ (ਬਿਊਰੋ)- ਗੁਜਰਾਤ ਦੇ ਊਨਾ ਵਿਚ ਹੋਈ ਦਲਿਤ ਮਹਾਂ-ਪੰਚਾਇਤ ਤੋਂ ਵਾਪਸ ਪਰਤਦੇਂ ਕਾਂ ਨੂੰ ਕੁੱਟਣ ਦੇ ਦੋਸ਼ ਵਿਚ 27 ਲੋਕਾਂ ਨੂੰ



ਗ੍ਰਿਫਤਾਰ ਕਰ ਲਿਆ ਗਿਆ ਹੈ। ਪੰਚ ਅਗਸਤ ਨੂੰ ਅਹਿਮਦਾਬਾਦ ਵਿਚ ਦਲਿਤ ਮਾਣ ਯਾਤਰਾ ਆਰੰਭ ਹੋਈ ਜੋ ਊਨਾ ਵਿਚ 15 ਅਗਸਤ ਨੂੰ ਖਤਮ ਹੋਈ। ਇਹ ਦਲਿਤ ਮਹਾਂਪੰਚਾਇਤ ਉਸੇ ਦਾ ਹਿੱਸਾ ਸੀ। ਸੋਮਵਾਰ ਨੂੰ ਖਤਮ ਹੋਈ ਇਸ ਮਹਾਂਪੰਚਾਇਤ ਵਿਚ ਦਸ ਹਜ਼ਾਰ ਤੋਂ ਜਿਆਦਾ ਦਲਿਤ

(ਬਾਕੀ ਸਫਾ 3 ਤੇ)

# ਅੰਨਾ ਹਜ਼ਾਰੇ ਫਿਰ ਆ ਰਹੇ ਨੇ ਦਿੱਲੀ!



**ਨਵੀਂ ਦਿੱਲੀ (ਬਿਊਰੋ)-**ਡਾ. ਮਨਮੋਹਨ ਸਿੰਘ ਦੀ ਸਰਕਾਰ ਦੇ ਨੱਕ ਵਿਚ ਦਮ ਕਰਨ ਵਾਲੇ ਅਤੇ ਆਮ ਆਦਮੀ ਪਾਰਟੀ ਦੇ ਰੂਪ ਵਿਚ ਅੰਦੋਲਨ ਦਾ ਰਾਹ ਪੱਧਰਾ ਕਰਨ ਵਾਲੇ ਅੰਨਾ ਹਜ਼ਾਰੇ ਇਕ ਵਾਰ ਫਿਰ ਰਾਮ ਲੀਲਾ ਮੈਦਾਨ ਵਿਚ ਧਰਨੇ ਤੇ ਬੈਠਣ ਲਈ ਦਿੱਲੀ ਆ ਗਏ ਹਨ। ਇਸ ਦੇ ਲਈ ਉਹ ਨਵਾਂ ਸੰਗਠਨ ਬਣਾ ਰਹੇ ਹਨ। ਠੀਕ ਪੰਜ ਸਾਲ ਪਹਿਲਾਂ 16 ਅਗਸਤ ਨੂੰ ਹੀ ਅੰਨਾ ਹਜ਼ਾਰੇ ਨੇ ਦਿੱਲੀ ਦੇ ਰਾਮਲੀਲਾ ਮੈਦਾਨ ਵਿਚ ਲੋਕਪਾਲ ਬਿਲ ਦੇ ਲਈ ਅੰਦੋਲਨ ਆਰੰਭ ਕੀਤਾ ਸੀ। ਲੋਕਪਾਲ ਪਾਸ ਹੋ ਚੁੱਕਾ ਹੈ ਪਰ ਸਹਿਮਤੀ ਦੇ ਬਾਵਜੂਦ ਕੇਂਦਰ ਦੀ ਮੋਦੀ ਸਰਕਾਰ ਨੇ ਹੁਣ ਤੱਕ ਲੋਕਪਾਲ ਦਾ ਗਠਨ ਨਹੀਂ ਕੀਤਾ ਹੈ। ਅੰਨਾ ਹਜ਼ਾਰੇ ਦਾ ਕਹਿਣਾ ਹੈ ਕਿ ਸਾਡੀਆਂ ਜੋ ਮੰਗਾਂ ਸਨ, ਉਹ ਪੂਰੀਆਂ ਨਹੀਂ ਹੋਈਆਂ। ਜੇਕਰ ਸਾਡਾ ਸੰਗਠਨ ਬਣਿਆ ਰਹਿੰਦਾ ਤਾਂ ਸ਼ਾਇਦ ਉਹ ਉਮੀਦ ਪੂਰੀ ਹੁੰਦੀ ਪਰ ਸਾਡਾ ਸੰਗਠਨ ਟੁੱਟ ਗਿਆ।

ਅੰਨਾ ਦਾ ਕਹਿਣਾ ਹੈ ਕਿ ਕਈ ਲੋਕਾਂ ਦੇ ਦਿਮਾਗ ਵਿਚ ਰਾਜਨੀਤੀ ਆ ਗਈ ਤਾਂ ਉਹਨਾਂ ਪਾਰਟੀ ਬਣਾ ਲਈ।

(ਬਾਕੀ ਸਫਾ 3 ਤੇ)



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409



RAMESH SUMAN
Broker Realtor
RCS-D TM
MAJESTIC HOMES

Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

INDIA BAZAAR



Jai Ram Gaught
Harjit Gaught (Happy)

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (415) 706-7027
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash
FABRICS

ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram

INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC
ARTIFICIAL
JEWELRY, SWEETS,
FRESH VEGETABLES
& MORE..




ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Super Eyebrow
Threading Now Open
Eyebrow Threading
& Henna Tattoo
7 times,
Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916- 396-8939
916-338-5511
Email: IndiaMarketRoseville@gmail.com

### ਭਾਰਤ ਦੇ 70ਵੇਂ ਆਜ਼ਾਦੀ ਦਿਹਾੜੇ ਤੇ ਰਾਸ਼ਟਰਪਤੀ ਦਾ ਕੌਮ ਨੂੰ ਸੰਦੇਸ਼

# ਦਲਿਤਾਂ ਤੇ ਘੱਟ ਗਿਣਤੀਆਂ ’ਤੇ ਹਮਲੇ ਪੂਰੀ ਸਖ਼ਤੀ ਨਾਲ ਰੋਕੇ ਜਾਣ

**ਨਵੀਂ ਦਿੱਲੀ–** ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਦਲਿਤਾਂ ਅਤੇ ਘੱਟ ਗਿਣਤੀਆਂ ’ਤੇ ਹੋਏ ਹਮਲਿਆਂ ’ਤੇ ਚਿੰਤਾ ਪ੍ਰਗਟ ਕਰਦਿਆਂ ਰਾਸ਼ਟਰਪਤੀ ਸ੍ਰੀ ਪ੍ਰਣਾਬ ਮੁਖਰਜੀ ਨੇ ਕਿਹਾ ਹੈ ਕਿ ਇਹ ਹਮਲੇ ਭਾਰਤੀ ਚਰਿੱਤਰ ਦੇ ਖਿਲਾਫ ਹਨ ਅਤੇ ਇਨ੍ਹਾਂ ਨੂੰ ਦ੍ਰਿੜ੍ਹਤਾ ਨਾਲ ਰੋਕਣ ਦੀ ਲੋੜ ਹੈ। ਆਜ਼ਾਦੀ ਦਿਵਸ ਦੀ ਪੂਰਬਲੀ ਸ਼ਾਮ ਨੂੰ ਦੇਸ਼ ਵਾਸੀਆਂ ਦੇ ਨਾਂਅ ਸੰਦੇਸ਼ ਵਿਚ ਉਨ੍ਹਾਂ ਸਮਾਜ ਵਿਚ ਅਸਹਿਣਸ਼ੀਲਤਾ ਦੀ ਭਾਵਨਾ ਪੈਦਾ ਕਰਨ ਵਾਲੀਆਂ ਤਾਕਤਾਂ ਦੀ ਦੀ ਆਲਚੋਨਾ ਕਰਦਿਆਂ ਕਿਹਾ ਕਿ ਅਜਿਹੇ ਲੋਕਾਂ ਦੇ ਵੰਡਪਾਊ ਅਤੇ ਸਮਾਜ ਦੇ ਧਰੁਵੀਕਰਨ ਵਾਲੀਆਂ ਨੀਤੀਆਂ ਦੇਸ਼ ਦੀਆਂ ਸੰਵਿਧਾਨਕ ਸੰਸਥਾਵਾਂ ਨੂੰ ਤਬਾਹ ਕਰ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਆਪਣੇ ਚਾਰ ਸਾਲ ਦੇ ਕਾਰਜਕਾਲ ਦੌਰਾਨ ਮੈਂ ਦੇਸ਼ ਵਿਚ ਕੁਝ ਹਿੰਸਕ, ਵੰਡਪਾਊ ਅਤੇ ਅਸਹਿਣਸ਼ੀਲ ਤਾਕਤਾਂ ਨੂੰ ਸਿਰ ਚੁੱਕਦਿਆਂ ਦੇਖਿਆ ਹੈ, ਪਰ ਸਾਡੇ ਸਮਾਜ ਅਤੇ ਸਰਕਾਰ ਦੀ ਸਿਆਣਪ ਨੇ ਮੇਰਾ ਯਕੀਨ ਪੱਕਾ ਕਰ ਦਿੱਤਾ ਹੈ ਕਿ ਅਜਿਹੇ ਅਨਸਰਾਂ ਨੂੰ ਖਤਮ ਕਰ ਦਿੱਤਾ ਜਾਵੇਗਾ ਅਤੇ ਦੇਸ਼ ਵਿਕਾਸ ਦੀ ਨਵੀਂ ਗਾਥਾ ਲਿਖੇਗਾ। ਉਨ੍ਹਾਂ ਕਿਹਾ ਕਿ ਸਾਡਾ ਸੰਵਿਧਾਨ ਸਿਰਫ ਰਾਜਨੀਤਕ ਅਤੇ ਵਿਧਾਨਕ ਹੀ ਨਹੀਂ ਸਗੋਂ ਭਾਵਨਾਤਮਕ, ਸੱਭਿਆਚਾਰਕ ਅਤੇ ਸਮਾਜਿਕ ਦਸਤਾਵੇਜ਼ ਵੀ ਹੈ ਜਿਸ ਵਿਚ ਸਾਰੇ ਸਰਕਾਰੀ ਅਧਿਕਾਰੀਆਂ



ਅਤੇ ਸੰਸਥਾਵਾਂ ਦੇ ਕਰਤਵਾਂ ਨੂੰ ਪ੍ਰੀਭਾਸ਼ਿਤ ਕੀਤਾ ਗਿਆ ਹੈ ਇਸ ਲਈ ਸਰਕਾਰ ਦੇ ਸਾਰੇ ਅੰਗਾਂ ਨੂੰ ਮਰਿਆਦਾ ਵਿਚ ਰਹਿ ਕੇ ਆਪਣੇ

ਕਰਤਵਾਂ ਦਾ ਪਾਲਣ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਉਦੋਂ ਤਰੱਕੀ ਕਰੇਗਾ ਜਦੋਂ ਸਾਰੇ ਭਾਰਤੀ ਤਰੱਕੀ ਕਰਨਗੇ। ਉਨ੍ਹਾਂ ਕਿਹਾ ਕਿ ਸਦੀਆਂ ਤੋਂ ਵਿਦੇਸ਼ੀ ਅਤੇ ਦੇਸ਼ ਵਿਚਲੀਆਂ ਕੁਝ ਤਾਕਤਾਂ ਦੇਸ਼ ਦਾ ਨੁਕਸਾਨ ਕਰਨ ਦੀਆਂ ਕੋਸ਼ਿਸ਼ਾਂ ਵਿਚ ਲੱਗੀਆਂ ਹੋਈਆਂ ਹਨ ਪਰ ਹਰ ਵਾਰ ਭਾਰਤ ਮਜ਼ਬੂਤ ਹੋ ਕੇ ਨਿਕਲਿਆ ਹੈ। ਦੇਸ਼ ਦੀ ਵਿਦੇਸ਼ ਨੀਤੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਭਾਰਤ ਦੀ ਵਿਦੇਸ਼ ਨੀਤੀ ਦੂਜੇ ਦੇਸ਼ਾਂ ਨਾਲ ਸ਼ਾਂਤੀਪੂਰਨ, ਮਿੱਤਰਤਾ ਵਾਲੇ ਸਬੰਧ ਕਾਇਮ ਕਰਦਿਆਂ ਵਿਕਾਸ ਕਰਨ ’ਤੇ ਅਧਾਰਿਤ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਊਰਜਾ ਲੋੜਾਂ ਦੀ ਪੂਰਤੀ, ਖੁਰਾਕ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਅਤੇ ਅੰਤਰਰਾਸ਼ਟਰੀ ਭਾਈਵਾਲੀ ਕਾਇਮ ਕਰਨਾ ਸਾਡੇ ਪ੍ਰੋਗਰਾਮ ਵਿਚ ਸ਼ਾਮਿਲ ਹੈ। ਉਨ੍ਹਾਂ ਕਿਹਾ ਕਿ ਗੁਆਂਢੀ ਦੇਸ਼ਾਂ ਨੂੰ ਪਹਿਲ ਦੀ ਸਾਡੀ ਨੀਤੀ ਵਿਚ ਕੋਈ ਤਬਦੀਲੀ ਨਹੀਂ ਆਈ। ਵਿਸ਼ਵ ਭਰ ਵਿਚ ਵਾਪਰ ਰਹੀਆਂ ਅੱਤਵਾਦੀ ਘਟਨਾਵਾਂ ’ਤੇ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਬੇਕਸੂਰ ਲੋਕਾਂ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਇਹ ਲੋਕ ਮਨੁੱਖਤਾ ਲਈ ਵੱਡਾ ਖਤਰਾ ਹਨ।

# ਆਜਾਦੀ ਦਿਹਾੜੇ ਮੌਕੇ ਝੰਡਾ ਉਤਰਾਨ ਦੀ ਰਸਮ ਵੇਖਣਾ ਪਹੁੰਚਿਆਂ ਲੋਕਾਂ ਦਾ ਇੱਕਠ

## ਆਜਾਦੀ ਦਿਹਾੜੇ ਮੌਕੇ ਝੰਡਾ ਉਤਾਰਨ ਦੀ ਰਸਮ ਵੇਖਣ ਪਹੁੰਚਿਆ ਲੋਕਾਂ ਦਾ ਇੱਕਠ

**ਭਿੱਖੀਵਿੰਡ (ਭੁਪਿੰਦਰ ਸਿੰਘ)–** ਭਾਰਤ ਦੀ ਆਜ਼ਾਦੀ ਦੀ 70ਵੀਂ ਵਰੇਗੰਢ ਮੌਕੇ ਜਿਥੇ ਦੇਸ਼ ਦੇ ਕੋਨੇ-ਕੋਨੇ ਵਿੱਚ ਜਸ਼ਨ ਮਨਾਏ ਗਏ, ਉਥੇ ਹਿੰਦ-ਪਾਕਿ ਦੀਆਂ ਸਰਹੱਦਾਂ ਉਪਰ ਵੀ ਤਿਰੰਗੇ ਝੰਡੇ ਲਹਿਰਾ ਕੇ ਕੌਮੀ ਪ੍ਰਵਾਨਿਆਂ ਨੂੰ ਯਾਦ ਕੀਤਾ ਗਿਅ। ਆਜਾਦੀ ਦਿਹਾੜੇ ਮੌਕੇ ਖਾਲੜਾ ਬਾਰਡਰ ਉਪਰ ਸਵੇਰੇ ਵੇਲੇ ਬੀ.ਐਸ.ਐਫ 138 ਬਟਾਲੀਅਨ ਦੇ ਕੰਪਨੀ ਕਮਾਂਡੈਂਟ ਪ੍ਰਵੀਨ ਰਾਵਤ ਆਦਿ ਅਧਿਕਾਰੀਆਂ ਦੀ ਹਾਜਰੀ ਵਿੱਚ ਤਿਰੰਗਾ ਲਹਿਰਾਇਆ ਗਿਆ। ਸ਼ਾਮ ਸਮੇਂ ਝੰਡਾ ਉਤਾਰਨ ਮੌਕੇ ਨੇੜੇ ਦੇ ਵੱਖ-ਵੱਖ ਪਿੰਡਾਂ ਤੇ ਇਲਾਕੇ ਤੋਂ ਵੱਡੀ ਗਿਣਤੀ ਵਿੱਚ ਲੋਕ, ਔਰਤਾਂ, ਬੱਚੇ ਵੱਡੀ ਗਿਣਤੀ ਵਿੱਚ ਪਹੁੰਚੇਂ, ਪਰ ਸੁਰੱਖਿਆ ਦੇ ਮੁੱਦੇਨਜਰ ਬੀ.ਐਸ.ਐਫ ਦੇ ਅਧਿਕਾਰੀਆਂ ਤੇ ਜੁਵਾਨਾਂ ਵੱਲੋਂ ਲੋਕਾਂ ਨੂੰ ਸਰਹੱਦ ਤੋਂ ਕਾਫੀ ਦੂਰ ਰੋਕ ਦਿੱਤਾ ਗਿਆ, ਜਿਸ ਕਾਰਨ ਲੋਕਾਂ ਵਿੱਚ ਨਿਰਾਸ਼ਾ ਪਾਈ ਗਈ। ਬੀ.ਐਸ.ਐਫ ਦੇ



ਜੁਵਾਨਾਂ ਵੱਲੋਂ ਸ਼ਾਮ 6 ਵਜੇ ਤਿਰੰਗੇ ਝੰਡੇ ਨੂੰ ਸਨਮਾਨ ਨਾਲ ਉਤਾਰਿਆ ਗਿਆ। ਵੱਖ-ਵੱਖ ਪਿੰਡਾਂ ਤੋਂ ਪੈਦਲ ਤੁਰ ਕੇ ਝੰਡੇ ਦੀ ਰਸਮ ਵੇਖਣ ਬੱਚਿਆਂ ਬਲਕਰਨ ਸਿੰਘ, ਲਵਪ੍ਰੀਤ ਸਿੰਘ, ਗੁਰਭੇਜ ਸਿੰਘ, ਸਿਮਰਨਜੀਤ ਸਿੰਘ, ਜਗਲੀਨ ਸਿੰਘ, ਰਵਿੰਦਰ ਸਿੰਘ ਕਰਨ ਆਦਿ ਨੇ ਆਖਿਆ ਕਿ ਅਸੀ ਪਹਿਲੀ ਵਾਰ ਆਜਾਦੀ ਦਿਹਾੜੇ ਮੌਕੇ ਝੰਡੇ ਨੂੰ ਉਤਾਰਨ ਦੀ ਰਸਮ ਖੁਸ਼ੀ-ਖੁਸ਼ੀ ਵੇਖਣ ਆਏ ਸੀ, ਪਰ ਬੀ.ਐਸ.ਐਫ ਦੇ ਅਧਿਕਾਰੀਆਂ ਤੇ ਜੁਵਾਨਾਂ ਵੱਲੋਂ ਸਾਨੂੰ ਅੱਗੇ ਨਹੀ ਜਾਣ ਦਿੱਤਾ ਗਿਆ, ਜਿਸ ਨਾਲ ਸਾਡੇ ਮਨ ਨੂੰ ਠੇਸ ਪਹੁੰਚੀ ਹੈ।

ਹਿੰਦ-ਪਾਕਿ ਦੇ ਖਾਲੜਾ ਬਾਰਡਰ ਉਪਰ ਝੰਡੇ ਦੀ ਰਸਮ ਵੇਖਣ ਆਉਦੇ ਲੋਕਾਂ ਵਾਸਤੇ ਕੋਈ ਵੀ ਢੁੱਕਵਾਂ ਪ੍ਰਬੰਧ ਨਾ ਹੋਣ 'ਤੇ ਆਪਣਾ ਪ੍ਰਤੀਕਰਮ ਦਿੰਦਿਆ ਸਮਾਜ ਸੇਵੀ ਆਗੂਆਂ ਜਗੀਰਦਾਰ ਕੁਲਦੀਪ ਸਿੰਘ ਮਾੜੀਮੇਘਾ, ਗੁਰਚਰਨ-ਜੀਤ ਸਿੰਘ ਸੰਧੂ, ਚੇਅਰਮੈਂਨ ਸੁਖਵੰਤ ਸਿੰਘ ਮੁਗਲਚੱਕ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਕ ਪਾਸੇ ਤਾਂ ਹਿੰਦ-ਪਾਕਿ ਦੀਆਂ ਸਰਕਾਰਾਂ ਦੋਸਤੀ ਦਾ ਹੱਥ ਵਧਾ ਰਹੀਆਂ ਹਨ, ਦੂਸਰੇ ਪਾਸੇ ਲੋਕਾਂ ਨੂੰ ਸਰਹੱਦਾਂ ਉਪਰ ਝੰਡੇ ਦੀ ਰਸਮ ਵੇਖਣ ਤੋਂ ਵਾਂਝਾ ਰੱਖ ਕੇ ਨਿਰਾਸ਼ ਕੀਤਾ ਜਾ ਰਿਹਾ ਹੈ। ਉਹਨਾਂ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਵਾਹਗਾ ਬਾਰਡਰ ਅਟਾਰੀ, ਹੁਸੈਨੀ ਵਾਲਾ ਬਾਰਡਰ ਫਿਰੋਜਪੁਰ ਦੀ ਤਰ੍ਹਾਂ ਖਾਲੜਾ ਤੇ ਖੇਮਕਰਨ ਬਾਰਡਰ ਨੂੰ ਵੀ ਵਿਕਸਤ ਕੀਤਾ ਜਾਵੇ ਤਾਂ ਜੋ ਬਾਰਡਰ ਵੇਖਣ ਦੇ ਦੀਵਾਨੇ ਲੋਕਾਂ ਦੀ ਮਨ ਦੀ ਖੁਸ਼ੀ ਪੂਰੀ ਹੋ ਸਕੇ।

# ਸਿਰਮੌਰ ਸਾਹਿਤਕਾਰ ਪ੍ਰੋਫੈਸਰ ਗੁਰਦਿਆਲ ਸਿੰਘ ਨਹੀ ਰਹੇ

**ਜੈਤੋ–** ਗਿਆਨਪੀਠ ਪੁਰਸਕਾਰ ਜੇਤੂ ਅਤੇ ਵਿਸ਼ਵ ਭਰ ’ਚ ਮਕਬੂਲੀਅਤ ਹਾਸਲ ਕਰਨ ਵਾਲੇ ਪੰਜਾਬੀ ਦੇ ਸਿਰਮੌਰ ਨਾਵਲਕਾਰ ਤੇ ਚਿੰਤਕ ਪ੍ਰੋ. ਗੁਰਦਿਆਲ ਸਿੰਘ ਇਸ ਜਹਾਨ ’ਚ ਨਹੀਂ ਰਹੇ। ਉਹ ਕੁਝ ਸਮੇਂ ਤੋਂ ਬਿਮਾਰ ਸਨ ਅਤੇ ਅੱਜ ਉਨ੍ਹਾਂ ਦਿਨੇ ਤਕਰੀਬਨ ਡੇਢ ਵਜੇ ਬਠਿੰਡਾ ਦੇ ਮੈਕਸ ਹਸਪਤਾਲ ਵਿੱਚ ਆਖ਼ਰੀ ਸਾਹ ਲਏ। ਉਨ੍ਹਾਂ ਦਾ ਸਸਕਾਰ 18 ਅਗਸਤ ਨੂੰ ਸਵੇਰੇ 10 ਵਜੇ ਜੈਤੋ ਦੇ ਰਾਮ ਬਾਗ ਵਿੱਚ ਹੋਵੇਗਾ। ਤਕਰੀਬਨ ਡੇਢ ਮਹੀਨਾ ਪਹਿਲਾਂ ਆਪਣੇ ਘਰ ਵਿੱਚ ਡਿੱਗਣ ਕਾਰਨ ਉਨ੍ਹਾਂ ਦਾ ਚੂਲਾ ਟੁੱਟ ਗਿਆ ਸੀ ਅਤੇ ਉਨ੍ਹਾਂ ਦਾ ਅਪਰੇਸ਼ਨ ਲੁਧਿਆਣਾ ਦੇ ਇਕ ਹਸਪਤਾਲ ’ਚ ਹੋਇਆ ਸੀ। ਹਫ਼ਤਾ ਕੁ ਪਹਿਲਾਂ ਉਹ ਬਿਮਾਰ ਹੋ ਗਏ ਅਤੇ ਉਨ੍ਹਾਂ ਨੂੰ ਬਠਿੰਡਾ ਦੇ ਇਕ ਹਸਪਤਾਲ ’ਚ ਦਾਖ਼ਲ ਕਰਾਇਆ ਸੀ। ਅਚਾਨਕ ਗੁਰਦਿਆਂ ’ਚ ਆਈ ਖ਼ਰਾਬੀ ਕਾਰਨ ਪਿਛਲੇ ਦੋ ਦਿਨਾਂ ਤੋਂ ਉਨ੍ਹਾਂ ਦੀ ਹਾਲਤ ਨਾਜ਼ੁਕ ਸੀ। ਪਾਟੇ ਝੱਗੇ ਵਰਗੀ ਆਰਥਿਕਤਾ ਵਾਲੇ ਪਰਿਵਾਰ ’ਚ ਪੈਦਾ ਹੋਏ ਪ੍ਰੋ. ਗੁਰਦਿਆਲ ਸਿੰਘ ਨੇ ਬਚਪਨ ਤੋਂ ਜ਼ਿੰਦਗੀ ਦੇ ਆਖ਼ਰੀ ਪੜਾਅ ਤਕ ਅਨੇਕਾਂ ਚੁਣੌਤੀਆਂ ਦਾ ਖਿੜ੍ਹੇ ਮੱਥੇ ਸਾਹਮਣਾ ਕੀਤਾ। ਉਨ੍ਹਾਂ ਦਾ ਜਨਮ 10 ਜਨਵਰੀ, 1933 ਨੂੰ ਹੋਇਆ ਸੀ ਅਤੇ ਉਨ੍ਹਾਂ ਨੇ ਆਪਣੀ ਜ਼ਿੰਦਗੀ ਜੈਤੋ ਦੇ ਇਕ ਸਾਦੇ ਜਿਹੇ ਮਕਾਨ ਵਿੱਚ ਗੁਜ਼ਾਰੀ। ਪ੍ਰੋ. ਗੁਰਦਿਆਲ ਸਿੰਘ ਨੇ ਜ਼ਿੰਦਗੀ ਦੇ ਸ਼ੁਰੂਆਤੀ ਦੌਰ ’ਚ ਚਿੱਤਰਕਾਰੀ ਆਰੰਭੀ। ਇਸ ਬਾਅਦ ਉਹ ਜੈਤੋ ਦੇ ਗੁਰਦੁਆਰਾ ਗੰਗਸਰ ਸਾਹਿਬ ’ਚ ਕੀਰਤਨ ਕਰਦੇ ਰਹੇ। ਮਗਰੋਂ ਉਹ ਲੇਖਣ ਕਲਾ ਵੱਲ ਮੁੜੇ ਅਤੇ ’ਰਾਹੀ’ ਦੇ ਤਖ਼ੱਲਸ ਨਾਲ ਲਿਖਣਾ ਆਰੰਭਿਆ। ਉਨ੍ਹਾਂ ਦੀ ਪਹਿਲੀ ਰਚਨਾ ਜੈਤੋ ਮੋਰਚੇ ਨਾਲ ਸਬੰਧਿਤ ’ਗੰਗਸਰ ਦੇ ਸ਼ਹੀਦ’ ਸੀ। ਕਲਮ ਨਾਲ ਉਨ੍ਹਾਂ ਦਾ ਰਿਸ਼ਤਾ ਸਦੀਵੀ ਬਣ ਗਿਆ ਅਤੇ ਉਨ੍ਹਾਂ ਜੋ ਵੀ ਲਿਖਿਆ ਉਸ ਨੇ ਆਲੋਚਕ ਤੇ ਪਾਠਕ ਜਗਤ ਵਿੱਚ ਮਾਣ-ਮੱਤੀਆਂ ਤਰੰਗਾਂ ਛੇੜੀਆਂ। ਉਨ੍ਹਾਂ ਦੇ ਪਹਿਲੇ ਕਹਾਣੀ-ਸੰਗ੍ਰਿਹ ’ਸੱਗੀ ਫ਼ੁੱਲ’ ਨਾਲ ਉਹ ’ਸੱਗੀ-ਫ਼ੁੱਲ ਵਾਲਾ ਗੁਰਦਿਆਲ ਸਿੰਘ’ ਬਣ ਗਏ। ਉਹ ਪੰਜਾਬੀ ਭਾਸ਼ਾ ਦੇ ਦੂਜੇ ਨਾਵਲਕਾਰ ਸਨ, ਜਿਨ੍ਹਾਂ ਭਾਰਤ ਦਾ ਸਰਵੋਤਮ ਸਾਹਿਤਕ ਪੁਰਸਕਾਰ ’ਗਿਆਨਪੀਠ’ ਮਾਂ ਬੋਲੀ ਪੰਜਾਬੀ ਦੀ ਝੋਲੀ ਪਾਇਆ। ਇਸ ਤੋਂ ਇਲਾਵਾ ਉਨ੍ਹਾਂ ਨੂੰ ’ਪਦਮਸ੍ਰੀ’, ’ਜਵਾਹਰ ਲਾਲ ਨਹਿਰੂ ਸੋਵੀਅਤ ਪੁਰਸਕਾਰ’ ਸਮੇਤ ਦਰਜਨਾਂ ਹੋਰ ਸਨਮਾਨ ਹਾਸਲ ਹੋਏ। 1964 ਵਿੱਚ ਪ੍ਰਕਾਸ਼ਿਤ ਉਨ੍ਹਾਂ ਦੇ ਨਾਵਲ ’ਮੜ੍ਹੀ ਦਾ ਦੀਵਾ’ ਤੋਂ ਮੁਤਾਸਿਰ ਹੋ ਕੇ ਸਿਰਮੌਰ ਸਾਹਿਤਕਾਰ ਨਾਨਕ ਸਿੰਘ ਨੇ ਆਪਣੀ ਲਿਖ਼ਤ ’ਚ ਪ੍ਰੋ. ਗੁਰਦਿਆਲ ਸਿੰਘ ਨੂੰ ਬਹੁਮੁੱਲੀਆਂ ਸੰਭਾਵਨਾਵਾਂ ਵਾਲਾ ਨੌਜਵਾਨ ਕਹਿ ਕੇ ਵਡਿਆਇਆ ਸੀ। ਡਾ. ਨਾਮਵਰ ਸਿੰਘ, ਡਾ. ਅਤਰ ਸਿੰਘ, ਡਾ. ਅਮਰੀਕ ਸਿੰਘ ਅਤੇ ਡਾ. ਜੋਗਿੰਦਰ ਸਿੰਘ ਰਾਹੀ ਵਰਗੇ ਸਮਰੱਥ ਆਲੋਚਕਾਂ ਨੇ ਪੰਜਾਬੀ ਨਾਵਲ ਵਿੱਚ ਇਸ ਨੂੰ ’ਟਰੈਂਡ ਸੈਂਟਰ’ ਕਰਾਰ ਦਿੱਤਾ। ਇਹ ਨਾਵਲ ਬਾਅਦ ਵਿੱਚ ਰੂਸੀ ਭਾਸ਼ਾ ਵਿੱਚ ਵੀ ਅਨੁਵਾਦ ਹੋਇਆ।



# ਅਮਰੀਕਾ ਵਿੱਚ ਹਿਜਾਬ ਵਾਲੀਆਂ ਮੁਸਲਿਮ ਔਰਤਾਂ ’ਤੇ ਹਮਲਾ

ਸ਼ਿਕਾਗੋ– ਅਮਰੀਕਾ ਵਿੱਚ ਇਸਲਾਮਫੋਬੀਆ ਬਾਰੇ ਹੋ ਰਹੀ ਬਿਆਨਬਾਜ਼ੀ ’ਤੇ ਚਿੰਤਾ ਵਧਣ ਦੌਰਾਨ ਇਥੇ ਕਥਿਤ ਨਫ਼ਰਤ ਅਪਰਾਧ ਦੇ ਇਕ ਤਾਜ਼ਾ ਮਾਮਲੇ ਵਿੱਚ ਹਿਜਾਬ ਪਹਿਨੀਂ ਮਾਂ-ਧੀ ’ਤੇ ਇਕ ਔਰਤ ਨੇ ਹਮਲਾ ਕੀਤਾ ਤੇ ਉਨ੍ਹਾਂ ’ਤੇ ਥੁੱਕਿਆ ਗਿਆ। ਇਸ ਦੇ ਨਾਲ ਹੀ ਉਨ੍ਹਾਂ ਨੂੰ ਆਾਈਐਸਆਈਐਸ ਸੰਬੋਧਨ ਕੀਤਾ ਗਿਆ। ਹਿਜਾਬ ਪਹਿਨੀਂ ਦੋਵੇਂ ਮੁਸਲਿਮ ਔਰਤਾਂ ਨੇ ਸ਼ਿਕਾਗੋ ਦੇ ਨੇੜੇ ਵੈਸਟ ਰੋਜਰਸ ਪਾਰਕ ਵਿੱਚ ਇਸ ਬਾਰੇ ਰਿਪੋਰਟ ਕੀਤੀ ਹੈ। ਔਰਤਾਂ ਨੇ ਦੱਸਿਆ ਹੈ ਕਿ ਇਕ ਔਰਤ ਨੇ ਉਨ੍ਹਾਂ ਉਪਰ ਹਮਲਾ ਕੀਤਾ ਤੇ ਉਨ੍ਹਾਂ ਖ਼ਿਲਾਫ਼ ਇਸਲਾਮ ਵਿਰੋਧੀ ਸ਼ਬਦ ਕਹੇ। ਉਨ੍ਹਾਂ ਦਾਅਵਾ ਕੀਤਾ ਕਿ ਸ਼ਿਕਾਗੋ ਪੁਲੀਸ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ। ਪੀੜਤ ਸੁਜ਼ੈਨ ਡਾਮਰਾ ਨੇ ਐਨਸੀਬੀ ਸ਼ਿਕਾਗੋ ਨੂੰ ਦੱਸਿਆ ਕਿ ਔਰਤ ਨੇ ਬੀਤੇ ਵੀਰਵਾਰ ਹੀ ਮਾਂ-ਧੀ ਦਾ ਪਿੱਛਾ ਕੀਤਾ ਸੀ ਅਤੇ ਉਨ੍ਹਾਂ ਨੂੰ ਆਈਐਸਆਈਐਸ ਕਹਿ ਕੇ ਸੰਬੋਧਨ ਕਰਨ ਬਾਅਦ ਉਨ੍ਹਾਂ ’ਤੇ ਥੁੱਕਣ ਦੀ ਕੋਸ਼ਿਸ਼ ਕੀਤੀ ਸੀ। ਦੋਵਾਂ ਔਰਤਾਂ ਵਿੱਚੋਂ ਇਕ ਵੱਲੋਂ ਸ਼ੂਟ ਕੀਤੇ ਗਏ ਵੀਡੀਓ ਵਿੱਚ ਦਿਖਾਇਆ ਗਿਆ ਹੈ ਕਿ ਕਥਿਤ ਹਮਲਾਵਰ ਉਨ੍ਹਾਂ ਨੂੰ ਅਪਸ਼ਬਦ ਬੋਲ ਰਹੀ ਹੈ। ਇਸ ਦੌਰਾਨ ਦੋਵੇਂ ਔਰਤਾਂ ਨੂੰ ਆਪਣੀ ਜਾਨ ਬਚਾਉਣ ਲਈ ਕਾਰ ਵਿੱਚ ਬੈਠਦੇ ਦੇਖਿਆ ਜਾ ਸਕਦਾ ਹੈ। ਹਮਲਾਵਰ ਔਰਤ ਚੀਕਦੀ ਹੋਈ ਇਹ ਕਹਿ ਰਹੀ ਹੈ, ‘ਤੁਸੀਂ ਆਈ ਐਸ ਆਈ ਐਸ ਹੋ, ਤੁਸੀਂ ਆਈ ਐਸ ਆਈ ਐਸ ਹੋ।’ ਡਾਮਰਾ ਨੇ ਦੱਸਿਆ ਕਿ ਇਹ ਕਰੀਬ ਪੰਜਵਾਂ ਮੌਕਾ ਹੈ ਜਦੋਂ ਉਸ ਨੂੰ ਤੇ ਉਸ ਦੀ ਮਾਂ ਨੂੰ ਔਰਤ ਨੇ ਰੋਕਿਆ ਸੀ। ਡਾਮਰਾ ਨੇ ਕਿਹਾ,’ਉਥੇ ਦੋ ਨੌਜਵਾਨ ਵੀ ਸਨ ਜਿਨ੍ਹਾਂ ਦੀ ਉਮਰ 21 ਜਾਂ 22 ਸਾਲ ਦੇ ਕਰੀਬ ਸੀ ਅਤੇ ਉਨ੍ਹਾਂ ਨੇ ਵੀ ਹਮਲੇ ਵੇਲੇ ਹੱਸਣਾ ਸ਼ੁਰੂ ਕਰ ਦਿੱਤਾ ਤੇ ਔਰਤ ਨੂੰ ਉਕਸਾਉਂਦਿਆਂ ਕਿਹਾ ਹਾਂ, ਇਹ ਆਈਐਸਆਈਐਸ ਹਨ।’ ਫਿਲਹਾਲ ਸ਼ਿਕਾਗੋ ਪੁਲੀਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਉਹ ਇਸ ਮਾਮਲੇ ਵਿੱਚ ਮਾਮੂਲੀ ਹਮਲੇ ਦੀ ਤਰ੍ਹਾਂ ਜਾਂਚ ਕਰ ਰਹੇ ਹਨ।



ਸਫਾ 3 ਦੀ ਬਾਕੀ

# ਦਲਿਤ ਨੌਜਵਾਨਾਂ ਦੀ ਕੁੱਟਮਾਰ ਮਾਮਲੇ ਵਿਚ ਹੁਣ ਤੱਕ 27 ਗ੍ਰਿਫ਼ਤਾਰ

ਭਾਈਚਾਰੇ ਦੇ ਲੋਕਾਂ ਨੇ ਭਾਗ ਲਿਆ। ਸ਼ਿਕਾਇਤ ਦੇ ਮੁਤਾਬਕ ਰੈਲੀ ਤੋਂ ਵਾਪਸ ਪਰਤ ਰਹੇ ਲੋਕਾਂ ਨੂੰ ਊਨਾ ਦੇ ਕੋਲ ਸਮਤਰ ਪਿੰਡ ਵਿਚ ਭੀੜ ਨੇ ਰੋਕਿਆ ਅਤੇ ਕੁੱਟਮਾਰ ਕੀਤੀ। ਇਸ ਸਬੰਧ ਵਿਚ ਦਰਜ ਐਫ. ਆਈ. ਆਰ. ਵਿਚ ਦਿਨੇਸ਼ ਪਰਮਾਰ ਨਾਂ ਦੇ ਇਕ ਲੜਕੇ ਨੇ ਕਿਹਾ, ਊਨਾ ਵਿਚ ਹੋਈ ਮਹਾਂਪੰਚਾਇਤ ਤੋਂ ਅਸੀਂ 8 ਲੋਕ ਵਾਪਸ ਪਰਤ ਰਹੇ ਸੀ, ਉਦੋਂ ਸਮਤਰ ਵਿਚ ਸਾਡੀ ਗੱਡੀ ਨੂੰ ਪਿੰਡ ਵਾਲਿਆਂ ਨੇ ਰੋਕਿਆ ਅਤੇ ਕਾਰ ਦੇ ਸ਼ੀਸ਼ੇ ਤੋੜ ਦਿੱਤੇ। ਫਿਰ ਉਹਨਾਂ ਲੋਕਾਂ ਨੇ ਸਾਨੂੰ ਹਾਕੀਆਂ ਨਾਲ ਕੁੱਟਿਆ, ਅਸੀਂ ਕਿਸੇ ਤਰ੍ਹਾਂ ਬਚ ਕੇ ਸਥਾਨਕ ਹਸਪਤਾਲ ਪਹੁੰਚੇ।

# ਅੰਨਾ ਹਜ਼ਾਰੇ ਫਿਰ ਆ ਰਹੇ ਨੇ ਦਿੱਲੀ!

ਕੁਝ ਲੋਕਾਂ ਨੇ ਕੋਈ ਹੋਰ ਪਾਰਟੀ ਜੁਆਇਨ ਕਰ ਲਈ। ਇਸ ਦੇ ਕਾਰਨ ਸਾਡੇ ਸੰਗਠਨ ਦੀ ਤਾਕਤ ਘੱਟ ਹੋ ਗਈ। ਅਸੀਂ ਜੋ ਸੁਪਨਾ ਦੇਖਿਆ ਸੀ ਉਹ ਪੂਰਾ ਨਹੀਂ ਹੋ ਰਿਹਾ ਹੈ ਪਰ ਇਕ ਨਵਾਂ ਸੰਗਠਨ ਖੜ੍ਹਾ ਕਰਕੇ ਇਸ ਸੁਪਨੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗੇ।

# ਸੰਸਦੀ ਸਕੱਤਰਾਂ ਬਾਰੇ ਫੈਸਲੇ ਨੂੰ ਸੁਪਰੀਮ ਕੋਰਟ ’ਚ ਚੁਣੌਤੀ ਦੇਵਾਂਗੇ: ਬਾਦਲ

**ਜਲੰਧਰ–** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ ਰੱਦ ਕਰਨ ਸਬੰਧੀ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਜਾਵੇਗੀ। ਅੱਜ ਆਦਮਪੁਰ ਵਿਧਾਨ ਸਭਾ ਹਲਕੇ ਦੇ ਪਿੰਡ ਭਟਨੂਰਾ ਲੁਬਾਣਾ ਵਿੱਚ ਸੰਗਤ ਦਰਸ਼ਨ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹਾਈ ਕੋਰਟ ਦੇ ਫੈਸਲੇ ਦੀ ਪੜਤਾਲ ਕੀਤੀ ਜਾ ਰਹੀ ਹੈ ਅਤੇ ਇਸ ਸਬੰਧੀ ਉਨ੍ਹਾਂ ਸੂਬੇ ਦੇ ਐਡਵੋਕੇਟ ਜਨਰਲ ਨੂੰ ਤੁਰੰਤ ਕਾਨੂੰਨੀ ਚਾਰਾਜੋਈ ਆਰੰਭਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਕੱਲ੍ਹ ਹਾਈ ਕੋਰਟ ਵੱਲੋਂ ਇਹ ਫੈਸਲਾ ਦਿੱਤਾ ਗਿਆ ਹੈ, ਜਿਸ ਕਰ ਕੇ ਅਜੇ ਇਸ ਸਬੰਧੀ ਕੋਈ ਟਿੱਪਣੀ ਕਰਨੀ ਢੁਕਵੀਂ ਨਹੀਂ ਪਰ ਸਰਕਾਰ ਵੱਲੋਂ ਉੱਚ ਅਦਾਲਤ ਵਿੱਚ ਅਪੀਲ ਜ਼ਰੂਰ ਦਾਇਰ ਕੀਤੀ ਜਾਵੇਗੀ।

ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਸਬੰਧੀ ਦਿੱਤੇ ਬਿਆਨ ਬਾਰੇ ਸਵਾਲ ਦੇ ਜਵਾਬ ਵਿੱਚ ਸ੍ਰੀ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦਾ ਕਿਸਾਨਾਂ ਲਈ ਅਚਾਨਕ ਜਾਗਿਆ ਮੋਹ ਕੇਵਲ ਵਿਧਾਨ ਸਭਾ ਚੋਣਾਂ ਤੱਕ ਹੈ। ਉਨ੍ਹਾਂ ਕਿਹਾ ਕਿ ਕੈਪਟਨ ਦੀ ਕਿਸਾਨ ਵਿਰੋਧੀ ਸੋਚ ਦਾ ਇਸ ਗੱਲ ਤੋਂ ਪਤਾ ਲੱਗ ਜਾਂਦਾ ਹੈ ਕਿ 2002 ਵਿੱਚ ਮੁੱਖ ਮੰਤਰੀ ਬਣਨ ਪਿੱਛੋਂ ਉਨ੍ਹਾਂ ਕਿਸਾਨਾਂ ਨੂੰ ਮਿਲਦੀ ਮੁਫ਼ਤ ਬਿਜਲੀ ਤੁਰੰਤ ਬੰਦ ਕਰ ਦਿੱਤੀ ਸੀ। ਉਨ੍ਹਾਂ ਕਿਸਾਨਾਂ ਨੂੰ ਕਿਹਾ ਕਿ ਜੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੁਬਾਰਾ ਆਉਂਦੀ ਹੈ ਤਾਂ ਉਹ ਪਹਿਲਾਂ ਵਾਂਗ ਮੁਫ਼ਤ ਬਿਜਲੀ ਸਮੇਤ ਕਿਸਾਨੀ ਲਈ ਲਾਗੂ ਭਲਾਈ ਸਕੀਮਾਂ ਤੁਰੰਤ ਬੰਦ ਕਰ ਦੇਣਗੇ।



ਨਸ਼ੇ ਦੇ ਖਾਤਮੇ ਸਬੰਧੀ ਪੰਜਾਬ ਸਰਕਾਰ ਵੱਲੋਂ ਚੁੱਕੇ ਕਦਮਾਂ ਬਾਰੇ ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ੇ ਦੀ ਸਪਲਾਈ ਰੋਕਣ ਅਤੇ ਨਸ਼ੇ ਤੋਂ ਪੀੜਤ ਨੌਜਵਾਨਾਂ ਦੇ ਮੁੜ ਵਸੇਬੇ ਲਈ ਵੱਡੇ ਕਦਮ ਚੁੱਕੇ ਗਏ ਹਨ। ਭੋਗਪੁਰ ਖੰਡ ਮਿੱਲ ਦੇ ਨਵੀਨੀਕਰਨ ਸਬੰਧੀ ਸ੍ਰੀ ਬਾਦਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਇਸ ਪ੍ਰਾਜੈਕਟ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਇਸ ਤੋਂ ਪਹਿਲਾਂ ਪਿੰਡ ਕਰਾੜੀ, ਲੜੋਈ, ਭਟਨੂਰਾ ਲੁਬਾਣਾ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੰਗਤ ਦਰਸ਼ਨ ਪ੍ਰੋਗਰਾਮ ਦਾ ਮਕਸਦ ਸਿਆਸੀ ਨਹੀਂ, ਸਗੋਂ ਇਸ ਰਾਹੀਂ ਲੋਕਾਂ ਦੇ ਮਸਲਿਆਂ ਦਾ ਉਨ੍ਹਾਂ ਦੇ ਪਿੰਡ ਪਿੰਡ ਜਾ ਕੇ ਹੱਲ ਕੀਤਾ ਜਾਂਦਾ ਹੈ।

# ਛੇਵੀਂ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਯਾਦਗਾਰੀ ਹੋ ਨਿਬੜੀ
## 'ਦਿਸਹਦਿਆਂ ਦੇ ਆਰ-ਪਾਰ' (ਕਹਾਣੀ ਸੰਗ੍ਰਿਹ) ਲੋਕ ਅਰਪਿਤ



**ਸਟਾਕਟਨ (ਬਿਊਰੋ)–** ਬੀਤੇ ਐਤਵਾਰ ਪੰਜਾਬੀ ਸਾਹਿਤ ਸਭਾ ਸਟਾਕਟਨ ਵੱਲੋਂ ਛੇਵੀਂ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਦਾ ਰਾਇਲ ਇੰਡੀਅਨ ਕੁਜ਼ੀਨ ਦੇ ਬੈਂਕੁਇਟ ਹਾਲ ਵਿਚ ਆਯੋਜਨ ਕੀਤਾ ਗਿਆ। ਇਹ ਕਾਨਫਰੰਸ ਕਰਾਂਤੀਕਾਰੀ ਨਾਟਕਕਾਰ-ਰੰਗਕਰਮੀ ਗੁਰਸ਼ਰਨ ਸਿੰਘ ਭਾਅ ਜੀ ਨੂੰ ਸਮਰਪਿਤ ਸੀ। ਉਨ੍ਹਾਂ ਦੀ ਮਹਾਨ ਸ਼ਖ਼ਸੀਅਤ ਅਤੇ ਬੇਮਿਸਾਲ ਸਾਹਿਤਕ, ਸਭਿਆਚਾਰਕ ਯੋਗਦਾਨ ਬਾਰੇ ਪ੍ਰੋ. ਹਰਭਜਨ ਸਿੰਘ, ਹਰਜਿੰਦਰ ਪੰਧੇਰ, ਬਿੱਕਰ ਕੰਮੇਆਣਾ, ਮਹਿੰਗਾ ਸਿੰਘ ਤੇ ਸੁਖਵਿੰਦਰ ਕੰਬੋਜ ਨੇ ਆਪਣੇ ਅਨੁਭਵ ਅਤੇ ਅਹਿਸਾਸ ਪ੍ਰਗਟ ਕੀਤੇ। ਪਰਮਜੀਤ ਸਿੰਘ ਤੇ ਰੇਣੂ ਸਿੰਘ ਦੀ ਪ੍ਰਸਿੱਧ ਕਲਾਕਾਰ ਜੋੜੀ ਨੇ ਗੁਰਸ਼ਰਨ ਭਾਅ ਜੀ ਉਚੇਰੀ ਪ੍ਰਤੀਬੱਧਤਾ ਅਤੇ ਜੀਵਨ ਭਰ ਕਰਾਂਤੀਕਾਰੀ ਰੰਗ-ਮੰਚ ਸਰਗਰਮੀ ਨੂੰ ਉਨ੍ਹਾਂ ਦੀਆਂ ਨਾਟਕੀ ਰਚਨਾਵਾਂ ਰਾਹੀਂ ਪੇਸ਼ ਕੀਤਾ। ਕਾਨਫਰੰਸ ਦੀ ਅਗਲੀ ਕੜੀ ਵਿਚਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ ਅਤੇ ਹਰਜਿੰਦਰ ਪੰਧੇਰ ਵੱਲੋਂ ਸੰਪਾਦਿਤ ਪਰਵਾਸੀ ਪੰਜਾਬੀ ਕਹਾਣੀ ਸੰਗ੍ਰਹਿ 'ਦਿਸਹਦਿਆਂ ਦੇ ਆਰ-ਪਾਰ'ਪ੍ਰਧਾਨਗੀ ਮੰਡਲ ਅਤੇ ਹਾਜ਼ਰ ਕਹਾਣੀਕਾਰਾਂ ਵੱਲੋਂ ਲੋਕ ਅਰਪਿਤ ਕੀਤਾ ਗਿਆ। ਇਸ ਉਪਰੰਤ ਚਾਰ ਖੋਜ ਪੱਤਰ ਪੜ੍ਹੇ ਗਏ।

ਡਾ. ਜਸਵਿੰਦਰ ਸਿੰਘ ਨੇ ਆਪਣੇ ਖੋਜ ਪੱਤਰ 'ਬਹੁਸਭਿਆਚਾਰਕ ਪਰਵਾਸੀ ਪ੍ਰਸੰਗਾਂ ਵਿਚ ਪੰਜਾਬੀ ਪਛਾਣ ਤੇ ਉਥਾਨ ਦੀ ਬਿਰਤਾਂਤਕਾਰੀ' ਵਿਚ 'ਦਿਸਹੱਦਿਆਂ ਦੇ ਆਰ-ਪਾਰ' ਦੀਆਂ ਕਹਾਣੀਆਂ ਵਿਚ ਪੇਸ਼ ਪੰਜਾਬੀਆਂ ਦੀ ਹੋਂਦ-ਹਸਤੀ ਦੀ ਬਹੁਵੰਨਤਾ, ਸੰਕਟਾਂ ਅਤੇ ਸੰਗਰਾਮਾਂ ਦੀ ਨਿਸ਼ਾਨਦੇਹੀ ਕਰਦਿਆਂ ਇਸ ਦੀ ਸਭਿਆਚਾਰਕ ਸਿਆਸਤ ਦੇ ਬਣ ਰਹੇ/ਬਣਦੇ ਸਰੂਪ ਤੇ ਸਾਰਥਕਤਾ ਨੂੰ ਉਭਾਰਿਆ। ਉਨ੍ਹਾਂ 'ਕਰਾਂਤੀ ਗੀਤ', 'ਮੁਰਗਾਬੀਆਂ', 'ਕੁੱਤਾ ਤੇ ਮਨੁੱਖ', 'ਧੁੰਦ ਵਿਚ ਜਗਦੀ ਬੱਤੀ', 'ਆਇਲਨ ਅਤੇ ਐਵਨ' ਦੇ ਹਵਾਲੇ ਨਾਲ ਪਰਵਾਸੀ ਪੰਜਾਬੀ ਕਹਾਣੀ ਦੀ ਇਸ ਨਵੀਂ ਗਲੋਬਲੀ ਰਾਜਸੀ ਚੇਤਨਾ ਅਤੇ ਸਭਿਆਚਾਰਕਪਛਾਣ ਨੂੰ ਉਚੇਰੀ ਬਿਰਤਾਂਤਕਾਰੀ ਤੇ ਵੱਡਾ ਹਾਸਲ ਦੱਸਿਆ। ਉਨ੍ਹਾਂ ਕਿਹਾ ਇਹ ਕਹਾਣੀ ਨਵੀਂ ਅਤੇ ਮੌਲਿਕ ਬਿਰਤਾਂਤਕਾਰੀ ਦਾ ਪ੍ਰਭਾਵੀ ਨਮੂਨਾ ਹਨ। ਵਿਸ਼ੇ ਦੀ ਚੋਣ, ਬਿਰਤਾਂਤਕ ਲੋਕੇਲ ਅਤੇ ਵਿਜ਼ਨ ਪੱਖੋਂ ਨਵੇਂ ਕੀਰਤੀਮਾਨ ਸਥਾਪਿਤ ਕਰਨ ਵਾਲੀ ਹੈ। ਉਨ੍ਹਾਂ 'ਘਰ' ਦੇ ਮੈਟਾਫਰ ਦੇ ਹਵਾਲੇ ਨਾਲ 'ਲੋਹ ਪੁਰਸ਼', 'ਸੂਰਜ ਵੱਲ ਵੇਖਦਾ ਆਦਮੀ', 'ਪਿੰਜਰਾ' ਆਦਿ ਕਹਾਣੀਆਂ ਦੇ ਨਿਆਰੇ ਕਥਾ ਵਿਵੇਕ ਤੇ ਬਿਰਤਾਂਤ ਪਾਸਾਰਾਂ ਨੂੰ ਵੀ ਉਭਾਰਿਆ। ਨਿਰੋਲ ਗੋਰਾ ਮੇਜ਼ਬਾਨ ਸਭਿਆਚਾਰ ਦੇ ਹੀਜ਼-ਪਿਆਜ਼ ਨੂੰ ਜਗ-ਜਾਹਿਰ ਕਰਦਿਆਂ ਉਨ੍ਹਾਂ 'ਰਿਹਾਈ', 'ਗਰੈਨੀ ਲੈਜ਼ੀ' ਤੇ 'ਗਵਾਂਢੀ' ਕਹਾਣੀਆਂ ਨੂੰ ਪੰਜਾਬੀ ਬਿਰਤਾਂਤ ਨੂੰ ਮੋਕਲਾ ਕਰਨ ਵਾਲੀਆਂ ਦੱਸਿਆ, ਜਿਨ੍ਹਾਂ ਰਾਹੀਂ ਸਾਡੇ ਕਹਾਣੀਕਾਰ ਮੇਜ਼ਬਾਨ ਸਭਿਆਚਾਰ ਨੂੰ ਫਰੋਲਣ-ਆਂਕਣ ਦੀ ਨਵੀਂ ਸਮਰਥਾ ਦਰਸਾ ਰਹੇ ਹਨ।

ਡਾ. ਧਨਵੰਤ ਕੌਰ ਦਾ ਖੋਜ ਪੱਤਰ 'ਦਿਸਹਦਿਆਂ ਦੇ ਆਰ-ਪਾਰ: ਸਭਿਆਚਾਰਕ ਸੰਵਾਦਾਂ ਦਾ ਬਿਰਤਾਂਤਕ ਪ੍ਰਵਚਨ' ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਮਨਦੀਪ ਗੋਰਾ ਵੱਲੋਂ ਪੇਸ਼ ਕੀਤਾ ਗਿਆ। ਇਸਖੋਜ ਪੱਤਰ ਵਿਚ ਡਾ. ਧਨਵੰਤ ਕੌਰ ਨੇ ਕਹਾਣੀਆਂ ਦੇ ਹਵਾਲੇ ਨਾਲ ਪਰਵਾਸੀ ਕਹਾਣੀਕਾਰਾਂ ਦੀ ਨਵੀਂ ਪਹਿਲਕਦਮੀ ਨੂੰ ਉਜਾਗਰ ਕੀਤਾ, ਜੋ ਬਹੁਸਭਿਆਚਾਰਕ ਸੰਦਰਭਾਂ ਵਿਚ ਅੱਡ-ਅੱਡ ਪੀੜਤ ਭਾਈਚਾਰਿਆਂ ਦਾ ਬਿਰਤਾਂਤ ਸਿਰਜ ਰਹੀ ਹੈ। ਉਨ੍ਹਾਂ ਅਨੁਸਾਰਇਹ ਪੁਸਤਕ ਪਰਵਾਸੀ, ਨੈਟਿਵ ਤੇ ਮੇਜ਼ਬਾਨ ਭਾਈਚਾਰਿਆਂ ਦੇ ਬਹੁ-ਪਰਤੀ ਸਬੰਧਾਂ-ਤਨਾਵਾਂ ਦੀ ਸ਼ਕਤੀਸ਼ਾਲੀ ਦਾਸਤਾਨ ਖ਼ੂਬਸੂਰਤ ਗਲਪਨਿਕ ਰੂਪ ਵਿਚ ਬਿਆਨ ਕਰ ਰਹੀ ਹੈ।

ਡਾ.ਮਾਨ ਸਿੰਘ ਢੀਂਡਸਾ ਨੇ ਆਪਣੇ ਖੋਜ ਪੱਤਰ 'ਨਵ-ਪੰਜੀਵਾਦੀ ਪੱਛਮੀ ਸਭਿਆਚਾਰ ਤੋਂ ਉਪਜੇ ਮਾਨਵੀ ਸੰਕਟ ਦੀ ਪੇਸ਼ਕਾਰੀ: ਦਿਸਹਦਿਆਂ ਦੇ ਆਰ-ਪਾਰ' ਵਿਚ ਸਾਮਰਾਜੀ ਧੌਂਸਮੂਲਕ ਸੰਦਰਭਾਂ ਦੇ ਹਵਾਲੇ ਨਾਲ ਇਸ ਪੁਸਤਕ ਦੀ ਸਾਰਥਕਤਾ ਨੂੰ ਉਭਾਰਿਆ। ਉਹਨਾਂ ਨੇ ਇਨ੍ਹਾਂ ਕਹਣੀਆਂ ਵਿਚਲੀ ਪ੍ਰਚੰਡ ਰਾਜਸੀ ਚੇਤਨਾ ਦੇ ਸਾਮਰਾਜਵਾਦ ਵਿਰੋਧੀ ਚਰਿੱਤਰ ਨੂੰ ਉਜਾਗਰ ਕੀਤਾ। ਡਾ. ਰਜਨੀਸ਼ ਬਹਾਦਰ ਸਿੰਘ ਨੇ ਆਪਣੇ ਖੋਜ ਪੱਤਰ 'ਪਰਵਾਸੀ ਕਹਾਣੀ ਦੀ ਗੂਹੜੀ ਹੁੰਦੀ ਪੈੜ' ਵਿਚ ਇਸ ਪੁਸਤਕ ਦੀਆਂ ਕਹਾਣੀਆਂ ਦੇ ਹਵਾਲੇ ਨਾਲ ਪਰਵਾਸੀ ਕਹਾਣੀ ਦੀ ਪਛਾਣ ਦੇ ਵਿਭਿੰਨ ਪਹਿਲੂਆਂ ਨੂੰ ਰੇਖਾਂਕਿਤ ਕੀਤਾ। ਉਹਨਾਂ ਅਨੁਸਾਰ ਇਹ ਕਹਾਣੀ ਆਪਣੇ ਅਨੁਭਵੀ ਪ੍ਰਗਟਾਵੇ ਦੀ ਵੱਖਰਤਾਕਰਕੇ ਵੱਖਰੀ ਪਛਾਣ ਦੀ ਧਾਰਨੀ ਹੈ। ਇਹ ਦੋਵੇਂ ਪੱਤਰ ਪ੍ਰੋ. ਹਰਭਜਨ ਸਿੰਘ ਵੱਲੋਂ ਪੇਸ਼ ਕੀਤੇ ਗਏ। ਖੋਜ ਪੱਤਰਾਂ ਬਾਰੇ ਹੋਏ ਵਿਚਾਰ ਚਰਚਾ ਵਿਚ ਮੁੱਖ ਮਹਿਮਾਨ ਅਮਰਜੀਤ ਚਾਹਲ ਅਤੇ ਗੁਰਮੀਤ ਪਨਾਗ ਨੇ ਹਿੱਸਾ ਲਿਆ। ਡਾ. ਜਸਵਿੰਦਰ ਸਿੰਘ, ਅਮਰਜੀਤ ਚਾਹਲ, ਗੁਰਮੀਤ ਪਨਾਗ, ਹਰਨੇਕ ਸਿੰਘ ਨੇਕ ਅਤੇ ਤ੍ਰਿਪਤ ਭੱਟੀ ਦਾ ਉਨ੍ਹਾਂ ਦੀਆਂ ਸਾਹਿਤਕ ਪ੍ਰਾਪਤੀਆਂ ਲਈ ਸਨਮਾਨ ਕੀਤਾ ਗਿਆ।

ਲੰਚ ਦੌਰਾਨ ਪ੍ਰੋ. ਹਰਭਜਨ ਸਿੰਘ ਨੇ ਪੁਸਤਕ ਸੇਲ ਲਗਾਈ। ਹਾਜ਼ਰ ਸਾਹਿਤ ਪ੍ਰੇਮੀਆਂ ਤੇ ਲੇਖਕਾਂ ਨੇ 'ਦਿਸਹਦਿਆਂ ਦੇ ਆਰ-ਪਾਰ', 'ਮਾਤ ਲੋਕ', 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ', 'ਪਰਵਾਸ ਤੋਂ ਆਵਾਸ ਵੱਲ' ਆਦਿ ਪੁਸਤਕਾਂ ਵੱਡੀ ਗਿਣਤੀ ਵਿਚ ਖਰੀਦੀਆਂ।

ਕਾਨਫਰੰਸ ਦੀ ਆਖਰੀ ਕੜੀ ਮੌਕੇ ਸੁਖਵਿੰਦਰ ਸ਼ਾਹ ਨੇ ਆਪਣੀ ਸੁਰੀਲੀ ਤੇ ਦਮਦਾਰ ਆਵਾਜ਼ ਵਿਚ ਵਿਚ ਸੁਲਤਾਨ ਬਾਹੂ ਦੇ ਦੋ ਕਲਾਮ ਅਤੇ ਦੋ ਪੰਜਾਬੀ ਲੋਕ ਗੀਤ ਪੇਸ਼ ਕਰਕੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ। ਕਵੀ ਦਰਬਾਰ ਦੌਰਾਨ ਸੁਰਿੰਦਰ ਸੀਰਤ, ਮੱਖਣ ਲੁਹਾਰ, ਤਾਰਾ ਸਿੰਘ ਸਾਗਰ, ਸੁਖਵਿੰਦਰ ਕੰਬੋਜ, ਹਰਪ੍ਰੀਤ ਕੌਰ, ਰਾਠੀ ਸੂਰਾਪੁਰੀ, ਕਮਲ ਦੇਵ ਪਾਲ, ਮਨਦੀਪ ਗੋਰਾ, ਗੁਲਸ਼ਨ ਦਿਆਲ, ਜਯੋਤੀ ਸਿੰਘ, ਚਰਨਜੀਤ ਸਾਹੀ, ਦਲਵਿੰਦਰ ਨੰਨੂ, ਕਮਲ ਬੰਗਾ, ਜਗਤਾਰ ਸਿੰਘ ਪ੍ਰੀਤ ਆਦਿ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਸੁਣਾਈਆਂ, ਜਿਹਨਾਂ ਦੀ ਸਰੋਤਿਆਂ ਨੇ ਭਰਪੂਰ ਦਾਦ ਦਿੱਤੀ।

ਇਸ ਯਾਦਗਾਰੀ ਕਾਨਫਰੰਸ ਦੇ ਮੰਚ ਸੰਚਾਲਨ ਦੀ ਜ਼ਿੰਮੇਂਵਾਰੀ ਪ੍ਰੋ. ਹਰਭਜਨ ਸਿੰਘ ਅਤੇ ਮਨਦੀਪ ਗੋਰਾ ਨੇ ਸਨੇਹ ਭਰੇ ਅੰਦਾਜ਼ ਵਿਚ ਨਿਭਾਈ। ਪੁਸਤਕ ਰੀਲੀਜ਼ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਡਾ. ਜਸਵਿੰਦਰ ਸਿੰਘ, ਅਮਰਜੀਤ ਚਾਹਲ, ਗੁਰਮੀਤ ਪਨਾਗ ਅਤੇ ਹਰਜਿੰਦਰ ਪੰਧੇਰ ਸ਼ਸ਼ੋਭਿਤ ਸਨ।

ਕਵੀ ਦਰਬਾਰ ਦੇ ਪ੍ਰਧਾਨਗੀ ਮੰਡਲ ਵਿਚ ਸੁਰਿੰਦਰ ਸੀਰਤ, ਮੱਖਣ ਲੁਹਾਰ, ਤਾਰਾ ਸਿੰਘ ਸਾਗਰ ਅਤੇ ਰਾਠੀ ਸੂਰਾਪੁਰੀ ਸ਼ਾਮਲ ਹੋਏ। ਸਮੁੱਚੇ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਹਾਜ਼ਰ ਸਰੋਤਿਆਂ ਨੇ ਭਾਸ਼ਣਾਂ, ਪੇਪਰਾਂ, ਗੀਤਾਂ ਅਤੇ ਸ਼ਾਇਰੀ ਦਾ ਸੰਜੀਦਗੀ ਨਾਲ ਆਨੰਦ ਮਾਣਿਆ।

**ਰਿਪੋਰਟ: ਹਰਜਿੰਦਰ ਪੰਧੇਰ (209-610-5055)**

# ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮਾਸਿਕ ਇਕੱਤਰਤਾ

**ਸੈਕਰਾਮੈਂਟੋ (ਬਿਊਰੋ)–** ਪੰਜਾਬੀ ਸਾਹਿਤ ਸਭਾ ਕੈਲੇ-ਫੋਰਨੀਆ ਦੀ ਮਾਸਿਕ ਇਕੱਤਰਤਾ ਅਤੇ ਕਵੀ ਦਰਬਾਰ ਅਗਸਤ 6, ਸ਼ਨਿਚਰਵਾਰ ਨੂੰ ਬਾਅਦ ਦੁਪਹਿਰ ਕਬਾਬ ਕਾਰਨਰ, ਵੈਸਟ ਸੈਕਰਾਮੈਂਟੋ ਵਿਖੇ ਹੋਈ। ਸਭਾ ਦੀ ਸਕੱਤਰ ਜੋਤੀ ਸਿੰਘ ਨੇ ਪ੍ਰੋਗਰਾਮ ਨੂੰ ਆਰੰਭ ਕਰਦਿਆਂ ਪ੍ਰਧਾਨਗੀ ਮੰਡਲ ਲਈ ਸਭਾ ਦੇ ਪ੍ਰਧਾਨ ਦਿਲਵੀਰ ਦਿਲ ਨਿੱਜਰ, ਸਭਾ ਦੇ ਡਾਇਰੈਕਟਰ ਜਸਵੰਤ ਜੱਸੀ ਸ਼ੀਮਾਰ ਅਤੇ ਸਭਾ ਦੇ ਖਜਾਨਚੀ ਜੀਵਨ ਰੱਤੂ ਨੂੰ ਸੱਦਾ ਦਿੱਤਾ।

ਸਭਾ ਦੇ ਪ੍ਰੋਗਰਾਮ ਨੂੰ ਅੱਗੇ ਤੋਰਦੇ ਹੋਏ ਜੋਤੀ ਸਿੰਘ ਨੇ ਜੋਗਿੰਦਰ ਕੌਰ ਸੌਖੀ ਜੀ ਨੂੰ ਸਟੇਜ ਤੇ ਸੱਦਾ ਦਿੱਤਾ, ਜਿਸ ਨੇ ਆਪਣੇ ਵਿਚਾਰ ਬੜੇ ਸੁੰਦਰ ਸ਼ਬਦਾਂ ਰਾਹੀਂ ਸਾਂਝੇ ਕੀਤੇ। ਉਪਰੰਤ ਤਤਿੰਦਰ ਕੌਰ ਅਤੇ ਮਹਿੰਦਰ ਸਿੰਘ ਘੱਗ ਨੇ ਆਪਣੀਆਂ ਕਹਾਣੀਆਂ ਪੇਸ਼ ਕੀਤੀਆਂ।



ਕਵੀ ਦਰਬਾਰ ਦੇ ਸੈਸ਼ਲ ਵਿਚ ਹਾਜ਼ਰ ਕਵੀਆਂ ਨੇ ਆਪੋ-ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ। ਜਿਹਨਾਂ ਵਿਚ ਜੀਵਨ ਰੱਤੂ, ਪਰਮਿੰਦਰ ਰਾਏ ਖਾਨਖਾਨਾ, ਦਿਲਵੀਰ ਦਿਲ ਨਿੱਜਰ, ਇੰਦਰਜੀਤ ਗਰੇਵਾਲ ਥਰੀਕੇ, ਜਸਵੰਤ ਜੱਸੀ ਸ਼ੀਮਾਰ, ਅਜਮੇਰ ਗੋਗੀ ਸੰਧੂ, ਸੁਰਿੰਦਰ ਸੂਰਾਪੁਰੀ, ਰਾਠਸ਼ਵਰ ਸਿੰਘ ਸੂਰਾਪੁਰੀ, ਜੋਤੀ ਸਿੰਘ, ਮੇਜਰ ਭੁਪਿੰਦਰ ਦਲੇਰ, ਹਰਭਜਨ ਢਿੱਲੋਂ, ਮਹਿੰਦਰ ਸਿੰਘ ਘੱਗ, ਹਰਬੰਸ ਸਿੰਘ ਜਗਿਆਸੂ ਢਿੱਲੋਂ, ਸੁਖਦੇਵ ਸਿੰਘ ਢਿੱਲੋਂ, ਕਮਲ ਬੰਗਾ, ਰਮੇਸ਼ ਬੰਗੜ, ਅਜੀਤ ਰਾਮ ਬੰਗੜ ਅਤੇ ਸੰਤੋਖ ਸਿੰਘ ਸਨ।

ਕਵੀ ਦਰਬਾਰ ਤੋਂ ਉਪਰੰਤ ਸਭਾ ਵੱਲੋਂ ਖਜਾਨਚੀ ਜੀਵਨ ਰੱਤੂ ਜੀ ਨੂੰ ਉਹਨਾਂ ਦੀ ਸਭਾ ਪ੍ਰਤੀ ਨਿਭਾਈਆਂ ਸੇਵਾਵਾਂ ਦੇ ਬਦਲੇ ਵਿਚ, ਸਨਮਾਨ ਪੱਤਰ ਨਾਲ ਸਨਮਾਨਿਆ ਗਿਆ ਅਤੇ ਹਾਜ਼ਰ ਸਾਹਿਤਕਾਰਾਂ ਨੇ ਯਾਦਗਾਰੀ ਫੋਟੋ ਖਿਚਵਾਈ।

ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਨਾਲ ਲੰਮੇ ਸਮੇਂ ਤੋਂ ਜੁੜੇ ਨੌਜਵਾਨ ਕਵੀ, ਗਾਇਕ ਅਤੇ ਮਿੱਠ ਬੋਲੜੇ ਅਤੇ ਨਿੱਘੇ ਸੁਭਾਅ ਵਾਲੇ ਜੀਵਨ ਰੱਤੂ ਜੋ ਮੌਜੂਦਾ ਸਮੇਂ ਪਸਸਕ ਦੇ ਖਜਾਨਚੀ ਵੀ ਹਨ, ਦੇ ਕਾਰੋਬਾਰ ਦੇ ਸਿਲਸਿਲੇ ਵਿਚ ਵਰਜੀਨੀਆ ਸਟੇਟ ਵਿਚ ਚਲੇ ਜਾਣ ਤੇ ਸਭਾ ਵੱਲੋਂ ਅਤੇ ਜੀਵਨ ਰੱਤੂ ਜੀ ਦੇ ਪਰਿਵਾਰਕ ਅਤੇ ਮਿੱਤਰ-ਪਿਆਰਿਆਂ ਵੱਲੋਂ ਇਕ ਵਿਦਾਇਗੀ ਪਾਰਟੀ ਦਿੱਤੀ ਗਈ ਅਤੇ ਸ਼ਾਮ ਦੀ ਇਕ ਬਹੁਤ ਹੀ ਰੰਗੀਨ ਮਹਿਫਲ ਸਜਾਈ ਗਈ। ਮਹਿਫਲ ਵਿਚ ਸਾਰੇ ਹੀ ਹਾਜ਼ਰ ਕਵੀਆਂ, ਗਾਇਕਾਂ ਅਤੇ ਮਹਿਮਾਨਾਂ ਨੇ ਵੀ ਆਪੋ-ਆਪਣੇ ਵਿਚਾਰ, ਜੀਵਨ ਰੱਤੂ ਨਾਲ ਗੁਜ਼ਾਰੇ ਸਾਂਝੇ ਪਲਾਂ ਅਤੇ ਗੀਤਾਂ ਨਾਲ ਵੀ ਸਾਂਝ ਪਾਈ।

ਮਹਿਫਲ ਵਿਚ ਗਾ ਕੇ ਚਾਰ ਚੰਨ ਲਾਉਣ ਵਾਲਿਆਂ ਵਿਚ ਗੋਗੀ ਸੰਧੂ, ਜੀਵਨ ਰੱਤੂ, ਦਿਲ ਨਿੱਜਰ, ਜੱਸੀ ਸ਼ੀਮਾਰ, ਇੰਦਰਜੀਤ ਗਰੇਵਾਲ, ਗੁਰਿੰਦਰ ਸੂਰਾਪੁਰੀ, ਰਾਠੀ ਸੂਰਾਪੁਰੀ, ਪ੍ਰਮਿੰਦਰ ਰਾਏ ਖਾਨਖਾਨਾ, ਮਹਿੰਦਰ ਸਿੰਘ ਘੱਗ, ਜੋਤੀ ਸਿੰਘ, ਹਰਬੰਸ ਸਿੰਘ ਜਗਿਆਸੂ ਢਿੱਲੋਂ, ਹਰਭਜਨ ਢਿੱਲੋਂ ਅਤੇ ਮੇਜਰ ਭੁਪਿੰਦਰ ਦਲੇਰ ਪ੍ਰਮੁੱਖ ਸਨ। ਨੈਸ਼ਨਲ ਟਰੱਕ ਸਕੂਲ ਅਤੇ ਟਰੱਕਿੰਗ ਤੋਂ ਅਤੇ ਰੋਇਲ ਪੰਜਾਬੀ ਕਲੱਬ ਸੈਕਰਾਮੈਂਟੋ ਵੱਲੋਂ ਸਰਪੰਚ ਬਲਿਹਾਰ ਸਿੰਘ ਰਾਣੂ ਜੀ, ਜੌਹਨ ਬੰਗਾ ਜੀ ਅਤੇ ਮੋਹਨ ਪੁਰੇਵਾਲ ਜੀ ਨੇ ਰੱਤੂ ਜੀ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ। ਜੀਵਨ ਰੱਤੂ ਦੇ ਸਹੁਰਾ-ਪਿਤਾ ਜੀ ਅਤੇ ਸੱਸ-ਮਾਤਾ ਜੀ ਤੋਂ ਇਲਾਵਾ ਰੱਤੂ ਜੀ ਦੇ ਜੀਵਨ ਸਾਥਣ ਊਸ਼ਾ ਰਾਣੀ ਰੱਤੂ, ਬੇਟਾ ਏਕਮ ਰੱਤੂ, ਬੇਟੀ ਖੁਸ਼ੀ ਰੱਤੂ ਅਤੇ ਮਿੱਤਰ ਹਰੀਸ਼ ਕੁਮਾਰ ਜੀ ਪਰਿਵਾਰ ਸਮੇਤ ਦਿਆ ਜੀਰਾ, ਕਵੀ ਕੁਮਾਰ, ਪ੍ਰਵੀਨ ਕੋਟਾਨੀਆ, ਗੁਰਚਰਨ ਸਿੰਘ ਰੰਧ-ਾਵਾ ਹਾਜ਼ਰ ਹੋਏ। ਸੈਕਰਾਮੈਂਟੋ ਦੇ ਚਰਚਿਤ ਵੀਡੀਓ ਡਾਇਰੈਕਟਰ ਸੈਮ ਸਮਰਾ ਜੀ ਵੀ ਆਪਣੀ ਧਰਮ ਪਤਨੀ ਨਾਲ ਹਾਜ਼ਰ ਹੋਏ। ਖਾਣ-ਪੀਣ ਅਤੇ ਡਿਨਰ ਤੋਂ ਬਾਅਦ ਖੁਸ਼ੀ-ਖੁਸ਼ੀ ਮਹਿਫਲ ਦੀ ਸਮਾਪਤੀ ਕੀਤੀ ਗਈ। ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ ਹਰਦਿਲ ਅਜੀਜ਼ ਜੀਵਨ ਰੱਤੂ ਜੀ ਦੇ ਸੁਨਹਿਰੀ ਭਵਿੱਖ ਲਈ ਸ਼ੁਭ ਕਾਮਨਾਵਾਂ ਅਤੇ ਢੇਰ ਸਾਰੀਆਂ ਅਸੀਸਾਂ ਦਿੱਤੀਆਂ ਜਾਂਦੀਆਂ ਹਨ।

# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ



**ਫਰੀਮਾਂਟ–** ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੇ ਕਾਵਿ-ਪ੍ਰਵਾਹ ਨੂੰ ਗੁਰਦੁਆਰਿਆਂ ਵਿਚ ਪ੍ਰਚੱਲਿਤ ਕਰਨ ਦੇ ਆਸ਼ੇ ਨਾਲ ਵੱਖ ਵੱਖ ਗੁਰੂ ਘਰਾਂ ਵਿਚ ਸਜਦੇ ਦੀਵਾਨਾਂ ਦੀ ਲੜੀ ਤਹਿਤ 'ਮੋਰਚਾ ਗੁਰੂ ਕਾ ਬਾਗ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਫਰੀਮਾਂਟ ਗੁਰੂ ਘਰ ਵਿਖੇ ਬੀਤੇ ਦਿਨੀਂ ਸ਼ਰਧਾ ਭਾਵਨਾ ਨਾਲ ਸੰਪੰਨ ਹੋਇਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਕਿਹਾ ਕਿ ਇਸ ਮੋਰਚੇ ਦੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸੂਰਬੀਰਾਂ ਨੇ ਅੰਗਰੇਜੀ ਹਕੂਮਤ ਦੇ ਅਣਮਨੁੱਖੀ ਤਸ਼ੱਦਦ ਨੂੰ ਸਹਿਣਸ਼ੀਲਤਾ, ਹੱਠ ਅਤੇ ਤਿਆਗ ਦਾ ਸਬੂਤ ਦਿੰਦਿਆਂ ਆਪਣੇ ਤਨ ਤੇ ਸਹਿਣ ਕੀਤਾ। ਇਸ ਮੋਰਚੇ ਦੀ ਜਿੱਤ ਨੇ ਆਜ਼ਾਦੀ ਅੰਦੋਲਨ ਦਾ ਰਾਹ ਪੱਧਰਾ ਕੀਤਾ। ਇਸ ਧਾਰਮਿਕ ਪ੍ਰੋਗਰਾਮ ਦਰਮਿਆਨ ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮਾਂਟ, ਗੁਰਦਿਆਲ ਸਿੰਘ ਨੂਰਪੁਰੀ, ਮਹਿੰਦਰ ਸਿੰਘ ਰਾਜਪੂਤ, ਪ੍ਰਮਿੰਦਰ ਪ੍ਰਵਾਨਾ ਆਦਿ ਨੇ ਕਵਿਤਾਵਾ ਪੜ੍ਹੀਆਂ। ਪ੍ਰੋਗਰਾਮ ਵਿਚ ਭਾਈ ਜਸਦੇਵ ਸਿੰਘ, ਹਰਿੰਦਰ ਸਿੰਘ, ਕਸ਼ਮੀਰ ਸਿੰਘ ਸ਼ਾਹੀ, ਬਲਜੀਤ ਸਿੰਘ, ਕਮਲਜੀਤ ਸਿੰਘ ਅਟਵਾਲ, ਗੁਰਬਚਨ ਸਿੰਘ ਢਿੱਲੋਂ, ਦੇਵਿੰਦਰ ਸਿੰਘ, ਸੁਖਵੰਤ ਸਿੰਘ ਢਿੱਲੋਂ, ਜਗਤਾਰ ਸਿੰਘ ਆਦਿ ਨੇ ਸ਼ਮੂਲੀਅਤ ਕੀਤੀ। **(ਪ੍ਰਮਿੰਦਰ ਸਿੰਘ ਪ੍ਰਵਾਨਾ)**




# ਸਿਆਸੀ ਦਬਾਅ ਤੋਂ ਮੁਕਤ ਅਫਸਰ- ਡੀ. ਐਸ. ਪੀ. ਸਰਬਜੀਤ ਬਾਹੀਆ

ਸਬ ਡਿਵੀਜ਼ਨ ਪੁਲਿਸ ਬੰਗਾ ਨੂੰ ਕਿਤੇ ਵਰ੍ਹਿਆਂ ਬਾਅਦ ਕੋਈ ਮਿੱਠ ਬੋਲੜੇ ਸੁਭਾਅ ਦਾ ਇਮਾਨਦਾਰ ਪੁਲਿਸ ਅਫਸਰ ਮਿਲਿਆ ਹੈ। ਉਸ ਅਫਸਰ ਦਾ ਨਾਂ ਹੈ ਡੀ. ਐਸ. ਪੀ. ਸਰਬਜੀਤ ਸਿੰਘ ਬਾਹੀਆ, ਪੀ. ਪੀ. ਐਸ.। ਜਲੰਧਰ ਜ਼ਿਲ੍ਹੇ ਨਾਲ ਇਸ ਅਫਸਰ



ਨੂੰ ਬੰਗਾ ਡੀ. ਐਸ. ਪੀ. ਲੱਗਿਆਂ ਪੂਰੇ ਦੋ ਸਾਲ ਹੋ ਗਏ ਹਨ। ਉਹ ਹਰ ਦੁਖੀ ਲਈ ਅੱਧੀ ਰਾਤ ਨੂੰ ਵੀ ਹਾਜ਼ਰ ਹੈ। ਹਰ ਪੁਲਿਸ ਮੁਲਾਜ਼ਮ ਨੂੰ ਉਹ ਆਪਣੇ ਛੋਟੇ-ਭਰਾਵਾਂ ਵਾਂਗ ਸਮਝਦਾ ਹੈ। ਬਾਹੀਆ ਦਬਕੇ ਤੋਂ ਕੰਮ ਨਹੀਂ ਲੈਂਦਾ, ਦਲੀਲਾਂ ਤੋਂ ਕੰਮ ਲੈਂਦਾ ਹੈ। ਪਿੰਡ-ਪਿੰਡ ਉਹ ਨਸ਼ਿਆਂ ਦੇ ਕੈਂਪ ਲਾਉਂਦਾ ਹੈ ਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਦਾ ਹੈ। ਉਹ ਹਰ ਮਿਲਣ ਆਏ ਨਾਲ ਆਪਣੀ ਦੂਰੀ ਖਤਮ ਕਰ ਦਿੰਦਾ ਹੈ। ਜਿਹਨੂੰ ਮਿਲਦਾ ਹੈ ਉਹ ਘੰਟਿਆਂ ਬੱਧੀ ਦਿਲੋਂ ਮਿਲਦਾ ਹੈ। ਆਪਣੀ ਦੋ ਸਾਲਾਂ ਦੀ ਬੰਗਾ ਆਮਦ ਦੌਰਾਨ ਬਾਹੀਆ ਸਾਹਿਬ ਨੇ ਆਪਣੀ ਸੂਝ-ਬੂਝ ਨਾਲ ਕਈ ਇਸ ਤਰ੍ਹਾਂ ਦੇ ਪੇਚੀਦਾ ਮਸਲੇ ਦੋਵਾਂ ਧਿਰਾਂ ਨੂੰ ਸ਼ਾਂਤ ਕਰਕੇ ਹੱਲ ਕੀਤੇ ਹਨ, ਜਿਹਨਾਂ ਨਾਲ ਵੱਡੀ ਪੱਧਰ ਤੇ ਸਮਾਜ ਵਿਚ ਅਸ਼ਾਂਤੀ ਫੈਲ ਸਕਦੀ ਸੀ। ਬੰਗਾ ਸਬ ਡਵੀਜ਼ਨ ਦੀ ਹੱਦ ਅੰਦਰ ਪੈਂਦੇ ਥਾਣੇ ਮੁਕੰਦਪੁਰ, ਬੰਗਾ, ਬਹਿਰਾਮ ਤੇ ਬੰਗਾ ਸਿਟੀ ਦੇ ਪੁਲਿਸ ਮੁਲਾਜ਼ਮ ਸਭ ਸਰਬਜੀਤ ਬਾਹੀਆ ਨੂੰ ਆਪਣਾ ਰੋਲ ਮਾਡਲ ਮੰਨਦੇ ਹਨ। ਕਿਸੇ ਖਾਸ ਪਾਰਟੀ ਦਾ ਉਹਦੇ ਤੇ ਕੋਈ ਪ੍ਰਭਾਵ ਨਹੀਂ। ਮਤਲਬ ਸਰਬਜੀਤ ਬਾਹੀਆ ਸਿਆਸੀ ਦਬਾਅ ਤੋਂ ਮੁਕਤ ਅਫਸਰ ਹੈ। ਕਾਸ਼! ਜੇ ਪੁਲਿਸ ਮਹਿਕਮੇ ਵਿਚ ਇਦਾਂ ਦੇ ਹੀ ਸਾਰੇ ਇਮਾਨਦਾਰ ਹੋਣ ਤੇ ਫਿਰ ਸਾਨੂੰ ਦੂਸਰੇ ਮੁਲਕਾਂ ਦੀਆਂ ਕਹਾਣੀਆਂ ਨਾ ਸੁਣਾਉਣੀਆਂ ਪੈਣ, ਤੇ ਪੰਜਾਬ ਦੀਆਂ ਉਦਾਹਰਣਾਂ ਹੀ ਸਾਡਾ ਮੁਲਕ ਤੇ ਬਾਹਰਲੇ ਮੁਲਕ ਦੇਣ।

**- ਪੰਮੀ ਲਾਲੋ ਮਜਾਰਾ (91-95011-43755)**

# ਟਰੰਪ ਨੇ ਪਰਵਾਸੀਆਂ ਦੇ 'ਵਿਚਾਰਧਾਰਕ ਟੈਸਟ' ਦਾ ਪ੍ਰਸਤਾਵ ਰੱਖਿਆ

ਵਾਂਗ 'ਵਿਚਾਰਧਾਰਕ ਸਕਰੀਨਿੰਗ ਟੈਸਟ' ਕੀਤੇ ਜਾਣ ਦੀ ਅਪੀਲ ਕੀਤੀ ਹੈ। ਸ੍ਰੀ ਟਰੰਪ ਨੇ ਨਾਟੋ ਅਤੇ ਮੱਧ ਪੂਰਬੀ ਸਹਿਯੋਗੀਆਂ ਨਾਲ ਮਿਲ ਕੇ ਆਲਮੀ ਅਤਿਵਾਦ ਨੂੰ ਮਾਤ ਦੇਣ ਸਬੰਧੀ ਖਾਕਾ ਜਾਰੀ ਕਰਦਿਆਂ ਦੱਸਦਿਆਂ ਕਿ ਰਾਸ਼ਟਰ ਨਿਰਮਾਣ ਦਾ ਯੁੱਗ ਸਮਾਪਤ ਹੋਣਾ ਚਾਹੀਦਾ ਹੈ।

70 ਸਾਲਾ ਰੀਅਲ ਅਸਟੇਟ ਕਾਰੋਬਾਰੀ ਨੇ ਕਿਹਾ ਕਿ ਉਨ੍ਹਾਂ ਦਾ ਪ੍ਰਸ਼ਾਸਨ ਆਈਐਸਆਈਐਸ ਨੂੰ ਤਬਾਹ ਕਰਨ ਲਈ ਹਮਲਾਵਰ ਢੰਗ ਨਾਲ ਸਾਂਝੀਆਂ ਅਤੇ ਜਥੇਬੰਧਕ ਫ਼ੌਜੀ ਮੁਹਿੰਮਾਂ ਚਲਾਏਗਾ। ਉਨ੍ਹਾਂ ਕਿਹਾ, 'ਜੇਕਰ ਮੈਂ ਰਾਸ਼ਟਪਤੀ ਬਣਦਾ ਹਾਂ ਤਾਂ ਮੈਂ ਰਾਸ਼ਟਰ ਨਿਰਮਾਣ ਦੇ ਯੁੱਗ ਨੂੰ ਬੇਹੱਦ ਤੇਜ਼ੀ ਨਾਲ ਨਿਰਣਾਇਕ ਅੰਤ ਵੱਲ ਲੈ ਕੇ ਜਾਵਾਂਗਾ। ਸਾਡਾ ਨਵਾਂ ਦ੍ਰਿਸ਼ਟੀਕੋਣ ਨਿਸ਼ਚਤ ਤੌਰ 'ਤੇ ਕੱਟੜਪੰਥੀ ਇਸਲਾਮ ਨੂੰ ਰੋਕਣ ਵਾਲਾ ਹੋਣਾ ਚਾਹੀਦਾ, ਜਿਸ ਵਿੱਚ ਅਮਰੀਕਾ ਦੀਆਂ ਦੋਵੇਂ ਪਾਰਟੀਆਂ, ਸਾਡੇ ਵਿਦੇਸ਼ੀ ਸਹਿਯੋਗੀਆਂ ਅਤੇ ਪੱਛਮੀ ਏਸ਼ੀਆ ਵਿੱਚ ਸਾਡੇ ਸਹਿਯੋਗੀਆਂ ਦੀ ਹਿੱਸੇਦਾਰੀ ਹੋਣੀ ਚਾਹੀਦੀ ਹੈ। ਜਿਹੜਾ ਵੀ ਮੁਲਕ ਇਸ ਟੀਚੇ 'ਚ ਹਿੱਸੇਦਾਰ ਹੈ, ਉਹ ਸਾਡਾ ਸਹਿਯੋਗੀ ਹੋਵੇਗਾ। ਕੁੱਝ ਇਸ ਟੀਚੇ 'ਚ ਸ਼ਾਮਲ ਨਹੀਂ ਹਨ। ਅਸੀਂ ਹਮੇਸ਼ਾ ਆਪਣੇ ਦੋਸਤ ਨਹੀਂ ਚੁਣ ਸਕਦੇ ਪਰ ਅਸੀਂ ਆਪਣੇ ਵੈਰੀਆਂ ਨੂੰ ਪਛਾਣਨ ਵਿੱਚ ਹਮੇਸ਼ਾ ਨਾਕਾਮ ਨਹੀਂ ਹੋ ਸਕਦੇ।'

ਟਰੰਪ ਨੇ ਅਮਰੀਕਾ ਵਿੱਚ ਕੱਟੜਪੰਥੀ ਵਿਚਾਰਧਾਰਾ ਵਾਲੇ ਲੋਕਾਂ ਦਾ ਦਾਖ਼ਲਾ ਰੋਕਣ ਲਈ ਨਵੇਂ ਪਰਵਾਸੀਆਂ ਲਈ 'ਗੰਭੀਰ ਜਾਂਚ ਪ੍ਰਕਿਰਿਆ' ਅਪਣਾਏ ਜਾਣ ਦਾ ਪ੍ਰਸਤਾਵ ਰੱਖਿਆ ਹੈ। ਟਰੰਪ ਨੇ ਕੱਲ੍ਹ ਕਿਹਾ, 'ਸਾਨੂੰ ਉਨ੍ਹਾਂ ਲੋਕਾਂ ਨੂੰ ਦੇਸ਼ ਵਿੱਚ ਦਾਖ਼ਲੇ ਦੀ ਆਗਿਆ ਦੇਣੀ ਚਾਹੀਦੀ ਹੈ, ਜੋ ਸਾਡੀਆਂ ਕਦਰਾਂ ਕੀਮਤਾਂ 'ਚ ਵਿਸ਼ਵਾਸ ਰੱਖਦੇ ਹਨ ਅਤੇ ਸਾਡੇ ਲੋਕਾਂ ਦਾ ਸਨਮਾਨ ਕਰਦੇ ਹਨ। ਠੰਡੀ ਜੰਗ ਦੇ ਦੌਰ ਸਮੇਂ ਸਾਡੇ ਕੋਲ ਵਿਚਾਰਧਾਰਕ ਟੈਸਟ ਦੀ ਵਿਵਸਥਾ ਸੀ। ਅੱਜ ਅਸੀਂ ਜਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਾਂ। ਉਨ੍ਹਾਂ ਲਈ ਇਕ ਨਵੀਂ ਟੈਸਟ ਪ੍ਰਕਿਰਿਆ ਵਿਕਸਤ ਕਰਨ ਦਾ ਸਮਾਂ ਆ ਗਿਆ ਹੈ। ਮੈਂ ਇਸ ਨੂੰ ਗੰਭੀਰ ਜਾਂਚ ਕਹਿੰਦਾ ਹਾਂ। ਅਤਿਵਾਦੀਆਂ ਨਾਲ ਹਮਦਰਦੀ ਰੱਖਣ ਵਾਲਿਆਂ ਨੂੰ ਵੱਖ ਕੀਤੇ ਜਾਣ ਤੋਂ ਇਲਾਵਾ ਸਾਨੂੰ ਆਪਣੇ ਦੇਸ਼ ਜਾਂ ਉਸ ਦੇ ਸਿਧਾਂਤਾਂ ਖ਼ਿਲਾਫ਼ ਵੈਰਭਾਵ ਵਾਲਾ ਨਜ਼ਰੀਆ ਰੱਖਣ ਵਾਲੇ ਲੋਕਾਂ ਨੂੰ ਛਾਂਟਣ ਦੀ ਲੋੜ ਹੈ, ਜਿਨ੍ਹਾਂ ਦਾ ਮੰਨਣਾ ਹੈ ਕਿ ਅਮਰੀਕੀ ਕਾਨੂੰਨ ਦੀ ਥਾਂ ਸ਼ਰੀਆ ਕਾਨੂੰਨ ਲਾਗੂ ਹੋਣਾ ਚਾਹੀਦਾ ਹੈ।'

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.org

# ਫਰਿਜ਼ਨੋ ਸ਼ਹਿਰ ਵਿਖੇ 20 ਵਾਂ ਤੀਆਂ ਦਾ ਤਿਉਹਾਰ ਬੜੀ ਸ਼ਾਨੋ-ਸ਼ੌਕਤ ਨਾਲ ਯਾਦਗਾਰੀ ਹੋ ਨਿਬੜਿਆ



**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸਾਡੇ ਤਿਉਹਾਰ ਮਨੁੱਖੀ ਜ਼ਿੰਦਗੀ ਸੁਖਮ ਹੋਣ ਕਰਕੇ ਬਾਹਰੀ ਮਹੌਲ ਤੋਂ ਸਟੇਜ਼ 'ਤੇ ਸਿਰਫ ਨੁਮਾਇਸਨੁਮਾ ਹੀ ਰਹਿ ਗਏ ਹਨ। ਪਰ ਇਹ ਗੱਲ ਬੜੇ ਫਖਰ ਦੀ ਹੈ ਕਿ ਫਰਿਜ਼ਨੋ ਵਿਖੇ 20 ਵਾਂ ਤੀਆਂ ਦਾ ਤਿਉਹਾਰ ਉਸੇ ਤਰ੍ਹਾਂ ਖੁਲੀਆਂ ਗਰਾਉਂਡਾ ਵਿੱਚ ਪਰੰਪਰਾਗਤ ਤਰੀਕੇ ਨਾਲ ਮਨਾਇਆ ਗਿਆ। ਜਿੱਥੇ ਵੱਖ-ਵੱਖ ਸ਼ਹਿਰਾਂ ਤੋਂ ਬੀਬੀਆਂ ਭੈਣਾਂ ਰਲ ਆਪਣੇ ਵੱਖ-ਵੱਖ ਗਰੁੱਪਾ ਵਿੱਚ ਗੀਤ ਗਾ ਗਿੱਧੇ ਦੇ ਮੁਕਾਬਲੇ ਦਾ ਭਰਪੂਰ ਮਨੋਰੰਜ਼ਨ ਕਰਦੀਆਂ ਹੋਈਆ ਆਪਣੀਆਂ ਸਹੇਲੀਆਂ ਨੂੰ ਵੀ ਮਿਲੀਆਂ। ਇਨ੍ਹਾਂ ਤੀਆਂ ਦੌਰਾਨ ਸਮਾਪਤੀ 'ਤੇ ਪਾਈ ਗਈ ਬੱਲੋ ਵੀ ਇਤਿਹਾਸਕਤਾ ਦਾ ਰੂਪ ਪੇਸ਼ ਕਰ ਰਹੀ ਸੀ। ਇਸੇ ਤਰ੍ਹਾਂ ਤੀਆਂ ਦੇਖਣ ਅਤੇ ਹਿੱਸਾ ਲੈਣ ਆਈਆਂ ਮੁਟਿਆਰਾ ਦੀਆਂ ਰੰਗ-ਬਰੰਗੀਆਂ ਪੁਸ਼ਾਕਾ, ਲਹਿੰਗੇ ਅਤੇ ਘੱਘਰੇ ਪੰਜਾਬੀਅਤ ਦੇ ਮਹੌਲ ਨੂੰ ਹੋਰ ਵੀ ਰੰਗੀਨ ਬਣਾ ਰਹੇ ਸਨ।

ਤੀਆਂ ਦੌਰਾਨ ਰੋਜਾਨਾ ਪ੍ਰਬੰਧਕਾ ਵੱਲੋਂ ਸਮਾਪਤੀ 'ਤੇ ਖੁੱਲੇ ਗਿੱਧੇ ਅਤੇ ਬੋਲੀਆਂ ਤੋਂ ਇਲਾਵਾ ਡੀ.ਜੇ. ਦਾ ਵੀ ਪ੍ਰਬੰਧ ਵੀ ਕੀਤਾ ਗਿਆ ਸੀ। ਇਸ ਸਮੇਂ ਵੰਨ ਸੰਵੰਨੇ ਖਾਣਿਆ ਦੇ ਸਟਾਲ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਜਿੰਨ੍ਹਾਂ ਵਿੱਚ ਮਰਦਾ ਨੂੰ ਆਉਣ ਦੀ ਹਮੇਸਾ ਹੀ ਮਨਾਹੀ ਹੁੰਦੀ ਹੈ। ਇੱਥੇ ਲੱਗੀਆਂ ਤੀਆਂ ਦਾ ਮਹੌਲ ਪੰਜਾਬ ਦੇ ਕਿਸੇ ਇਤਿਹਾਸਕ ਮੇਲੇ ਦੀ ਯਾਦ ਕਰਵਾ ਰਿਹਾ ਸੀ। ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਰਾਜਪਾਲ ਕੌਰ ਬਰਾੜ, ਰਾਣੀ ਗਿੱਲ, ਗੁੱਡੀ ਸਿੱਧੂ ਅਤੇ ਸੁਖਮਿੰਦਰ ਕੌਰ ਮਾਨ ਅਤੇ ਸਮੂੰਹ ਸਹਿਯੋਗੀਆਂ ਨੂੰ ਜਾਦਾ ਹੈ।



ਊਨਾ ਵਿਖੇ ਦਲਿਤਾਂ ਦੇ ਸ਼ੋਸ਼ਣ ਵਿਰੁੱਧ ਕਰਵਾਈ ਗਈ ਜਾਗਰੁਕਤਾ ਰੈਲੀ ਦੀਆਂ ਕੁਝ ਝਲਕੀਆਂ। ਇਸ ਰੈਲੀ ਨੂੰ ਸੰਬੋਧਨ ਕਰਦੇ ਹੋਏ ਮਨੀਸ਼ਾ ਮਸ਼ਾਲ।

# ਅਮਰੀਕਾ ਦੇ ਨੌਰਥ ਹਿਲ ਸ਼ਹਿਰ ਦੀ ਮਸ਼ਹੂਰ ਚਰਚ ਆਫ ਲੀਵਿੰਗ ਵਰਡ 'ਚ ਸਿੱਖ ਧਰਮ ਬਾਰੇ ਵਿਸ਼ੇਸ਼ ਲੈਕਚਰ

**ਲਾਸ ਏਂਜਲਸ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਲਾਸ ਏਂਜਲਸ ਵਿਖੇ ਸਥਿਤ ਨਾਨਕ ਸਦਨ ਸਿੱਖ ਗੁਰਦੁਆਰਾ ਵੱਲੋਂ ਅਮਰੀਕਨਾਂ ਨੂੰ ਸਿੱਖ ਧਰਮ ਬਾਰੇ ਜਾਣੂ ਕਰਾਉਣ ਵਾਸਤੇ 'ਲਵ ਐਂਡ ਨੋ ਦਾਈ ਨੇਬਰ' ਤਹਿਤ ਨੌਰਥ ਹਿਲ ਸ਼ਹਿਰ ਦੀ ਇਕ ਮਸ਼ਹੂਰ ਚਰਚ ਆਫ ਲੀਵਿੰਗ ਵਰਡ 'ਚ ਸਿੱਖ ਧਰਮ ਬਾਰੇ ਵਿਸ਼ੇਸ਼ ਲੈਕਚਰ ਆਯੋਜਿਤ ਕੀਤਾ। ਇਸ ਦੌਰਾਨ ਨਾਨਕ ਸਦਨ ਗੁਰਮਤਿ ਅਕੈਡਮੀ ਦੇ ਪ੍ਰਿੰਸੀਪਲ ਡਾ. ਕੁਲਦੀਪ ਸਿੰਘ ਨੇ ਨੌਰਥ ਹਿਲ ਸ਼ਹਿਰ ਦੀ ਇਕ ਮਸ਼ਹੂਰ ਚਰਚ ਆਫ ਲੀਵਿੰਗ ਵਰਡ ਦੇ ਮੈਂਬਰਾਂ ਨੂੰ ਸਿੱਖ ਧਰਮ ਬਾਰੇ ਦੋ ਘੰਟੇ ਸੰਬੋਧਨ ਕੀਤਾ। ਇਸ ਲੈਕਚਰ ਦੀ ਵਿਸ਼ੇਸ਼ਤਾ ਰਹੀ ਕਿ ਚਰਚ ਦੇ ਅਮਰੀਕਨ ਗੋਰਿਆਂ ਨੇ ਸਿੱਖ ਧਰਮ ਦੇ ਇਤਿਹਾਸ, ਸਿੱਖ ਕਦਰਾਂ ਕੀਮਤਾਂ, ਸਿੱਖ ਸਭਿਆਚਾਰ ਸਬੰਧੀ ਜਾਣਕਾਰੀ ਲੈ ਕੇ ਖੁਸ਼ੀ ਅਤੇ ਸੰਤੁਸ਼ਟੀ ਮਹਿਸੂਸ ਕੀਤੀ।

ਇਸ ਦੌਰਾਨ ਚਰਚ ਦੇ ਮੁੱਖ ਪਾਦਰੀ ਮੈਟ ਵਾਲਕੋ ਨੇ ਕਿਹਾ ਕਿ ''ਚਰਚ ਲਈ ਇਹ ਸੁਭਾਗਾ ਦਿਨ ਹੈ ਜਦੋਂ ਪਹਿਲੀ ਉਨ੍ਹਾਂ ਨੇ ਆਪਣੇ ਸਿੱਖ ਭਰਾਵਾਂ ਦੇ ਧਰਮ ਤੇ ਸਿੱਖਿਆਵਾਂ ਬਾਰੇ ਜਾਣਿਆ ਹੈ। ਇਸ ਲੈਕਚਰ ਨਾਲ ਉਹਨਾਂ ਦੀ ਸਿੱਖ ਧਰਮ ਨਾਲ ਨੇੜਤਾ ਵਧੀ ਹੈ। ਹੁਣ ਸਾਡੇ ਲਈ ਸਿੱਖ ਓਪਰੇ ਜਾਂ ਬਿਗਾਨੇ ਨਹੀਂ। ਉਹਨਾਂ ਕਿਹਾ ਕਿ ਉਹ ਵੀ ਆਪਣੇ ਚਰਚਾ ਮੈਂਬਰਾਂ ਨਾਲ ਨਾਨਕ ਸਦਨ ਗੁਰਦੁਆਰਾ ਸਾਹਿਬ ਦੌਰਾ ਕਰਨਗੇ। ਇਸ ਮੌਕੇ 'ਤੇ ਡਾ. ਨੈਲਸਨ ਡੇਜ਼ੀ ਚਰਚ ਮੈਂਬਰ ਨੇ ਕਿਹਾ ਕਿ ਡਾ.



ਕੁਲਦੀਪ ਸਿੰਘ ਦੁਆਰਾ ਸਿੱਖ ਧਰਮ ਬਾਰੇ ਪਾਏ ਚਾਨਣੇ ਤੋਂ ਬਾਅਦ ਮੇਰਾ ਸਿੱਖਾਂ ਪ੍ਰਤੀ ਦ੍ਰਿਸ਼ਟੀਕੋਣ ਬਿਲਕੁਲ ਹੀ ਬਦਲ ਗਿਆ ਹੈ। ਮੈਂ ਪਹਿਲਾਂ ਕਿਸੇ ਦਾੜ੍ਹੀ-ਕੇਸਾਂ ਵਾਲੇ ਸਿੱਖ ਨੂੰ ਦੇਖ ਕੇ ਘਬਰਾਹਟ ਤੇ ਓਪਰਾ ਮਹਿਸੂਸ ਕਰਦੀ ਸੀ, ਤੇ ਅੱਜ ਤੋਂ ਬਾਅਦ ਕਿਸੇ ਸਿੱਖ ਨੂੰ ਮਿਲਣਾ ਅਤੇ ਵੇਖਣਾ ਮੇਰੇ ਮਾਣ ਵਾਲੀ ਗੱਲ ਹੋਵੇਗੀ। ਭਾਸ਼ਣ ਦੀ ਸਮਾਪਤੀ ਉਪਰੰਤ ਸਰੋਤਿਆਂ ਨੇ ਬਹੁਤ ਹੀ ਦਿਲਚਸਪੀ ਨਾਲ ਸਿੱਖ ਧਰਮ ਦੀਆਂ ਮਾਨਤਾਵਾਂ ਸਬੰਧੀ ਸਵਾਲ ਪੁੱਛੇ ਤੇ ਡਾ. ਕੁਲਦੀਪ ਸਿੰਘ ਨੇ ਬਾਖੂਬੀ ਸਵਾਲਾਂ ਦੇ ਜਵਾਬ ਦਿੱਤੇ।

ਇਸ ਮੌਕੇ ਗਜਿੰਦਰ ਸ਼ਾਹ ਸਿੰਘ ਸੈਕਟਰੀ ਨਾਨਕ ਸਦਨ ਸਿੱਖ ਟੈਂਪਲਨੇ ਇਸ ਜਾਗਰੂਕਤਾ ਭਾਸ਼ਣ ਲੜੀ ਦੀ ਵਧਾਈ ਦਿੰਦਿਆਂ ਕਿਹਾ ਕਿ ਇਸ ਸਮੇਂ ਸਿੱਖਾਂ ਨੂੰ ਲੋੜਹੈ ਕਿ ਉਹ ਆਪਣੇ ਧਰਮ ਅਤੇ ਸਭਿਆਚਾਰ ਬਾਰੇ ਅਮਰੀਕਨਾਂ ਨੂੰ ਜਾਣੂ ਕਰਵਾਉਣ ਤਾਂ ਕਿ ਨਫਰਤ, ਭੇਦਭਾਵ ਅਤੇ ਨਸਲੀ ਸ਼ੋਸ਼ਣਖਤਮ ਕੀਤਾ ਜਾ ਸਕੇ। ਇਸ ਮੌਕੇ ਸਿੱਖ ਧਰਮ ਦੇ ਵੈਲਯੂ ਸਿਸਟਮ ਤੋਂ ਪ੍ਰਭਾਵਿਤ ਹੋ ਕੇ ਨੌਜਵਾਨ ਅਮਰੀਕਨਾਂ ਨੇ ਕਿਹਾ ਕਿ ਉਹ ਚਾਹੁਣਗੇ ਕਿ ਉਹਨਾਂ ਦਾ ਗੁਆਂਢੀ ਇਕ ਸਿੱਖ ਹੋਵੇ। ਡਾ. ਨੈਲਸ਼ਨ ਡੇਜੀ ਨੇ ਕਿਹਾ ਕਿ ਅੱਜ ਦੇ ਡਾ. ਕੁਲਦੀਪ ਸਿੰਘ ਦੇ ਲੈਕਚਰ ਨੇ ਉਹਨਾਂ ਦੀਆਂ ਸਿੱਖ ਧਰਮ ਸਬੰਧੀ ਅੱਖਾਂ ਖੋਲ੍ਹ ਦਿੱਤੀਆਂ ਹਨ ਤੇ ਦਾੜ੍ਹੀ ਵਾਲੇ ਸਿੱਖ ਨੂੰ ਦੇਖਕੇ ਓਪਰਾ ਤੇ ਘਬਰਾਹਟ ਮਹਿਸੂਸ ਨਹੀਂ ਹੋਵੇਗੀ ਤੇ ਸਿੱਖ ਨੂੰ ਦੇਖਣਾ ਮਾਣ ਵਾਲੀ ਗੱਲ ਹੋਵੇਗੀ। ਚਰਚ ਲਿਵਿੰਗ ਵਰਡ ਨੌਰਥ ਹਿਲ ਦੇ ਮੈਂਬਰਾਂ ਨੂੰ ਸਿੱਖ ਧਰਮ ਸਬੰਧੀ ਦਿਖਾਈ ਵਿਸ਼ੇਸ਼ ਦਿਲਚਸਪੀ ਚਰਚ ਦੇ ਸਮੂਹ ਮੈਂਬਰਾਂ ਨੇ ਡਾ. ਕੁਲਦੀਪ ਸਿੰਘ ਦਾ ਸਵਾਗਤ ਕੀਤਾ।

# ਰਿਫਰੈਂਡਮ ਦਾ ਪ੍ਰਚਾਰ ਕਰਨ ਵਾਲੇ ਅੱਤਵਾਦੀ ਨਹੀਂ ਸਿਖਸ ਫਾਰ ਜਸਟਿਸ ਕਰੇਗੀ ਕਾਨੂੰਨੀ ਕਾਰਵਾਈ

**ਕੈਲੇਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਸਥਿਤ ਮਨੁੱਖੀ ਅਧਿਕਾਰ ਸੰਸਥਾ ਸਿਖਸ ਫਾਰ ਜਸਟਿਸ ਨੇ ਜਮਹੂਰੀ ਅਤੇ ਸ਼ਾਂਤਮਈ ਤਰੀਕੇ ਨਾਲ ਪੰਜਾਬ ਇੰਡੀਪੈਂਡੈਂਸ ਲਈ ਆਪਣੀ ਮੁਹਿੰਮ ਨੂੰ ਜਾਰੀ ਰੱਖਣ ਦੀ ਵਚਨਬਧਤਾ ਦੁਹਰਾਉਂਦਿਆਂ ਭਾਰਤੀ ਪੁਲਿਸ ਦੇ ਉਨ੍ਹਾਂ ਦੋਸਾਂ ਨੂੰ ਖਾਰਜ ਕੀਤਾ ਹੈ ਜਿਨ੍ਹਾਂ ਵਿਚ ਰਿਫਰੈਂਡੈਂਮ 2020 ਲਈ ਕੰਮ ਕਰਨ ਵਾਲੇ ਸਿੱਖ ਕਾਰਕੁੰਨਾਂ ਦੇ ਅੱਤਵਾਦ ਨਾਲ ਸਬੰਧ ਦੱਸੇ ਗਏ ਹਨ। ਆਪਣੇ ਅਮਰੀਕਾ ਅਤੇ ਪੰਜਾਬ ਵਿਚਲੇ ਕਾਰਕੁੰਨਾਂ ਲਈ ਕਾਨੂੰਨੀ ਪੈਰਵਾਈ ਮੁਹਈਆ ਕਰਵਾਉਣ ਦੀ ਵਚਨਬੱਧਤਾ ਪ੍ਰਗਟਾਉਂਦਿਆਂ ਐਸ ਐਫ ਜੇ ਨੇ ਦਾਅਵਾ ਕੀਤਾ ਹੈ ਕਿ ਪੁਲਿਸ ਵਲੋਂ ਜਸਪ੍ਰੀਤ ਸਿੰਘ, ਹਰਦੀਪ ਸਿੰਘ ਤੇ ਕੁਲਦੀਪ ਸਿੰਘ ਖਿਲਾਫ ਅੱਤਵਾਦ ਦੇ ਝੂਠੇ ਦੋਸ਼ ਲਾਏ ਗਏ ਹਨ ਜਦ ਕਿ ਅਸਲ ਵਿਚ ਉਹ ਤਾਂ ਸਿਆਸੀ ਕਾਰਕੁੰਨ ਹਨ ਜਿਨ੍ਹਾਂ ਨੇ ਰਿਫਰੈਂਡੈਂਮ ਦੇ ਸਮਰਥਨ ਵਿਚ ਕੇਵਲ ਪੰਫਲੈਟ ਤੇ ਟੀ ਸ਼ਰਟਾਂ ਵੰਡੀਆਂ ਸਨ। ਐਸ ਐਫ ਜੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ ਹੈ ਜਿਸ ਦੇ ਫੇਸਬੁਕ ਅਤੇ ਟਵਿੱਟਰ 'ਤੇ ਲੱਖਾਂ ਹੀ ਫਾਲੋਅਰ ਹਨ ਤੇ ਇਹ ਪੰਜਾਬ ਵਿਚ ਰਿਫਰੈਂਡੈਂਮ ਦੀ ਮੰਗ ਕਰ ਰਹੀ ਹੈ ਤੇ ਸਿੱਖਾਂ ਦੀ ਖੁਦਮੁਖਤਿਆਰੀ ਦੇ ਅਧਿਕਾਰਾਂ ਦਾ ਪ੍ਰਚਾਰ ਕਰ ਰਹੀ ਹੈ ਜਿਨ੍ਹਾਂ ਨੂੰ ਯੂ ਐਨ ਚਾਰਟਰ ਅਤੇ ਇੰਟਰਨੈਸ਼ਨਲ ਕੋਵਨੈਂਟਸ ਵਲੋਂ ਲਾਜ਼ਮੀ ਕਰਾਰਿਆ ਹੋਇਆ ਹੈ। ਐਸ ਐਫ ਜੇ ਨੇ ਦਾਅਵਾ ਕੀਤਾ ਹੈ ਕਿ ਹਰਜਾਪ ਸਿੰਘ ਜਾਪੀ ਅਮਰੀਕਾ ਸਥਿਤ ਸਿੱਖ ਕਾਰਕੁੰਨ ਹੈ ਜਿਸ 'ਤੇ ਪੰਜਾਬ ਪੁਲਿਸ ਨੇ ਖਾਲਿਸਤਾਨ ਲਹਿਰ ਮੁੜ ਸੁਰਜੀਤ ਕਰਨ ਦਾ ਦੋਸ਼ ਲਗਾਇਆ ਹੈ ਜਦ ਕਿ ਅਸਲ ਵਿਚ ਉਹ ਸੋਸ਼ਲ ਮੀਡੀਆ 'ਤੇ ਕੇਵਲ ਰਿਫਰੈਂਡੈਂਮ ਦੀ ਪ੍ਰਚਾਰ ਮੁਹਿੰਮ ਚਲਾ ਰਿਹਾ ਹੈ।



ਐਸ ਐਫ ਜੇ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਰਿਫਰੈਂਡੈਂਮ ਕਰਕੇ ਭਾਰਤ ਸਰਕਾਰ ਨੇ ਐਸ ਐਫ ਜੇ ਦੀ ਵੈਬਸਾਈਟ ਅਤੇ ਫੇਸਬੁਕ ਪੇਜ ਪਹਿਲਾ ਹੀ ਬਲਾਕ ਕੀਤੇ ਹੋਏ ਹਨ। ਪੰਨੂ ਨੇ ਅੱਗੇ ਕਿਹਾ ਕਿ ਹੁਣ ਐਸ ਐਫ ਜੇ ਦੇ ਕਾਰਕੁੰਨਾਂ ਖਿਲਾਫ ਅੱਤਵਾਦ ਦੇ ਝੂਠੇ ਮਾਮਲੇ ਦਰਜ ਕਰਨੇ ਪੰਜਾਬ ਇੰਡੀਪੈਂਡੈਂਸ ਲਈ ਉਠ ਰਹੀ ਮੰਗ ਨੂੰ ਦਬਾਉਣ ਦੀ ਇਕ ਹੋਰ ਕੋਸ਼ਿਸ਼ ਹੈ। ਆਈ ਜੀ ਪੀ ਆਂਗਰਾ ਦੀ ਥਿਊਰੀ ਨੂੰ ਮਨਘੜਤ ਤੇ ਰੌਚਕ ਦਸਦਿਆਂ ਅਟਾਰਨੀ ਪੰਨੂ ਨੇ ਕਿਹਾ ਕਿ ਜਾਪੀ ਖਿਲਾਫ ਪੰਜਾਬ ਪੁਲਿਸ ਵਲੋਂ ਲਗਾਏ ਗਏ ਦੋਸ਼ ਕੇਵਲ ਪਿੰਡ ਹੰਦੋਵਾਲ ਦੇ ਜੱਸਾ ਨੂੰ ਫੋਨ ਕਰਨ ਅਤੇ ਪੈਸੇ ਭੇਜਣ, ਧਾਰਮਿਕ ਸਾਹਿਤ ਤੇ ਟੀ ਸ਼ਰਟਾਂ ਭੇਜਣ ਦੇ ਆਧਾਰ 'ਤੇ ਹੀ ਹਨ ਪਰ ਜਾਪੀ ਦੀ ਇਹ ਕਾਰਵਾਈ ਕਾਨੂੰਨ ਦੀ ਕਿਸੇ ਕਿਤਾਬ ਵਿਚ ਅਪਰਾਧ ਨਹੀਂ ਬਣਦੀ। ਦਸਣਯੋਗ ਹੈ ਕਿ ਹਾਲ ਵਿਚ ਹੀ ਐਸ ਐਫ ਜੇ ਦੀ ਰਿਫਰੈਂਡੈਂਮ ਮੁਹਿੰਮ ਵਿਚ ਪੰਫਲੈਟ ਤੇ ਟੀਸ਼ਰਟਾਂ ਵੰਡ ਕੇ ਹਿੱਸਾ ਲੈਣ ਵਾਲੇ ਪੰਜਾਬ ਵਿਚਲੇ ਕਈ ਸਿਖ ਕਾਰਕੁੰਨਾਂ ਨੂੰ ਭਾਰਤੀ ਪੁਲਿਸ ਵਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਬੀਤੀ 6 ਜੂਨ ਨੂੰ ਅਪਰੇਸ਼ਨ ਬਲਿਊ ਸਟਾਰ ਦੀ ਵਰੇ ਗੰਢ ਮੌਕੇ ਵੀ ਕਈ ਸਿੱਖ ਨੌਜਵਾਨਾਂ ਨੂੰ ਹਿਰਾਸਤ ਵਿਚ ਲਿਆ ਗਿਆ ਸੀ ਜਿਨ੍ਹਾਂ ਨੇ ਰਿਫਰੈਂਡੈਂਮ 2020 ਦੀ ਟੀ ਸ਼ਰਟਾਂ ਪਾਈਆਂ ਸਨ ਜਾ ਇਸ ਨੂੰ ਵੰਡ ਰਹੇ ਸਨ।

ਦੇਸ਼ ਦੁਆਬਾ


# ਦਲਿਤ ਅੰਦੋਲਨ ਅਤੇ ਮੌਜੂਦਾ ਰਾਜਨੀਤੀ

ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਅੱਜਕਲ੍ਹ ਦਲਿਤਾਂ ਤੇ ਅੱਤਿਆਚਾਰ ਨੂੰ ਰੋਕਣ ਲਈ ਵੱਡੇ ਪੱਧਰ ਤੇ ਰੋਸ-ਪ੍ਰਦਰਸ਼ਨ ਅਤੇ ਦਿਖਾਵੇ ਹੋ ਰਹੇ ਹਨ। ਇਹ ਮਸਲਾ ਭਾਰਤ ਦੀ ਪਾਰਲੀਮੈਂਟ ਵਿਚ ਉਠਾਇਆ ਗਿਆ ਹੈ ਪਰ ਚਰਚਾ ਦੇ ਦੌਰਾਨ ਲੱਗਭੱਗ ਸਾਰੀਆਂ ਪਾਰਟੀਆਂ ਨੇ ਇਕ-ਦੂਜੇ 'ਤੇ ਦੋਸ਼ ਲਗਾਉਣ ਤੋਂ ਇਲਾਵਾ ਕੁਝ ਨਹੀਂ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੋ ਹੋਕਾ ਦਿੱਤਾ ਹੈ, ਉਹ ਉਹਨਾਂ ਦੀ ਮਜਬੂਰੀ ਜ਼ਿਆਦਾ ਦਰਸਾਉਂਦਾ ਹੈ। ਦਲਿਤ ਸ਼ੋਸ਼ਣ ਇਕ ਅਜਿਹਾ ਮੁੱਦਾ ਹੈ, ਜਿਸ ਬਾਰੇ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇਹ ਲੱਗਦਾ ਹੈ ਕਿ ਉਹ ਸੱਤਾਧਾਰੀ ਸਰਕਾਰ ਨੂੰ ਆਸਾਨੀ ਨਾਲ ਕਟਹਿਰੇ ਵਿਚ ਖੜ੍ਹਾ ਕਰ ਸਕਦੇ ਹਨ ਕਿਉਂਕਿ ਭਾਜਪਾ ਤੇ ਇਹ ਠੱਪਾ ਲੱਗਦਾ ਹੈ ਕਿ ਇਹ ਸਵਰਣਾਂ ਦੀ ਪਾਰਟੀ ਹੈ।ਭਾਰਤ ਵਿਚ ਦਲਿਤ ਆਬਾਦੀ 20 ਫੀਸਦੀ ਤੋਂ ਜ਼ਿਆਦਾ ਹੈ। ਇਸ ਲਿਹਾਜ ਨਾਲ ਇਹ ਵਰਗ ਸਿਆਸੀ ਪਾਰਟੀਆਂ ਦੇ ਲਈ ਇਕ ਵੱਡਾ ਵੋਟ ਬੈਂਕ ਹੈ। ਇਸ ਵਰਗ ਨੂੰ ਆਕਰਸ਼ਿਤ ਕਰਨ ਦੇ ਲਈ ਸਿਆਸੀ ਪਾਰਟੀਆਂ ਖੁਦ ਨੂੰ ਵੱਡਾ ਦਲਿਤ ਹਿਤੈਸ਼ੀ ਕਹਾਉਂਦੀਆਂ ਹਨ ਪਰ ਅਸਲ ਵਿਚ ਕਿਸੇ ਵੀ ਸਿਆਸੀ ਪਾਰਟੀ ਦੀ ਸਰਕਾਰ ਹੋਵੇ, ਦਲਿਤ ਵਰਗ ਦੀ ਵੋਟ ਵੱਲ ਹੀ ਜ਼ਿਆਦਾ ਅੱਖ ਰੱਖਦੀ ਰਹੀ ਹੈ, ਸਮੱਸਿਆ ਦੇ ਹੱਲ ਲਈ ਕੁਝ ਨਹੀਂ ਕਰਦੀ ਰਹੀ। ਦਲਿਤ ਸ਼ੋਸ਼ਣ ਇਕ ਅਜਿਹਾ ਮੁੱਦਾ ਹੈ, ਜਿਸਦਾ ਮੁਕਾਬਲਾ ਸਿਆਸੀ, ਸਮਾਜਿਕ ਦੋਵੇਂ ਪੱਧਰਾਂ ਤੇ ਕਰਨਾ ਹੋਵੇਗਾ।

ਭਾਰਤ ਦੇ ਬਹੁਤ ਸਾਰੇ ਲੋਕ ਗਊ ਹੱਤਿਆ ਅਤੇ ਗਊ ਦਾ ਮਾਸ ਖਾਣ ਦੇ ਖਿਲਾਫ ਹਨ। ਇਹ ਠੀਕ ਹੈ ਕਿ ਉਹਨਾਂ ਦੀ ਸ਼ਰਧਾ ਹੈ ਪਰ ਜਦੋਂ ਗਾਂ ਮਰ ਜਾਂਦੀ ਹੈ ਤਾਂ ਉਸ ਦਾ ਕੀ ਕੀਤਾ ਜਾਵੇ? ਅਵਾਰਾ ਫਿਰਦੀਆਂ ਗਊਆਂ ਦੇ ਲਈ ਉਹਨਾਂ ਨੇ ਕੀ ਕੀਤਾ ਹੈ? ਜੋ ਸੜਕਾਂ ਤੇ ਤੁਰੀਆਂ ਫਿਰਦੀਆਂ ਹਨ ਅਤੇ ਗਲੀਆਂ-ਬਾਜ਼ਾਰਾਂ ਵਿਚ ਖਰੂਦ ਪਾਉਂਦੀਆਂ, ਲਿਫਾਫੇ ਚੁਗਦੀਆਂ ਫਿਰਦੀਆਂ ਹਨ।

ਦਲਿਤ ਅੰਦੋਲਨ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਦਾ ਚਲਦਾ ਆਇਆ ਹੈ। ਇਸ ਦਰਮਿਆਨ ਕਈ ਕਿਸਮ ਦੀਆਂ ਵਿਚਾਰਧਾਰਾਵਾਂ ਨਿਕਲ ਕੇ ਆਈਆਂ ਹਨ। ਆਦਿ ਧਰਮ ਮੰਡਲ ਪੰਜਾਬ ਲਹਿਰ, ਆਦਿ ਦ੍ਰਾਵਿੜ, ਨਮੋਸ਼ੂਦਰਾ, ਆਦਿ ਹਿੰਦੂ ਤੋਂ ਇਲਾਵਾ ਡਾ ਅੰਬੇਦਕਰ ਦੀ ਰਹਿਨੁਮਾਈ 'ਚ ਰਾਸ਼ਟਰੀਆ ਅੰਦੋਲਨ ਆਦਿ, ਦਲਿਤਾਂ ਨੂੰ ਸਿਆਸੀ ਅਤੇ ਆਰਥਿਕ ਤੌਰ ਤੇ ਮਜਬੂਤ ਕਰਨ ਦੀ ਲਹਿਰ ਆਦਿ ਲਹਿਰਾਂ ਦੇ ਕਾਰਨ ਭਾਰਤ ਵਿਚ ਸੰਵਿਧਾਨ ਦੀ ਰਚਨਾ ਵੇਲੇ ਦਲਿਤ ਵਰਗ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ। ਛੂਆ-ਛਾਤ ਦੀ ਪ੍ਰਥਾ ਨੂੰ ਗੈਰ ਸੰਵਿਧਾਨਕ ਐਲਾਨਿਆ ਗਿਆ ਅਤੇ ਭਾਰਤ ਦੇ ਸਾਰੇ ਨਾਗਰਿਕਾਂ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਗਏ। ਇਸ ਤੋਂ ਪਹਿਲਾਂ ਧਾਰਮਿਕ ਤੌਰ ਤੇ ਵੀ ਇਹ ਸਮੱਸਿਆ ਹੱਲ ਕਰਨ ਲਈ ਉਪਰਾਲੇ ਹੁੰਦੇ ਆਏ ਹਨ। ਬੁੱਧ ਧਰਮ ਅਤੇ ਸਿੱਖ ਧਰਮ ਨੇ ਸਮਾਨਤਾ ਦਾ ਹੋਕਾ ਦਿੱਤਾ ਹੈ। ਇਸ ਤਬਦੀਲੀ ਦੇ ਬਾਵਜੂਦ ਅੱਜ ਵੀ ਦਲਿਤ ਸ਼ੋਸ਼ਣ ਜਾਰੀ ਹੈ ਤਾਂ ਇਸ ਦੇ ਰਾਜਨੀਤਿਕ ਕਾਰਨ ਘੱਟ, ਸਮਾਜਿਕ ਜ਼ਿਆਦਾ ਹਨ। ਜ਼ਿਆਦਾਤਰ ਮੁਲਕਾਂ ਵਿਚ ਸਮਾਜ ਹੀ ਰਾਜ ਦਾ ਦਰਪਣ ਹੁੰਦਾ ਹੈ ਪਰ ਭਾਰਤ ਵਿਚ ਸਮਾਜ ਦੇ ਕੁਝ ਵਰਗਾਂ ਦੀ ਸੋਚ ਦਲਿਤ ਵਿਰੋਧੀ ਹੋਣ ਕਾਰਨ ਰਾਜਨੀਤਿਕ ਦਰਪਣ ਨਾਲ ਟਕਰਾਉਂਦੀ ਹੈ। ਦਲਿਤ ਵਰਗ ਨੂੰ ਰਿਜ਼ਰਵੇਸ਼ਨ ਦਿੱਤੀ ਗਈ ਤਾਂ ਜੋ ਇਹ ਵਰਗ ਆਰਥਿਕ ਤੌਰ ਤੇ ਉਭਰ ਸਕੇ ਅਤੇ ਪ੍ਰਸ਼ਾਸਨ ਵਿਚ ਵੀ ਇਸ ਵਰਗ ਨੂੰ ਨੁਮਾਇੰਦਗੀ ਮਿਲ ਸਕੇ ਪਰ ਇਹ ਰਿਜ਼ਰਵੇਸ਼ਨ ਅੱਜ ਨਫਰਤ ਦਾ ਕਾਰਨ ਬਣਦੀ ਜਾ ਰਹੀ ਹੈ। ਜਦੋਂ ਤੱਕ ਇਸ ਸਮੱਸਿਆ ਦਾ ਗੰਭੀਰਤਾ ਨਾਲ ਹੱਲ ਨਹੀਂ ਕੱਢਿਆ ਜਾਂਦਾ, ਉਦੋਂ ਤੱਕ ਅਜਿਹੇ ਪ੍ਰਦਰਸ਼ਨ ਅਤੇ ਰੋਸ ਵਿਖਾਵੇ ਹੁੰਦੇ ਰਹਿਣਗੇ ਅਤੇ ਸਮਾਜ ਆਪਸ ਵਿਚ ਵੰਡੀਆਂ ਦਾ ਸ਼ਿਕਾਰ ਹੁੰਦਾ ਰਹੇਗਾ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ



## ਪੁਣਛਾਣ



ਪੰਮੀ ਲਾਲੋ ਮਜਾਰਾ
91-95011-43755

### ਸਿਆਸਤ ਦੀ ਪੁਣਛਾਣ

# ਪ੍ਰਧਾਨ ਮੰਤਰੀ ਇਹ ਕਿਉਂ ਨਹੀਂ ਕਹਿੰਦੇ ਕਿ ਦਲਿਤਾਂ ਨੂੰ ਜ਼ਲੀਲ ਕਰਨ ਵਾਲਿਆਂ ਦੇ ਸ਼ਰੇਆਮ ਗੋਲੀ ਮਾਰ ਦਿਓ

ਦਲਿਤਾਂ ਨੂੰ ਨਾ ਮਾਰੋ, ਮੈਨੂੰ ਗੋਲੀ ਮਾਰੋ। ਇਹ ਬਿਆਨ ਉਸ ਦੇਸ਼ ਦੇ ਪ੍ਰਧਾਨ ਮੰਤਰੀ ਦਾ ਤਾਂ ਨਹੀਂ ਹੋ ਸਕਦਾ, ਜਿਹੜਾ ਦੇਸ਼ ਸਾਰੀ ਦੁਨੀਆਂ 'ਚ ਆਪਣੇ ਆਪ ਨੂੰ ਸਭ ਤੋਂ ਵੱਡੇ ਲੋਕਤੰਤਰ ਦਾ ਥੰਮ ਕਹਾਉਂਦਾ ਹੈ। ਅਗਰ ਇਹ ਬਿਆਨ ਇਕ ਪ੍ਰਧਾਨ ਮੰਤਰੀ ਦਾ ਹੁੰਦਾ ਤੇ ਜਾਂ ਉਹ ਦਲਿਤਾਂ ਨੂੰ ਵੀ ਇਕ ਨੰਬਰ ਦੇ ਸ਼ਹਿਰੀ ਮੰਨਦਾ ਤਾਂ ਉਹ ਜ਼ੁਰਅਤ ਨਾਲ ਆਖਦਾ ਕਿ ਦਲਿਤਾਂ ਤੇ ਹਮਲੇ ਕਰਨ ਵਾਲਿਆਂ ਨੂੰ ਸ਼ਰੇਆਮ ਗੋਲੀ ਮਾਰ ਦਿਓ। ਜੇ ਪ੍ਰਧਾਨ ਮੰਤਰੀ ਨੂੰ ਦਲਿਤਾਂ ਨਾਲ ਹੋਈ ਦਰਿੰਦਗੀ ਦਾ ਦਰਦ ਹੁੰਦਾ ਤਾਂ ਉਹ ਇਹ ਆਖਦਾ ਕਿ ਜ਼ਾਲਮਾਂ ਨੂੰ ਘੱਟ ਤੋਂ ਘੱਟ ਫਾਂਸੀ ਦਿਵਾ ਕੇ ਰਹੇਗੀ ਮੇਰੀ ਸਰਕਾਰ। ਪਰ ਮੋਦੀ ਨੇ ਚੁੱਪ ਵੀ ਤਾਂ ਕਾਹਦੀ ਤੋੜੀ, ਸਿਰਫ ਇਕ ਮੂੰਹ ਮੁਲਾਹਜ਼ਾ ਰੱਖਣ ਲਈ ਜੋ ਸ਼ਬਦ ਵਰਤੇ ਜਾਂਦੇ ਹਨ, ਸਿਰਫ ਉਹ ਸ਼ਬਦ ਵਰਤੇ। ਸ਼ਬਦਾਂ ਵਿਚ ਨਾ ਕੋਈ ਕਾਨੂੰਨ ਦੀ ਰਵਾਨਗੀ ਹੈ ਤੇ ਨਾ ਸ਼ਬਦਾਂ ਵਿਚ ਕੋਈ ਤਾਕਤ। ਅਗਰ ਪ੍ਰਧਾਨ ਮੰਤਰੀ ਦੇ ਸ਼ਬਦਾਂ ਵਿਚ ਕੋਈ ਤਾਕਤ ਹੁੰਦੀ ਤਾਂ ਸ਼ਾਇਦ ਉਸ ਦੇ ਇਸ ਬਿਆਨ ਤੋਂ ਬਾਅਦ ਵੀ ਜ਼ਾਲਮ ਗਊ ਰੱਖਿਅਕ ਦਲਾਂ ਦੇ ਦਲਿਤਾਂ 'ਤੇ ਹਮਲੇ ਜਾਰੀ ਨਾ ਰਹਿੰਦੇ। ਕੀ ਇਹ ਸਾਰਾ ਕੁਝ ਕਿਸੇ ਪਰਦੇ ਦੇ ਪਿੱਛੇ ਤਾਂ ਨਹੀਂ ਹੋ ਰਿਹਾ। ਕਿ ਦਲਿਤਾਂ ਤੇ ਜਿੰਨੇ ਮਰਜ਼ੀ ਹਮਲੇ ਹੋ ਜਾਣ ਪ੍ਰਧਾਨ ਮੰਤਰੀ ਕੁਝ ਵੀ ਨਹੀਂ ਬੋਲੇਗਾ, ਜੇ ਕਿਤੇ ਸਮਾਂ ਪਾ ਕੇ ਬੋਲੇਗਾ ਵੀ ਤਾਂ ਅਜਿਹੇ ਝੂਠੇ ਜਿਹੇ ਬੇਅਰਥੇ ਸ਼ਬਦ ਬੋਲੇਗਾ, ਜਿਸਦਾ ਕੋਈ ਮਤਲਬ ਹੀ ਨਹੀਂ ਹੋਵੇਗਾ। ਜਿਵੇਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਦਲਿਤਾਂ ਨੂੰ ਨਾ ਮਾਰੋ, ਮੇਰੇ ਗੋਲੀ ਮਾਰੋ। ਕਿਉਂਕਿ ਪ੍ਰਧਾਨ ਮੰਤਰੀ ਜਾਣਦਾ ਹੈ ਕਿ ਉਸਨੂੰ ਜੈਡ ਪਲੱਸ ਸਕਿਊਰਟੀ ਮਿਲੀ ਹੋਈ ਹੈ, ਉਸਨੂੰ ਕੋਈ ਗੋਲੀ ਮਾਰ ਹੀ ਨਹੀਂ ਸਕਦਾ। ਚੋਣਾਂ ਜਿੱਤਣ ਤੋਂ ਜਿਹੜਾ ਸਖਸ਼ 56 ਇੰਚ ਸੀਨੇ ਦੀ ਗੱਲ ਕਰਦਾ ਕਰਦਾ ਦੁਸ਼ਮਣ ਦੇ 10 ਸਿਰ ਇਕ ਸਿਰ ਦੇ ਬਦਲੇ ਵੱਢ ਕੇ ਲਿਆਉਣ ਦੇ ਝੂਠੇ ਸਬਜ਼ਬਾਗ ਦਿਖਾਉਂਦਾ ਸੀ, ਪਤਾ ਹੀ ਨਹੀਂ ਸੀ ਕਿ ਉਹ ਸਖਸ਼ ਪ੍ਰਧਾਨ ਮੰਤਰੀ ਬਣ ਕੇ ਐਨਾ ਡਰ ਜਾਵੇਗਾ, ਐਨਾ ਕੰਬਣ ਲੱਗ ਜਾਵੇਗਾ ਜਾਂ ਐਨਾ ਮਜਬੂਰ ਹੋ ਜਾਵੇਗਾ ਤੇ ਦੁਸ਼ਮਣ ਦੀ ਨਾਤੀ ਦੇ ਵਿਆਹ ਵਿਚ ਸ਼ਗਨਾਂ ਦਾ ਸਾਰਾ ਸਮਾਨ ਲੈ ਕੇ, ਬਿਨਾਂ ਆਪਣੇ ਮੁਲਕ ਨੂੰ ਭਰੋਸੇ ਵਿਚ ਲਏ, ਰਾਤੋ ਰਾਤ ਪਹੁੰਚ ਜਾਵੇਗਾ ਤੇ ਇੱਧਰ ਰੋਹਿਤ ਵੇਮੁਲਾ ਚਾਹੇ ਖੁਦਕੁਸ਼ੀ ਕਰ ਜਾਵੇ ਤੇ ਚਾਹੇ ਦਲਿਤਾਂ 'ਤੇ ਹਮਲੇ ਹੋਣ, ਪ੍ਰਧਾਨ ਮੰਤਰੀ ਕੁਝ ਵੀ ਨਹੀਂ ਬੋਲਦੇ- ਕਿਉਂਕਿ ਨਵਾਜ ਸ਼ਰੀਫ ਵਾਂਗ ਪ੍ਰਧਾਨ ਮੰਤਰੀ ਦਲਿਤਾਂ ਨਾਲ ਹੌਟ ਲਾਈਨ ਤੇ ਦੁੱਖਾਂ ਦਰਦਾਂ ਦੀ ਗੱਲ ਕਿਵੇਂ ਕਰਨ। ਕਿਉਂਕਿ ਅੱਜ ਵੀ ਕਰੋੜਾਂ ਦਲਿਤਾਂ ਦੇ ਘਰਾਂ ਵਿਚ ਬਿਜਲੀ ਦਾ ਪ੍ਰਬੰਧ ਨਹੀਂ ਹੈ। ਵਿਚਾਰੇ ਸਿੱਖਿਆ ਸਹੂਲਤਾਂ ਤੋਂ ਵਾਂਝੇ ਹਨ। ਜੇ ਕੋਈ ਪੜ੍ਹ-ਲਿਖ ਜਾਂਦਾ ਹੈ ਤਾਂ ਉਹਦੇ ਲਈ ਰੁਜ਼ਗਾਰ ਦਾ ਪ੍ਰਬੰਧ ਨਹੀਂ ਹੈ। ਜੇ ਉਹਨੂੰ ਭੁੱਲ-ਭੁਲੇਖੇ ਕਿਤੇ ਰੁਜ਼ਗਾਰ ਮਿਲ ਹੀ ਜਾਂਦਾ ਹੈ ਤਾਂ ਉਹਨੂੰ ਰਿਜ਼ਰਵੇਸ਼ਨ ਦੇ ਨਾਮ 'ਤੇ ਜਾਂ ਜਾਤੀ ਤੌਰ 'ਤੇ ਐਨਾ ਜ਼ਲੀਲ ਕੀਤਾ ਜਾਂਦਾ ਹੈ ਕਿ ਜਦੋਂ ਤੱਕ ਉਹ ਖੁਦਕੁਸ਼ੀ ਕਰਕੇ ਮਰ ਨਹੀਂ ਜਾਂਦਾ। ਜੇ ਉਹ ਫਿਰ ਵੀ ਬਚ ਜਾਵੇ ਤਾਂ ਉਹਨੂੰ ਉਹਦੇ ਆਪਣੇ ਦਲਿਤ ਭਾਈਚਾਰੇ ਨਾਲੋਂ ਤੋੜਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਤਾਂ ਕਿ ਉਹ ਆਪਣੇ ਭਾਈਚਾਰੇ ਤੋਂ ਆਪਣੇ ਰਹਿਬਰਾਂ ਤੋਂ ਦੂਰ ਹੀ ਰਹ।

### ਅਵਤਾਰ ਸਿੰਘ 'ਕਰੀਮਪੁਰੀ' ਅਤੇ ਡਾ. ਮੇਘਰਾਜ ਦੀ ਜੁਗਲਬੰਦੀ

ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਅਵਤਾਰ ਸਿੰਘ ਕਰੀਮਪੁਰੀ ਆਪਣਾ ਗੁਆਚਿਆ ਹੋਇਆ ਭਰੋਸਾ ਬਹਾਲ ਕਰਨ ਵਿਚ ਕਾਮਯਾਬ ਰਿਹਾ ਹੈ। ਉਹਦੇ ਇਕ ਇਸ਼ਾਰੇ 'ਤੇ ਬਸਪਾ ਦੇ ਹਜ਼ਾਰਾਂ ਵਰਕਰ ਇਕੱਠੇ ਹੋਣ ਲਈ ਹਮੇਸ਼ਾ ਤਿਆਰ ਹਨ। ਕਿਉਂਕਿ ਦੂਸਰੀਆਂ ਪਾਰਟੀਆਂ ਨੇ ਬਸਪਾ ਦੇ ਵਰਕਰਾਂ ਵਿਚ ਜਿਹੜਾ ਭਰਮ ਪੈਦਾ ਕੀਤਾ ਸੀ ਕਿ ਕਰੀਮਪੁਰੀ ਦੂਸਰੀਆਂ ਪਾਰਟੀਆਂ ਤੋਂ ਪੈਸਾ ਲੈ ਕੇ ਮਾਇਆਵਤੀ ਤੱਕ ਪਹੁੰਚਦਾ ਕਰਦਾ ਹੈ, ਉਹ ਭਰਮ ਪੂਰੀ ਤਰ੍ਹਾਂ ਸਾਫ ਹੋ ਗਿਆ ਹੈ। ਕਿਉਂਕਿ ਅਵਤਾਰ ਸਿੰਘ ਕਰੀਮਪੁਰੀ ਹੁਣ ਹਰ ਮੰਚ ਤੋਂ ਇਹੀ ਐਲਾਨ ਕਰਦਾ ਹੈ ਕਿ ਜੇ ਕੋਈ ਇਸ ਤਰ੍ਹਾਂ ਦੇ ਦੋਸ਼ ਲਾਉਂਦਾ ਹੈ ਤਾਂ ਉਹ ਸਬੂਤ ਦਿਖਾਵੇ। ਕਰੀਮਪੁਰੀ ਆਖਦਾ ਹੈ ਕਿ ਅਸੀਂ ਮਿਸ਼ਨ ਦੀ ਖਾਤਰ ਜਾਨ ਤਾਂ ਦੇ ਸਕਦੇ ਹਾਂ, ਪਰ ਮਿਸ਼ਨ ਨਾਲ ਗੱਦਾਰੀ ਨਹੀਂ ਕਰ ਸਕਦੇ। ਕਰੀਮਪੁਰੀ ਜਿਸ ਤਰ੍ਹਾਂ ਅਕਾਲੀ ਦਲ ਤੇ ਆਰ. ਐਸ. ਐਸ. ਤੇ ਆਪਣੇ ਭਾਸ਼ਣ ਵਿਚ ਹਮਲੇ ਕਰਦਾ ਹੈ, ਉਹ ਵੀ ਵਰਕਰਾਂ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ।

ਉਹਦੇ ਨਾਲ ਡਾ. ਮੇਘਰਾਜ ਪੰਜਾਬ ਚੰਡੀਗੜ੍ਹ ਦਾ ਜੋ ਇੰਚਾਰਜ ਹੈ, ਉਹ ਵੀ ਮਿਸ਼ਨਰੀ ਵਰਕਰ ਹੈ। ਉਹ ਜਿਸ ਤਰ੍ਹਾਂ ਸਾਹਿਬ ਸ੍ਰੀ ਕਾਂਸੀ ਰਾਮ ਦੀਆਂ ਆਪਣੇ ਭਾਸ਼ਣ ਵਿਚ ਉਦਾਹਰਣਾਂ ਦਿੰਦਾ ਹੈ ਤਾਂ ਬਸਪਾ ਵਰਕਰ ਬਹੁਤ ਹੀ ਜ਼ਿਆਦਾ ਜਜ਼ਬਾਤੀ ਹੋ ਜਾਂਦੇ ਹਨ। ਦੋਵਾਂ ਦੀ ਜੋੜੀ ਐਨੀ ਸਲੀਕੇਦਾਰ ਬਣੀ ਹੈ ਕਿ ਵਰਕਰ ਸ਼ਾਮ ਦੇ ਪੰਜ-ਪੰਜ ਵਜੇ ਤੱਕ ਵੀ ਇਸ ਜੋੜੀ ਦੇ ਲੱਛੇਦਾਰ ਭਾਸ਼ਣ ਨੂੰ ਸੁਣਨ ਲਈ ਬੈਠੇ ਰਹਿੰਦੇ ਹਨ। ਲੱਗਦਾ ਇਹੀ ਹੈ ਕਿ ਇਸ ਵਾਰ ਇਹ ਜੋੜੀ ਪੰਜਾਬ ਦੇ ਸਿਆਸੀ ਰੰਗ-ਮੰਚ 'ਤੇ ਆਪਣਾ ਖਾਸ ਪ੍ਰਭਾਵ ਛੱਡੇਗੀ ਤੇ ਖਾਸ ਕਰਕੇ ਦੁਆਬੇ ਦੀ ਧਰਤੀ 'ਤੇ।

### ਅਕਾਲੀ ਦਲ ਵਿਚ ਬੈਠੇ ਦਲਿਤਾਂ ਦੀ ਹਾਲਤ ਤਰਸਯੋਗ

ਹੰਸ ਰਾਜ ਹੰਸ ਦੁਖੀ ਹੋ ਕੇ ਅਕਾਲੀ ਦਲ ਛੱਡ ਗਿਆ ਸੀ। ਪਵਨ ਕੁਮਾਰ ਟੀਨੂੰ ਵੀ ਲੋਕ ਸਭਾ ਚੋਣਾਂ ਹਾਰਨ ਪਿੱਛੋਂ ਹਾਸ਼ੀਏ 'ਤੇ ਚਲਾ ਗਿਆ ਹੈ। ਫਿਲੌਰ ਤੋਂ ਪਹਿਲਾਂ ਸਰਵਣ ਨੂੰ ਪਾਸੇ ਕੀਤਾ ਤੇ ਹੁਣ ਅਵਿਨਾਸ਼ ਚੰਦਰ ਦੀ ਵਾਰੀ ਹੈ। ਹੁਣ ਫਿਲੌਰ ਹਲਕੇ ਦੇ ਜਥੇਦਾਰ ਬਲਦੇਵ ਖਹਿਰੇ ਦੇ ਆਲੇ-ਦੁਆਲੇ ਮੰਡਰਾਉਣ ਲੱਗ ਪਏ ਹਨ। ਹੁਣ ਅਵਿਨਾਸ਼ ਚੰਦਰ ਕੀ ਕਰਤਾਰਪੁਰ ਸਾਹਿਬ ਜਾਵੇਗਾ। ਤੇ ਸਰਵਣ ਫਿਲੌਰ ਦਾ ਹਲਕਾ ਕਿਹੜਾ ਹੋਵੇਗਾ। ਬੰਗਾ ਤੋਂ ਪਹਿਲਾਂ ਮੋਹਨ ਲਾਲ ਨੂੰ ਨਜ਼ਰਅੰਦਾਜ਼ ਕਰਕੇ ਡਾ. ਸੁੱਖੀ ਨੂੰ ਇੰਚਾਰਜ ਲਾਇਆ। ਤੇ ਹੁਣ ਸੁਣਨ ਵਿਚ ਆਇਆ ਹੈ ਕਿ ਮੋਹਣ ਲਾਲ ਨੂੰ ਆਦਮਪੁਰ ਤੋਂ ਚੋਣ ਲੜਾਈ ਜਾ ਸਕਦੀ ਹੈ। ਫਿਰ ਪਵਨ ਕੁਮਾਰ ਦਾ ਹਲਕਾ ਕਿਹੜਾ ਹੋਵੇਗਾ। ਪਿਛਲੀ ਵਾਰ ਅਦਲਾ ਬਦਲੀ ਨਾਲ ਥੋੜ੍ਹਾ ਜਿਹਾ ਕੰਮ ਚੱਲ ਗਿਆ ਸੀ, ਪਰ ਇਸ ਵਾਰ ਅਦਲਾ ਬਦਲੀ ਦੇ ਚੱਕਰ ਵਿਚ ਕਈ ਅਕਾਲੀ ਪਾਰਟੀ ਛੱਡ ਜਾਣਗੇ।

# ਖ਼ੂਨ ਦਾਨ 'ਚ ਮਹਾਂਦਾਨੀ ਹੈ-ਕਮਲਜੀਤ ਅਗਨੀਹੋਤਰੀ ਜਗਤਪੁਰ

ਸਮਾਜ ਸੇਵਾ ਵਿੱਚ ਇੱਕ ਉੱਤਮ ਮੰਨੀ ਜਾਣ ਵਾਲੀ ਸੇਵਾ ਕਿਸੇ ਮਜਬੂਰ ਬਿਮਾਰ ਅਤੇ ਜਖ਼ਮੀ ਵਿਅਕਤੀ ਨੂੰ ਉਸ ਦੀ ਜਾਨ ਬਚਾਉਣ ਵਾਸਤੇ ਮੌਕੇ ਤੇ ਦਿੱਤੇ ਖ਼ੂਨ ਦੀ ਹੈ। ਖ਼ੂਨ ਦਾਨ ਮਹਾਂ ਦਾਨ ਦੇ ਸਿਰਲੇਖ ਨੂੰ ਸਕਾਰ ਕਰਨਾ ਹਰੇਕ ਦੇ ਵੱਸ ਦੀ ਗੱਲ ਨਹੀਂ ਹੁੰਦੀ। ਇਸ ਵਾਸਤੇ ਜਾਗਰੂਕਤਾ, ਹਿੰਮਤ, ਜਜ਼ਬਾ ਅਤੇ ਸੇਵਾ ਭਾਵਨਾ ਦੇ ਨਾਲ਼-ਨਾਲ਼ ਚੰਗੀ ਸਿਹਤ ਦਾ ਹੋਣਾ ਵੀ ਜ਼ਰੂਰੀ ਹੈ। ਇਨ੍ਹਾਂ ਸਭ ਖ਼ੂਬੀਆਂ ਵਾਲਾ ਸਖ਼ਸ਼ ਤੇ ਮਹਾਂਦਾਨੀ ਹੈ ਜਗਤਪੁਰ ਦਾ ਕਮਲਜੀਤ ਅਗਨੀਹੋਤਰੀ। ਹੁਣ ਤੱਕ 74 ਵਾਰ ਖ਼ੂਨ ਦਾਨ ਕਰਨ ਵਾਲਾ ਕਮਲਜੀਤ ਮਹਾਂ ਦਾਨੀ ਦਾ ਰੁਤਬਾ ਪਾ ਚੁੱਕਾ ਹੈ। ਪਿੰਡ ਜਗਤਪੁਰ ਵਿੱਚ 7 ਅਪ੍ਰੈਲ 1972 'ਚ ਪਿਤਾ ਬਲਦੇਵ ਕੁਮਾਰ ਅਤੇ ਮਾਤਾ ਕ੍ਰਿਸ਼ਨਾ ਦੇਵੀ ਦੇ ਘਰ ਜਨਮੇ ਕਮਲਜੀਤ ਨੇ ਸੰਘਰਸ਼ ਭਰਿਆ ਜੀਵਨ ਬਤੀਤ ਕੀਤਾ ਹੈ। ਬਚਪਨ ਵਿੱਚ ਖੱਬੀ ਲੱਤ ਪੋਲਿਓ ਗ੍ਰਸਤ ਹੋ ਗਈ। ਫਿਰ ਵੀ ਹੌਸਲੇ ਨਾਲ ਪਿੰਡ ਦੇ ਸਕੂਲ ਤੋਂ ਮੁੱਢਲੀ ਪੜ੍ਹਾਈ ਕਰ ਕੇ 10+2 ਦੀ ਪੜ੍ਹਾਈ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਸਰਹਾਲ ਕਾਜ਼ੀਆਂ ਤੋਂ ਕੀਤੀ। ਆਪਣਾ ਦਰਦ ਅਤੇ ਪੀੜ ਦੂਜਿਆਂ ਦੇ ਦਰਦ ਨੂੰ ਸ਼ਿੱਦਤ ਨਾਲ ਮਹਿਸੂਸ ਕਰਵਾ ਜਾਂਦੀ ਹੈ। ਇਸ ਕਰਕੇ ਵਿਅਕਤੀ ਸੰਵੇਦਨਸ਼ੀਲ ਹੋ ਜਾਂਦਾ ਹੈ। ਕਮਲਜੀਤ ਨੇ ਵੀ ਇਹ ਹੀ ਮਹਿਸੂਸ ਕੀਤਾ ਹੈ। ਪੜ੍ਹ ਕੇ ਘੜੀ ਸਾਜ਼ ਦਾ ਕੰਮ ਸਿੱਖ ਲਿਆ ਤੇ ਆਪਣੀ ਦੁਕਾਨ ਕਰ ਲਈ। ਇਸ ਦੌਰਾਨ ਉਸ ਦੇ ਦੋਸਤ ਦੀ ਮਾਤਾ ਬਿਮਾਰ ਹੋਣ ਤੇ ਉਸ ਨੇ 1995 ਵਿੱਚ ਪਹਿਲੀ ਵਾਰ ਖ਼ੂਨ ਦਿੱਤਾ। ਕੁਦਰਤੋਂ ਕਮਲਜੀਤ ਦਾ ਬਲੱਡ ਗਰੁੱਪ ਓ+(ਰ+) ਹੈ, ਇਸ ਗਰੁੱਪ ਦਾ ਖ਼ੂਨ ਸਾਰੇ ਮਰੀਜ਼ਾਂ ਦੇ ਚੜ੍ਹਾਇਆ ਜਾ ਸਕਦਾ ਹੈ। ਇਸ ਤੋਂ ਬਾਅਦ ਉਸ ਨੇ ਖ਼ੂਨ ਦਾਨ ਕਰਨ ਦਾ ਪੱਕਾ ਮਨ ਬਣਾ ਲਿਆ। ਜਦ ਵੀ ਕਿਸੇ ਨੂੰ ਖ਼ੂਨ ਦੀ ਲੋੜ ਹੁੰਦੀ ਤਾਂ ਉਹ ਕਦੇ ਵੀ ਨਾਂਹ ਨਾ ਕਰਦਾ। ਕਿਸੇ ਸੰਸਥਾ ਵਲੋਂ ਜਾਂ ਬਲੱਡ ਬੈਂਕਾਂ ਵਲੋਂ ਲਾਏ ਜਾਂਦੇ ਕੈਂਪਾਂ ਵਿੱਚ ਪੰਜਾਬ ਭਰ ਵਿੱਚ ਉਸ ਨੇ ਖ਼ੂਨਦਾਨ ਕੀਤਾ ਹੈ। 2000 ਵਿੱਚ ਕਮਲਜੀਤ ਦਾ ਵਿਆਹ ਰਮਨਾ ਰਾਣੀ ਨਾਲ਼ ਹੋਇਆ। ਆਪਣੀ ਜੀਵਨ ਸਾਥਣ ਦਾ ਵੀ ਉਸ ਨੂੰ ਪੂਰਾ ਸਹਿਯੋਗ ਮਿਲਿਆ, ਉਸ ਨੇ ਖ਼ੂਨਦਾਨ ਕਰਨ ਦੀ ਨਿਰੰਤਰਤਾ ਬਰਕਰਾਰ ਰੱਖੀ। ਸਮਾਂ ਬਦਲਿਆ ਘੜੀਆਂ ਦਾ ਕੰਮ ਘਟ ਗਿਆ ਉਸ ਨੇ ਮੁਕੰਦਪੁਰ ਵਿੱਚ ਇੰਟਰਨੈਸ਼ਨਲ ਡੀ. ਜੇ ਗਰੁੱਪ ਬਣਾਇਆ ਜੋ ਉਸ ਦੇ ਰੁਜ਼ਗਾਰ ਦਾ ਸਾਧਨ ਹੈ। ਸਰਕਾਰੀ ਤੌਰ ਤੇ ਉਸ ਨੂੰ ਕੋਈ ਮੱਦਦ ਨਹੀਂ ਮਿਲੀ। ਫਿਰ ਵੀ ਉਹ ਆਪਣੇ ਕੀਤੇ ਪੁੰਨ ਦੇ ਕੰਮ ਤੋਂ ਅਤੇ ਲੋਕਾਂ ਦੀਆਂ ਦੁਆਵਾਂ ਅਤੇ ਅਸੀਸਾਂ ਤੋਂ ਸੰਤੁਸ਼ਟ ਹੈ। ਕਿਸੇ ਵਲੋਂ ਕੀਤਾ ਗਿਆ ਧੰਨਵਾਦ ਹੀ ਉਸ ਲਈ ਸਭ ਤੋਂ ਵੱਡਾ ਸਨਮਾਨ ਹੋ ਨਿੱਬੜਦਾ ਹੈ।



ਉਹ ਇੱਕਲਾ ਹੀ ਇੱਕ ਸੰਸਥਾ ਜਿੰਨੀ ਸੇਵਾ ਤਾਂ ਕਰ ਹੀ ਰਿਹਾ ਹੈ। ਉਸ ਨੇ ਆਪਣੇ ਦੋਸਤਾਂ, ਗਰੁੱਪ ਦੇ ਮੈਂਬਰਾਂ ਅਤੇ ਹੋਰ ਜਾਣਕਾਰਾਂ ਨੂੰ ਵੀ ਪ੍ਰੇਰਿਤ ਕਰਕੇ ਇਸ ਪਾਸੇ ਵੱਲ ਲਾਇਆ ਹੈ। ਉਸ ਨੇ 30 ਦੇ ਕਰੀਬ ਨੌਜਵਾਨਾਂ ਨੂੰ ਇਸ ਮਹਾਂਦਾਨ ਵਿੱਚ ਆਪਣਾ ਯੋਗਦਾਨ ਪਾਉਣ ਲਈ ਤਿਆਰ ਕੀਤਾ ਹੋਇਆ ਹੈ। ਇਨ੍ਹਾਂ ਨੌਜਵਾਨਾਂ ਨੇ ਵੀ 5 ਵਾਰ ਤੋਂ ਲੈ ਕੇ 30-30 ਵਾਰ ਪੂਰੇ ਪੰਜਾਬ ਵਿੱਚ ਜਾ ਕੇ ਇੱਕ ਤਰ੍ਹਾਂ ਦਾ ਮਹਾਂਦਾਨ ਖ਼ੂਨਦਾਨ ਕਰਕੇ ਸਮਾਜ ਸੇਵਾ ਵਿੱਚ ਯੋਗਦਾਨ ਪਾਇਆ ਹੈ।

ਇਨ੍ਹਾਂ ਵਿੱਚ ਹਰਦੇਵ ਸਿੰਘ ਜਗਤਪੁਰ 10 ਵਾਰ, ਭੁਪਿੰਦਰ ਸਿੰਘ ਸਿਆਣ 15 ਵਾਰ, ਹਰੀ ਰਾਮ ਜਗਤਪੁਰ 30-32 ਵਾਰ, ਰਣਜੀਤ ਸਿੰਘ ਜਗਤਪੁਰ 7ਵਾਰ, ਜਗਮੋਹਨ ਸਿੰਘ ਜਗਤਪੁਰ 20 ਵਾਰ, ਭੁਪਿੰਦਰ ਸਿੰਘ ਜਗਤਪੁਰ (ਕਨੇਡਾ) 6ਵਾਰ, ਸੰਜੀਵ ਕੁਮਾਰ ਬਿੰਜੋਂ 10 ਵਾਰ,ਬੂਟਾ ਸਿੰਘ ਮੰਡੇਰਾਂ 5 ਵਾਰ, ਸੁਖਵਿੰਦਰ ਸਿੰਘ ਰਿਐਤ ਮੁਕੰਦਪੁਰ 22 ਵਾਰ, ਦਵਿੰਦਰ ਲਾਲੀ ਪਠਲਾਵਾ 7ਵਾਰ, ਮਨਿੰਦਰ ਸਿੰਘ ਸ਼ੇਰਗਿੱਲ ਜਗਤਪੁਰ 4 ਵਾਰ, ਚਰਨਜੀਤ ਸਿੰਘ ਜਗਤਪੁਰ 5 ਵਾਰ, ਹੈਪੀ ਜਗਤਪੁਰ 5 ਵਾਰ, ਪੀਤਾ ਜਗਤਪੁਰ 4 ਵਾਰ, ਬਲਰਾਜ ਸਿੰਘ ਝਿੰਗੜਾਂ 15 ਵਾਰ, ਰਾਜੂ ਭਲਵਾਨ ਰਾਏਪੁਰ ਡੱਬਾ 20 ਵਾਰ, ਜਸਪਾਲ ਸਿੰਘ ਗੋਗਾ ਮੁਕੰਦਪੁਰ 20 ਵਾਰ, ਗਾਗੂ ਮੰਡੇਰਾਂ 20 ਤੋਂ ਵੀ ਵੱਧ ਵਾਰੀ, ਜਤਿੰਦਰ ਸਿੰਘ ਜੋਤੀ ਮੁਕੰਦਪੁਰ 15 ਵਾਰ, ਨਰਿੰਦਰ ਕੁਮਾਰ ਗੁਗਲੀ ਜਗਤਪੁਰ 15 ਵਾਰ, ਰਜਿੰਦਰ ਕੁਮਾਰ ਸਿਆਣ 7ਵਾਰ ਖ਼ੂਨਦਾਨ ਕਰਕੇ ਇਸ ਮਹਾਂ ਯੱਗ ਵਿੱਚ ਆਪਣਾ ਹਿੱਸਾ ਪਾ ਚੁੱਕੇ ਹਨ। ਜਦ ਵੀ ਕਿਸੇ ਲੋੜਵੰਦ ਨੂੰ ਖ਼ੂਨ ਦੀ ਲੋੜ ਪੈ ਜਾਵੇ ਤਾਂ ਇਹ ਬਿਨਾਂ ਕਿਸੇ ਹੀਲ ਹੁੱਜਤ ਦੇ ਇਹ ਸੇਵਾ ਕਰਨ ਲਈ ਤਿਆਰ ਰਹਿੰਦੇ ਹਨ। ਇਨ੍ਹਾਂ ਦੇ ਇਸ ਸ਼ਲਾਘਾਯੋਗ ਕੰਮ ਦੀ ਵਡਿਆਈ ਹਰ ਪਾਸੇ ਹੁੰਦੀ ਹੈ। ਇਸ ਕਰਕੇ ਬਹੁਤ ਸਾਰੀਆਂ ਪੰਚਾਇਤਾਂ ਅਤੇ ਸੰਸਥਾਵਾਂ ਵਲੋਂ ਉਸ ਦਾ ਸਨਮਾਨ ਵੀ ਕੀਤਾ ਗਿਆ ਹੈ। ਅਜੇ ਤੱਕ ਕੋਈ ਸਰਕਾਰੀ ਤੌਰ ਤੇ ਸਨਮਾਨ ਨਹੀਂ ਮਿਲਿਆ। ਹਰ ਵੇਲੇ ਲੋੜਵੰਦ ਮਰੀਜ਼ਾਂ ਨੂੰ ਖ਼ੂਨ ਦਾਨ ਕਰਨ ਵਾਸਤੇ ਆਪਣੇ ਸਾਰੇ ਗਰੁੱਪ ਸਮੇਤ ਤਿਆਰ ਰਹਿੰਦਾ ਹੈ। ਮਨੁੱਖਤਾ ਦਾ ਇਹ ਸੱਚਾ ਸੇਵਕ ਇਸ ਤਰ੍ਹਾਂ ਹੀ ਆਪਣੇ ਸੰਕਲਪ ਨੂੰ ਪੂਰਾ ਕਰਨ ਲਈ ਸਦਾ ਚੜ੍ਹਦੀ ਕਲਾ ਵਿੱਚ ਰਹੇ।

**-ਰੇਸ਼ਮ ਕਰਨਾਣਵੀ (98158 80104)**


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਹੂਸ਼ਟਨ ਤੀਆਂ ਦੇ ਮੇਲੇ 'ਤੇ ਚਮਕਿਆਂ ਪੰਜਾਬੀਅਤ ਦਾ ਪਰੰਪਰਾਗਤ ਰੰਗ

# 'ਮੇਲੇ ਵਿੱਚ ਜਗਰਾਵਾਂ ਵਾਲੀਆਂ ਮੁਟਿਆਰਾਂ ਦੀ ਰਹੀ ਚੜ੍ਹਤ'





**ਫਰਿਜ਼ਨੋ (ਕੁਲਵੰਤ ਉੱਭੀ ਧਾਲੀਆਂ / ਨੀਟਾ ਮਾਛੀਕੇ):** ਅੱਜ ਦੇ ਸਮੇਂ ਦੀ ਦੌੜ ਅੰਦਰ ਭਾਰਤ ਵਿਚ ਰਹਿੰਦੇ ਲੋਕ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਅਧੀਨ ਆਪਣਾ ਸੱਭਿਆਚਾਰਕ ਵਿਰਸ਼ਾ ਭੁਲਦੇ ਜਾ ਰਹੇ ਹਨ। ਪਰ ਵਿਦੇਸ਼ਾਂ ਵਿੱਚ ਰਹਿੰਦੇ ਭਾਰਤੀ ਆਪਣੇ ਸੱਭਿਆਚਾਰਕ ਵਿਰਸੇ ਨੂੰ ਜੀਵਤ ਰੱਖਣ ਅਤੇ ਆਪਣੇ ਬੱਚਿਆ ਨੂੰ ਉਸ ਨਾਲ ਜੋੜਨ ਲਈ ਸਮੇਂ-ਸਮੇਂ ਉਪਰਾਲੇ ਕਰਦੇ ਰਹਿੰਦੇ ਹਨ। ਇਸੇ ਲੜੀ ਤਹਿਤ ਅਮਰੀਕਾ ਦੀ ਸਟੇਟ ਟੈਕਸ਼ਸ ਦੇ ਸ਼ਹਿਰ ਹੂਸ਼ਟਨ ਵਿਖੇ ਹਮੇਸ਼ਾ ਵਾਂਗ ਸ੍ਰੀਮਤੀ ਨਵਦੀਪ ਕੌਰ ਗਰੇਵਾਲ ਦੇ ਯਤਨਾ ਸਦਕਾ ਤੀਆਂ ਦਾ ਮੇਲਾ ਬੜੀ ਧੂਮਧਾਮ ਨਾਲ ਮਨਾਇਆ ਗਿਆ। ਜਿਸ ਵਿਚ ਪੰਜਾਬੀ ਔਰਤਾਂ, ਮੁਟਿਆਰਾ ਅਤੇ ਬੱਚੀਆਂ ਨੇ ਗਿੱਧੇ ਦੇ ਖੂਬ ਰੰਗ ਬੰਨੇ। ਇੰਨ੍ਹਾਂ ਗਿੱਧੇ ਦੀਆਂ ਮੋਢੀ ਮੁਟਿਆਰਾਂ ਵਿਚ ਦਿਲਦੀਪ, ਰੀਮਾ, ਗੋਲਡੀ, ਹਰਪ੍ਰੀਤ, ਮਨਜੀਤ, ਰੋਮਾ, ਬਬਲੀ ਸ਼ਾਹੀ, ਰਮਨ, ਵਿੱਕੀ ਮਾਨ, ਪੂਨਮ, ਸ਼ੈਲੀ ਗਰੇਵਾਲ, ਅਮਨ, ਕਿਰਨ, ਸੁਖਦੀਪ, ਜਸਪ੍ਰੀਤ ਆਦਿਕ ਦੇ ਨਾਮ ਸਾਮਲ ਹਨ। ਜਦ ਕਿ ਪੂਨਮ ਗਰੇਵਰ ਨੇ ਮਿਸ਼ ਪੰਜਾਬਣ-2016 ਦਾ ਅਵਾਰਡ ਪਹਿਲੇ ਸਥਾਨ ਨਾਲ ਜਿੱਤਿਆ।

ਜਦ ਕਿ ਗੋਲਡੀ ਥਾਂਦੀ ਦੂਸਰੇ ਅਤੇ ਮਨਜੀਤ ਕੌਰ ਤੀਸਰੇ ਸਥਾਨ 'ਤੇ ਰਹੀਆ। ਇਸ ਸਮੇਂ ਲਾਡੀ ਗਰੇਵਾਲ ਨੇ ਗਿੱਧੇ ਵਿੱਚ ਧਮਾਲਾ ਪਾ ਸਭ ਦਾ ਦਿਲ ਜਿੱਤ ਲਿਆ। ਜਦ ਕਿ ਬਜ਼ੁਰਗ ਔਰਤਾਂ ਨੇ ਵੀ ਪੰਜਾਬ ਨੂੰ ਯਾਦ ਕਰਦੇ ਹੋਏ ਬੋਲੀਆ ਪਾ ਮਹੌਲ ਨੂੰ ਰੰਗੀਨ ਬਣਾਇਆ। ਇਸ ਦੌਰਾਨ ਗਿੱਧੇ ਅਤੇ ਬੋਲੀਆਂ ਦੇ ਮੁਕਾਬਲੇ ਵਿੱਚ ਜੇਤੂ ਹੋਣ ਦਾ ਤਾਜ ਜਗਰਾਵਾਂ ਦੀਆਂ ਕੁੜੀਆਂ ਨੇ ਜਿੱਤਿਆ। ਜਦ ਕਿ ਮਿਸ ਪੰਜਾਬਣ ਜਿੱਤਣ ਵਾਲੀ ਪੂਨਮ ਗਰੇਵਰ ਵੀ ਪੰਜਾਬ ਤੋਂ ਜਗਰਾਵਾਂ ਸ਼ਹਿਰ ਦੀ ਹੈ। ਮੇਲੇ ਦੌਰਾਨ ਵੱਖ-ਵੱਖ ਖਾਣੇ ਅਤੇ ਵਸਤਾ ਆਦਿਕ ਦੇ ਸਟਾਲ ਲੱਗੇ ਹੋਏ ਸਨ।

ਇਸ ਸਮੁੱਚੇ ਮੇਲੇ ਨੂੰ ਹੋਸ਼ਟ ਜਾਣੀ ਪਹਿਚਾਣੀ ਸਖਸੀਅਤ ਸ. ਮਹਿੰਦਰ ਸਿੰਘ ਗਰੇਵਾਲ ਦੀਆਂ ਹੋਣਹਾਰ ਬੇਟੀਆਂ ਨਵਦੀਪ ਗਰੇਵਾਲ ਅਤੇ ਸ਼ੈਲੀ ਗਰੇਵਾਲ ਨੇ ਬਾਖੂਬੀ ਨਿਭਾਇਆ। ਇਸ ਮੇਲੇ ਨੂੰ ਬਤੌਰ ਮੁੱਖ ਸਪਾਸ਼ਰ ਮਾਂਗਟ ਪਰਿਵਾਰ ਨੇ ਸੇਵਾਵਾ ਦਿੱਤੀਆਂ। ਜਦ ਕਿ ਬਾਕੀ ਸਹਿਯੋਗੀਆਂ ਵਿੱਚ ਸੁਖਦੀਪ ਪੰਡਾ, ਬਬਲੀ ਸ਼ਾਹੀ, ਨਰਿੰਦਰ ਔਜਲਾ ਆਦਿਕ ਦੇ ਨਾਂ ਸਾਮਲ ਹਨ। ਅੰਤ ਪੰਜਾਬੀਅਤ ਦੇ ਰੰਗ ਵਿਚ ਰੰਗਿਆਂ ਇਹ ਮੇਲਾਂ ਯਾਦਗਾਰੀ ਹੋ ਨਿਬੜਿਆਂ।

# ਗਰਮ ਏਅਰ ਬੈਲੂਨ ਵਿਚ ਲੱਗੀ ਅੱਗ, 16 ਲੋਕਾਂ ਦੀ ਮੌਤ

ਅਮਰੀਕਾ ਦੇ ਟੈਕਸਾਸ ਸੂਬੇ ਵਿਚ ਇਕ ਗਰਮ ਏਅਰ ਬੈਲੂਨ ਵਿਚ ਅੱਗ ਲੱਗ ਗਈ, ਜਿਸ ਕਾਰਨ ਉਸ ਵਿਚ ਸਵਾਰ 16 ਲੋਕਾਂ ਦੀ ਮੌਤ ਹੋ ਗਈ।

ਇਹ ਦੁਰਘਟਨਾ ਆਸਟਿਨ ਤੋਂ ਕਰੀਬ 50 ਕਿਲੋਮੀਟਰ ਦੱਖਣ ਵਿਚ ਸਥਿਤ ਲਾਕਹਰਟ ਵਿਚ ਹੋਈ। ਫੈਡਰਲ ਐਵੀਏਸ਼ਨ ਪ੍ਰਬੰਧਨ ਦੇ ਅਧਿਕਾਰੀ ਲੂਨ ਨੇ ਦੱਸਿਆ ਕਿ ਬੈਲੂਨ ਇਕ ਮੈਦਾਨ ਦੇ ਉਪਰ ਅਚਾਨਕ ਫਟ ਗਿਆ, ਜਿਸ ਕਾਰਨ ਹਾਦਸਾ ਵਾਪਰ ਗਿਆ।

------

# ਕੈਬਨਿਟ ਮੰਤਰੀ ਰਣੀਕੇ ਵੱਲੋਂ ਬਟਾਲਾ ਵਿਖੇ ਸੇਵਾ ਕੇਂਦਰ ਦਾ ਉਦਘਾਟਨ




**ਬਟਾਲਾ (ਐਨ ਐਸ ਬਰਨਾਲ):**-ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਬਿਹਤਰ ਨਾਗਰਿਕ ਸੇਵਾਵਾਂ ਦੇਣ ਲਈ ਬਣਾਏ ਗਏ ਸੇਵਾ ਕੇਂਦਰਾਂ ਨੂੰ ਅੱਜ ਪੂਰੇ ਪੰਜਾਬ ਵਿਚ ਲੋਕ ਅਰਪਣ ਕਰ ਦਿੱਤਾ ਗਿਆ ਹੈ ਅਤੇ ਹੁਣ ਲੋਕਾਂ ਨੂੰ ਆਪਣੇ ਰੋਜਮਰਾਂ ਦੇ ਸਰਕਾਰੀ ਕੰਮਾਂ ਕਾਰਾਂ ਲਈ ਸ਼ਹਿਰਾਂ ਦੀ ਬੇਲੋੜੀ ਖੱਜਲ ਖੁਆਰੀ ਨਹੀਂ ਝੱਲਣੀ ਪਵੇਗੀ। ਇਹ ਪ੍ਰਗਟਾਵਾ ਸ. ਗੁਲਜਾਰ ਸਿੰਘ ਰਣੀਕੇ, ਕੈਬਨਿਟ ਮੰਤਰੀ ਪੰਜਾਬ ਸਰਕਾਰ ਨੇ ਬਟਾਲਾ ਵਿਖੇ ਸੇਵਾ ਕੇਂਦਰ ਦਾ ਉਦਘਾਟਨ ਕਰਨ ਮੌਕੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ।

ਸ ਰਣੀਕੇ ਨੇ ਕਿਹਾ ਕਿ ਅੱਜ ਦਾ ਦਿਨ ਪੰਜਾਬ ਦੇ ਪ੍ਰਸ਼ਾਸਕੀ ਸੁਧਾਰਾਂ ਵਿਚ ਸੁਨਿਹਰੀ ਦਿਨ ਹੈ ਅਤੇ ਅੱਜ ਰਾਜ ਭਰ ਵਿਚ 389 ਸ਼ਹਿਰੀ ਸੇਵਾ ਕੇਂਦਰਾਂ ਨੂੰ ਲੋਕ ਅਰਪਣ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਸਿਹਤ, ਪ੍ਰਸੋਨਲ, ਮਾਲ ਤੇ ਮੁੜ ਵਸੇਬਾ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ, ਗ੍ਰਹਿ ਵਿਭਾਗ, ਖੇਤੀਬਾੜੀ, ਪੇਂਡੂ ਵਿਕਾਸ, ਪ੍ਰਸ਼ਾਸਕੀ ਸੁਧਾਰ ਆਦਿ ਵਿਭਾਗਾਂ ਦੀਆਂ 62 ਸੇਵਾਵਾਂ ਲੋਕਾਂ ਨੂੰ ਹੁਣ ਸੇਵਾ ਕੇਂਦਰਾਂ ਵਿਚੋਂ ਮਿਲਣਗੀਆਂ। ਸ. ਰਣੀਕੇ ਨੇ ਕਿਹਾ ਕਿ ਸੇਵਾ ਕੇਂਦਰਾਂ 'ਚ ਸਾਰੀਆਂ ਸੇਵਾਵਾਂ ਸੇਵਾ ਦੇ ਅਧਿਕਾਰ ਕਾਨੂੰਨ ਤਹਿਤ ਨਿਰਧਾਰਿਤ ਸਮੇਂ ਅੰਦਰ ਦਿੱਤੀਆਂ ਜਾਣਗੀਆਂ। ਉਹਨਾਂ ਕਿਹਾ ਕਿ ਇਹ ਸੇਵਾ ਕੇਂਦਰ ਸ਼ੋਮਣੀ ਅਕਾਲੀ ਦਲ-ਭਾਜਪਾ ਗਠਜੋੜ ਸਰਕਾਰ ਦੇ 'ਰਾਜ ਨਹੀ ਸੇਵਾ' ਦੇ ਨਾਅਰੇ 'ਤੇ ਪੂਰੀ ਤਰਾਂ ਖਰੇ ਉਤਰਣਗੇ।

ਕੈਬਨਿਟ ਮੰਤਰੀ ਨੇ ਕਿਹਾ ਕਿ ਰਾਜ ਵਿਚ ਕੁੱਲ 2174 ਸੇਵਾ ਕੇਂਦਰ ਬਣਾਏ ਗਏ ਹਨ ਜਿਹਨਾਂ ਵਿਚੋਂ ਅੱਜ 389 ਸ਼ਹਿਰੀ ਸੇਵਾ ਕੇਂਦਰਾਂ ਦਾ ਉਦਘਾਟਨ ਕੀਤਾ ਗਿਆ ਹੈ ਜਦਕਿ 1785 ਦਿਹਾਤੀ ਖੇਤਰਾਂ 'ਚ ਸਥਿਤ ਸੇਵਾ ਕੇਂਦਰਾਂ ਨੂੰ ਵੀ ਬਹੁਤ ਜਲਦ ਲੋਕ ਅਰਪਿਤ ਕਰ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਇਹਨਾਂ ਸੇਵਾ ਕੇਂਦਰਾਂ ਦੇ ਸ਼ੁਰੂ ਹੋਣ ਨਾਲ ਹੁਣ ਲੋਕਾਂ ਨੂੰ ਰੋਜਮਰਾਂ ਦੇ ਕੰਮ ਕਾਜ ਲਈ ਐਸ.ਡੀ.ਐਮ. ਦਫਤਰ ਜਾਂ ਡੀ.ਸੀ. ਦਫਤਰ ਦੇ ਗੇੜੇ ਨਹੀਂ ਮਾਰਨੇ ਪੈਣਗੇ ਬਲਕਿ ਆਪਣੇ ਘਰ ਦੇ ਨੇੜੇ ਇਹਨਾਂ ਸੇਵਾ ਕੇਂਦਰਾਂ ਤੋਂ ਹੀ ਸਾਰੀਆਂ ਸਹੂਲਤਾਂ ਉਪਲੱਬਧ ਹੋਣਗੀਆਂ।

# ਹਲਕਾ ਫਿਲੌਰ ਦੇ ਲੋਕ ਸਮੱਸਿਆਵਾਂ ਨਾਲ ਜੂਝਣ ਲਈ ਮਜਬੂਰ

**ਗੁਰਾਇਆ (ਨਿਰਮਲ ਗੁੜਾ)–** ਇੱਕ ਪਾਸੇ ਪੰਜਾਬ ਸਰਕਾਰ ਵਲੋਂ ਪੰਜਾਬ ਦੇ ਵਿਕਾਸ ਦੇ ਵੱਡੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ ਅਤੇ 2017 ਵਿੱਚ ਆ ਰਹੀਆਂ ਵਿਧਾਨ ਸਭਾ ਚੋਣਾ ਵਿੱਚ ਸੂਬੇ ਤੇ ਮੁੜ ਰਾਜ ਸਭਾਲਣ ਦੇ ਸੁਪਨੇ ਦੇਖੇ ਜਾ ਰਹੇ ਹਨ ਪਰ ਦੂਜੇ ਪਾਸੇ ਜੇਕਰ ਹਲਕਾ ਫਿਲੌਰ ਦੇ ਬਹੁਤੇ ਪਿੰਡਾਂ ਦੇ ਹਾਲ ਦੇਖੀਏ ਤਾਂ ਅੱਜ ਵੀ ਲੋਕ ਸਮੱਸਿਆਵਾਂ ਨਾਲ ਜੂਝਣ ਲਈ ਮਜਬੂਰ ਹਨ। ਹਲਕਾ ਫਿਲੌਰ ਦੇ ਪਿੰਡ ਸੋਤੋਂ ਦੇ ਲੋਕਾਂ ਨੇ ਸਮੱਸਿਆਵਾਂ ਵਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਪਿੰਡ ਵਿੱਚ ਕੋਈ ਵੀ ਨਾਲੀ, ਗਲੀ ਅਤੇ ਖਾਲ਼ੇ ਅਜੇ ਤੱਕ ਪੱਕੇ ਨਹੀਂ ਬਣਾਏ ਗਏ। ਪਿੰਡ ਵਾਸੀਆਂ ਨੇ ਦੱਸਿਆ ਕਿ ਇਸ ਪਿੰਡ ਵਿੱਚ ਪੀਣ ਵਾਲ਼ੇ ਪਾਣੀ ਦਾ ਕੋਈ ਵੀ ਸਾਧਨ ਨਹੀਂ ਸਿਰਫ ਇੱਕ ਹੀ ਸਰਕਾਰੀ ਨਲਕਾ ਸੀ ਜੋ ਕਿ ਹੁਣ ਖਰਾਬ ਪਿਆ ਹੈ। ਪਿੰਡ ਦੇ ਕੁੱਝ ਕੁ ਘਰਾਂ ਵਿੱਚ ਆਪਣੇ ਤੌਰ ਤੇ ਸਬਮਰਸੀਬਲ ਬੋਰ ਕਰਾਇਆ ਹੋਇਆ ਜਿਥੋਂ ਸਾਰਾ ਪਿੰਡ ਪਾਣੀ ਵਰਤ ਰਿਹਾ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਗੰਦੇ ਪਾਣੀ ਦੇ ਨਿਕਾਸ ਦਾ ਕੋਈ ਪ੍ਰਬੰਧ ਨਹੀਂ ਹੈ ਪਿੰਡ ਛੱਪੜ ਨਾ ਹੋਣ ਕਰਕੇ ਘਰਾਂ ਦਾ ਗੰਦਾ ਪਾਣੀ ਘਰਾਂ ਵਿੱਚ ਹੀ ਖੜਾ ਰਹਿੰਦਾ ਹੈ। ਪਿੰਡ ਵਾਸੀਆਂ ਨੇ ਸਰਕਾਰ ਪਾਸੋਂ ਮੰਗ ਕੀਤੀ ਕਿ ਪਿੰਡ ਦੀਆਂ ਸਮੱਸਿਆਵਾਂ ਵੱਲ ਉਚੇਚਾ ਧਿਆਨ ਦੇ ਕੇ ਹਲ ਕੀਤਾ ਜਾਵੇ ਤਾਂ ਲੋਕ ਚੰਗੀ ਇਨਸਾਨਾਂ ਵਾਲੀ ਜਿੰਦਗੀ ਜਿਉ ਸਕਨ। ਸਮੱਸਿਆਵਾਂ ਦੱਸਣ ਵੇਲੇ ਪੂਰਨ ਸਿੰਘ, ਜਸਵੰਤ ਸਿੰਘ, ਕਰਨੈਲ ਸਿੰਘ, ਸੇਵਾ ਸਿੰਘ, ਅੰਗਰੇਜ ਸਿੰਗ, ਸੁਖਦੇਵ ਸਿੰਘ, ਨਛੱਤਰ ਸਿੰਘ ਪੰਚ, ਪਰਮਜੀਤ ਸਿੰਗ ਪੰਚ, ਆਸ਼ਾ ਰਾਣੀ ਪੰਚ, ਗੁਰਮੀਤ ਕੌਰ ਪੰਚ, ਆਦਿ ਮੌਜੂਦ ਸਨ। ਜਦੋਂ ਇਸ ਸੰਬੰਧੀ ਸਰਪੰਚ ਗੁਰਦੀਪ ਸਿੰਘ ਤੋਂ ਪੁਛਿਆ ਤਾਂ ਉਹਨਾਂ ਕਿਹਾ ਕਿ ਪਿੰਡ ਦੀਆਂ ਸਮੱਸਿਆਵਾਂ ਸੰਬੰਧੀ ਪ੍ਰਸ਼ਾਸ਼ਨ ਅਤੇ ਸਰਕਾਰ ਕੋਲ ਪਹੁਚਾਈ ਤਾਂ ਹੈ ਪਰ ਅਜੇ ਤੱਕ ਇਹਨਾਂ ਸਮੱਸਿਆਵਾਂ ਦਾ ਕੋਈ ਹਲ ਨਹੀਂ ਹੋ ਸਕਿਆ। ਇਸ ਸੰਬੰਧੀ ਜਦੋਂ ਬੀਡੀਓ ਫਿਲੌਰ ਅਭੈਚੰਦਰ ਸ਼ੇਖਰ ਨਾਲ ਫੋਨ ਤੇ ਗਲ ਕੀਤੀ ਤਾਂ ਉਹਨਾਂ ਕਿਹਾ ਕਿ ਜਲਦੀ ਇਸ ਪਿੰਡ ਦੀ ਜਲਦੀ ਰਿਪੋਰਟ ਮੰਗਵਾ ਕੇ ਪਿੰਡ ਦੀ ਹਰ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ।



# ਲੂਸੀਆਨਾ ਵਿਚ ਹੜ੍ਹਾਂ ਕਾਰਨ 8 ਦੀ ਮੌਤ, 40 ਹਜ਼ਾਰ ਘਰ ਡੁੱਬੇ

ਬੈਟਨ ਰਾਗ- ਅਮਰੀਕਾ ਦੇ ਲੂਸੀਆਨਾ ਸੂਬੇ ਵਿਚ ਆਏ ਅਚਾਨਕ ਹੜ੍ਹਾਂ ਦੇ ਕਾਰਨ ਮਰਨ ਵਾਲਿਆਂ ਦੀ ਗਿਣਤੀ 8 ਹੋ ਗਈ ਹੈ। ਹੜ੍ਹਾਂ ਦੀ ਮੌਜੂਦਾ ਹਾਲਤ ਨੂੰ ਦੇਖਦੇ ਹੋਏ ਅਧਿਕਾਰੀਆਂ ਨੇ ਇਕ ਦਰਜਨ ਇਲਾਕਿਆਂ ਵਿਚ ਐਮਰਜੈਂਸੀ ਐਲਾਨ ਦਿੱਤੀ ਹੈ। ਦੱਖਣੀ ਲੂਸੀਆਨਾ ਦੇ ਕੁਝ ਖੇਤਰਾਂ ਵਿਚ ਪਾਣੀ ਘੱਟ ਹੋਣ ਲੱਗਿਆ ਹੈ। ਹੋਰ ਇਲਾਕਿਆਂ ਵਿਚ ਪਾਣੀ ਵੱਧ ਰਿਹਾ ਹੈ। ਕੌਮੀ ਮੌਸਮ ਸੇਵਾ ਨੇ ਫਿਰ ਤੋਂ ਹੜ੍ਹਾਂ ਦੀ ਚਿਤਾਵਨੀ ਦਿੱਤੀ ਹੈ। ਹੜ੍ਹਾਂ ਦੇ ਕਾਰਨ 40 ਹਜ਼ਾਰ ਘਰਾਂ ਵਿਚ ਪਾਣੀ ਭਰ ਗਿਆ ਹੈ। 20 ਹਜ਼ਾਰ ਤੋਂ ਜ਼ਿਆਦਾ ਲੋਕਾਂ ਨੂੰ ਬਚਾਅ ਲਿਆ ਗਿਆ ਹੈ।

# ਪੱਦੀ ਜਗੀਰ ਦੇ 104 ਸਾਲਾ ਬਾਬਾ ਬੋਹੜ ਦੀ ਹੋਈ ਮੌਤ, ਦੇਖੀਆਂ 5 ਪੁਸ਼ਤਾਂ



**ਗੁਰਾਇਆ, (ਨਿਰਮਲ ਗੁੜਾ)–** ਪਿੰਡ ਪੱਦੀ ਜਗੀਰ ਦੇ 104 ਸਾਲਾ ਦੇ ਬਜੁਰਗ ਸ. ਮੂਲਾ ਸਿੰਘ ਜੀ ਨੇ ਕੀਤਾ ਅਕਾਲ ਚਲਾਣਾ। ਮੂਲਾ ਸਿੰਘ ਦੇ ਸਪੁੱਤਰ ਰੂਪ ਸਿੰਘ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਸਰਪੰਚ ਨੇ ਦੱਸਿਆ ਕਿ ਉਹਨਾਂ ਦੇ ਪਿਤਾ ਜੀ 104 ਸਾਲ ਦੇ ਹੋ ਕੇ ਪੂਰੇ ਹੋਏ ਹਨ। ਉਹਨਾਂ ਦੱਸਿਆ ਮੂਲਾ ਸਿੰਘ ਦੇ 2 ਬੇਟੇ ਅਤੇ 6 ਬੇਟੀਆਂ ਹਨ ਜਿਹਨਾਂ ਦੇ ਕੁੱਲ ਪੋਤੇ ਪੋਤਰੀਆਂ, ਦੋਹਤੇ ਦੋਹਤਰੀਆਂ ਮਿਲਾ ਕੇ 107 ਜੀਅ ਹਨ ਅਤੇ ਬਜੁਰਗ ਨੇ 5 ਪੁਸ਼ਤਾਂ ਦੇਖੀਆਂ ਹਨ। ਰੂਪ ਸਿੰਘ ਨੇ ਦੱਸਿਆ ਕਿ ਬਜੁਰਗ ਦਸਦੇ ਸਨ ਕਿ ਜਦੋਂ 1931 ਵਿੱਚ ਸ਼ਹੀਦ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਹੁਣਾਂ ਨੂੰ ਸ਼ਹੀਦ ਕੀਤਾ ਗਿਆ ਸੀ ਤਾਂ ਉਹ ਉਸ ਵੇਲੇ ਜਵਾਨ ਸਨ। ਇਲਾਕੇ ਦੇ ਸੱਭ ਤੋਂ ਵੱਧ ਉਮਰ ਦੇ ਹੋਣ ਕਰਕੇ ਸ. ਮੂਲਾ ਸਿੰਘ ਨੂੰ ਲੋਕ ਬਾਬਾ ਬੋਹੜ ਕਹਿੰਦੇ ਸਨ।

# ਚੰਡੀਗੜ੍ਹ ਵਿਚ ਪਹਿਲੀ ਵਾਰ ਭਾਰਤੀ ਸੰਵਿਧਾਨ ਤੇ ਪਾਠ

**ਚੰਡੀਗੜ੍ਹ–** ਸਾਰੇ ਕੇਂਦਰੀ, ਐਸ. ਸੀ., ਐਸ. ਟੀ., ਕੇਂਦਰ ਸਰਕਾਰ ਦੇ ਕਰਮਚਾਰੀ ਅਤੇ ਨਵਦਿਸ਼ਾ ਵਿਚਾਰ ਮੰਚ ਵੱਲੋਂ ਚੰਡੀਗੜ੍ਹ ਵਿਚ ਪਹਿਲੀ ਵਾਰ ਸੰਵਿਧਾਨ ਪਾਠ ਕਰਵਾਇਆ ਜਾ ਰਿਹਾ ਹੈ। ਨਵਦਿਸ਼ਾ ਵਿਚਾਰ ਮੰਚ ਵੱਲੋਂ ਅਜਮੇਰ ਕੁਮਾਰ ਭੱਟੀ ਚੇਅਰਮੈਨ, ਇੰਦਰਬੀਰ ਸਿੰਘ ਪ੍ਰਧਾਨ ਨੇ ਦੱਸਿਆ ਕਿ ਇਹ ਪ੍ਰੋਗਰਾਮ ਜਨਰਲ ਮੈਨੇਜਰ ਆਈ. ਡੀ. ਬੀ. ਆਈ. ਬੈਂਕ ਚੰਡੀਗੜ੍ਹ ਦੇ ਸਹਿਯੋਗ ਨਾਲ ਅੰਬੇਦਕਰ ਭਵਨ ਸੈਕਟਰ 39ਵਿਖੇ 4 ਸਤੰਬਰ ਨੂੰ ਦੁਪਹਿਰੇ 1 ਵਜੇ ਕਰਵਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿਚ ਭਾਰਤੀ ਸੰਵਿਧਾਨ ਤੇ ਆਡੀਓ ਅਤੇ ਵੀਡੀਓ ਵੀ ਜਾਰੀ ਕੀਤੀਆਂ ਜਾਣਗੀਆਂ। ਉਹਨਾਂ ਦੱਸਿਆ ਕਿ ਅਜਿਹਾ ਕੀ ਹੈ ਸੰਵਿਧਾਨ ਵਿਚ ਜੋ ਮਨੂੰਵਾਦੀ ਤਾਕਤਾਂ ਇਸਨੂੰ ਤਬਦੀਲ ਕਰਨਾ ਚਾਹੁੰਦੀਆਂ ਹਨ? ਕੀ ਸੰਵਿਧਾਨ ਵਿਚ ਕਾਸਟ ਸਬੰਧਤ ਰਿਜ਼ਰਵੇਸ਼ਨ ਦੀ ਵਿਵਸਥਾ ਹੈ? ਐਸ. ਸੀ., ਐਸ. ਟੀ.ਐਕਟ ਕੀ ਹੈ? ਕਿਹਨਾਂ ਖੇਤਰਾਂ ਵਿਚ ਰਿਜ਼ਰਵੇਸ਼ਨ ਹੈ ਅਤੇ ਕਿਹੜੇ ਖੇਤਰਾਂ ਵਿਚ ਨਹੀਂ ਅਤੇ ਕਿਸ ਅਨੁਛੇਦ ਵਿਚ ਹੈ? ਆਦਿ ਕਈ ਅਜਿਹੀਆਂ ਗੱਲਾਂ ਹਨ ਜੋ ਨਿਰਧਾਰਿਤ ਕਰਦੀਆਂ ਹਨ ਕਿ ਸਾਡੇ ਲਈ ਉਚਿਤ ਤੱਥਾਂ ਦੇ ਨਾਲ ਸੰਵਿਧਾਨ ਨੂੰ ਜਾਨਣਾ ਕਿੰਨਾ ਜ਼ਰੂਰੀ ਹੈ।

ਇਸ ਪਾਠ ਦੀ ਵਿਸ਼ੇਸ਼ਤਾ ਇਹ ਹੋਵੇਗੀ ਕਿ ਸੰਵਿਧਾਨ ਪਾਠ ਆਡੀਓ ਵੀਡੀਓ ਵਿਚਕੀਤਾ ਜਾਵੇਗਾ। ਸੰਵਿਧਾਨ ਪਾਠ ਦਾ ਸਮਾਂ ਡੇਢ ਘੰਟੇ ਦਾ ਹੋਵੇਗਾ।ਇਸ ਮੌਕੇ ਵਿਦਵਾਨਾਂ ਦੇ ਵਿਚਾਰ ਸੁਣਨ ਨੂੰ ਮਿਲਣਗੇ।

# 'ਖਾੜਾ ਕੇਜਰੀਵਾਲ ਕਾ!

ਰਲਦੇ 'ਆਪ' ਵਿਚ ਨਵਿਆਂ ਨੂੰ ਦੇਖ ਕੇ ਤੇ
ਦਿਲ ਪੁਰਾਣਿਆਂ ਭਾਊਆਂ ਦਾ ਡਰੀ ਜਾਂਦਾ।

ਬਣਦਾ 'ਇਨਕਲਾਬੀਆ' ਆਉਂਦਿਆਂ ਹੀ
ਜਿਹੜਾ ਹਰੀ ਅੰਗੂਠੀ ਸੀ ਚਰੀ ਜਾਂਦਾ।

ਦਾਅਵਾ ਕਰਕੇ ਪੰਜਾਬ ਦੇ ਦਰਦ ਵਾਲਾ
ਨਾਲੇ ਟਿਕਟ ਲਈ ਤੀਂਘੜ ਕੇ ਮਰੀ ਜਾਂਦਾ।

ਨਾਲ ਉਤਲਿਆਂ ਗੰਢ-ਤੁੱਪ ਕਰਨ ਖਾਤਰ
ਦਿੱਲੀ ਵੱਲ ਦਾ ਰੁਖ ਕੋਈ ਕਰੀ ਜਾਂਦਾ।

ਸੁਣਕ ਬੱਝਦੀ ਆਸ ਤਬਦੀਲੀਆਂ ਦੀ
ਤਪਿਆ ਲੋਕਾਂ ਦਾ ਕਾਲਜਾ ਠਰੀ ਜਾਂਦਾ।

ਤੁਰੇ ਆਉਣ ਸਿਆਸੀ ਭਲਵਾਨ ਗਾਇਕ
ਖਾੜਾ ਕੇਜਰੀਵਾਲ ਦਾ ਭਰੀ ਜਾਂਦਾ।



ਤਰਲੋਚਨ ਸਿੰਘ 'ਦੁਪਾਲ ਪੁਰ'

001-408-915-1268




**Special Features**

Watch & Record
Make it a PVR (USB Required)
LED Screen
Know what your box is doing

Press & Play
Press a number to change the channel
Apps from Market

Shahzad Choudury
Cell. (770) 815-8315

# DEALERS IN CALIFORNIA USA

Keney Rassul
Cell. (909) 213-7081

Kenny (909)-213-7081, (909) 498 6132
S. Chauhdry (770) 815 8315
BOMBAY MUSIC (BERKELEY)
***
Mr. Anil Ajmany,
1006 University Ave., BERKELEY, CA 94710, USA
PHONE: 510-845-3311
E-MAIL; 1bombaymusic@gmail.com
***
HI-TECH INTERNATIONAL
(W. SACRAMANTO)
1449 SACRAMENTO AVENUE,
WEST SACRAMENTO, CA 95605
PHONE :916-995-8525
E-MAIL: sohaziz@gmail.com
***
INDIA BAZZAR (STOCKTON)
Mr. Happy, Mr. Jai Ram Ji
1304 E. Hammer Lane, Stockton, CA 95210
PHONE :209-478-0285 , 209-594-8473
***
MR. AVTAR SINGH PHONE :707-703-1451
(BSONS TRAVEL & TEXAS SERVICE)
1652 WEST TEXAS STREET 189, SUITE 205, FAIRFIELD, CA 94533,
***
Shak (510-290-0786)
HALAL FOOD MARKET IN BERKELEY
***
Mr. Ali 1964 SAN PABLO AVE, BERKELEY, CA 94702 (PH) :510 845 2000 , 925 914 1498
Mr. SINGH Phone:209-450-1365
Indian Grocery and General Store
C-3230 Mitchell Rd Ceres, CA 95307
bigdepotindian@hotmail.com
MR. ATUL MALIK (BERKELEY)
1962 San Pablo Avenue, Berkeley,CA 94702
Phone: 510 649 7777
E-mail: infinitytravels@sbcglobal.net
***
MR. KARIM,
SMOKE FOR LESS
1652 N. Texas Street, Fairfield, CA 94533
PHONE :510-684-9586E
mail:karimhotaki@gmail.com
***
MR. NAVEEN KHOSLA
(SHALIMAR INDIAN GROCERY)
32120 ALVARADO BLVD, UNION CITY, CA 94587
PHONE :510 487 7752 , 209 678 5004
***
MR. SHAFI (HALAL MEATS)
1538 S. DE ANZA BLVD, SAN JOSE, CA 95129,
PHONE :408 865 1222
***
RAVI
Phone: 661 835 8930
All India Sweet, 3150 Panama Slane # K,
Bakersfield, CA 93313 usakamboj@yahoo.com
****
SHARMA JI,
BOMBAY VIDEO (YUBA CITY)
1410 Bridge Street, Yuba City, CA 95993
PHONE :530-673-7150
***
TARIQ Phone # 315 542 5615
17 Sola Court, Sacramento, CA 95835
Email:hemo7863@gmail.com
***
Prince Barber Shop
37477 Fremont Blvd. suite C CA
Ph:5106779942, 5105059605
***
MR. PARSAD (FIJI INDIAN STORE)
117 WEST MAIN STREET, WOODLAND, CA 95695
PHONE : 530 668 8333
***
Mr. Shakeel Phone. 510 234 1700
BEST TIRES & WHEELS,
12826, SAN PABLO AVE. RICHMOND CA 94805
*****
SHUJA SIDDIQI Phone: 510 364 7595
Halal Meat and Grocery,
583 Saratoga Ave., Santa Clara, CA 95050
shuja_siddi@hotmail.com
*****
SMOKE ZONE, (FREEMONT)
Mir Wais
PHONE :510-656-9663 , 510-688-5878
46699 Mission Blvd, Freemont, CA 94534
Mr. Waqas,
CURRY KING , PAKISTAN AND INDIAN CUISINE,
34579 ALVARADO NILES ROAD,
UNION CITY, CA 94587
510 200 1730
waqaskhawaja85@yahoo.com
***
Amar Fashion Grocery Bazar
Lande Ave., Turlock CA
***
MadinaZabiha
Halal Foods Fremont 510 445 0786
***
Raavi Restaurant (San Francisco)
Jackson St. San Francisco
PH:510 290 0786
***
Rakesh
Phone: 925-778-7860,
Email: rakesh.sahni@yahoo.com
101 Railroad Ave. Antioch, CA 94509

www.shavatv.com
info@shavatv.com

## ਅਲਾਹਾਬਾਦ ਹਾਈ ਕੋਰਟ ਦੇ ਫ਼ੈਸਲੇ ਦੇ ਮੱਦੇ-ਨਜ਼ਰ

# ਕਿਉਂ ਨਾ ਮਿਲੇ ਸਾਰੇ ਬੱਚਿਆਂ ਨੂੰ ਬਰਾਬਰ ਦੀ ਸਿੱਖਿਆ?



ਗੁਰਮੀਤ ਸਿੰਘ ਪਲਾਹੀ
91-98158-02070

ਦੇਸ਼ ਦੇ ਸਿਆਸੀ ਆਗੂਆਂ, ਅਫ਼ਸਰਸ਼ਾਹੀ, ਸਰਕਾਰੀ ਮੁਲਾਜ਼ਮਾਂ ਅਤੇ ਅਧਿਆਪਕਾਂ ਦੇ ਵੱਡੇ ਹਿੱਸੇ ਨੇ ਸਰਕਾਰੀ ਸਕੂਲਾਂ ਤੋਂ ਮੁੱਖ ਮੋੜਿਆ ਹੋਇਆ ਹੈ। ਉਹ ਆਪਣੇ ਬੱਚਿਆਂ ਨੂੰ ਪੜ੍ਹਨ ਲਈ ਮਾਡਲ, ਪਬਲਿਕ ਸਕੂਲਾਂ ਵਿੱਚ ਭੇਜਦੇ ਹਨ। ਭਾਵੇਂ ਹਾਲੇ ਵੀ 62 ਫ਼ੀਸਦੀ ਪਹਿਲੀ ਤੋਂ ਪੰਜਵੀਂ ਕਲਾਸ ਦੇ ਬੱਚੇ ਅਤੇ 58 ਫ਼ੀਸਦੀ ਛੇਵੀਂ ਤੇ ਸੱਤਵੀਂ ਕਲਾਸ ਦੇ ਬੱਚੇ ਸਰਕਾਰੀ ਸਕੂਲਾਂ 'ਚ ਪੜ੍ਹਦੇ ਹਨ, ਜਿਨ੍ਹਾਂ ਦੀ ਦੇਸ਼ 'ਚ ਹਾਲਤ ਤਰਸ ਯੋਗ ਹੈ; ਪੜ੍ਹਾਈ ਪੱਖੋਂ ਵੀ, ਬੁਨਿਆਦੀ ਢਾਂਚੇ ਦੇ ਪੱਖੋਂ ਵੀ। ਸਰਕਾਰੀ ਸਕੂਲਾਂ 'ਚ ਪੜ੍ਹਨ ਵਾਲੇ ਇਨ੍ਹਾਂ ਬੱਚਿਆਂ ਵਿੱਚੋਂ ਬਹੁਤੇ 'ਰੀਜ਼ਰਵ ਕੈਟੇਗਰੀ' ਅਤੇ ਘੱਟ-ਗਿਣਤੀ ਵਰਗਾਂ ਨਾਲ ਸੰਬੰਧਤ ਹਨ।

ਦੇਸ਼ ਦੇ ਕੋਨੇ-ਕੋਨੇ 'ਚ ਗ਼ਰੀਬਾਂ ਅਤੇ ਅਮੀਰਾਂ ਦੇ ਸਕੂਲ ਵੱਖੋ-ਵੱਖਰੇ ਹੋ ਗਏ ਹਨ। ਹੇਠਲੇ ਮੱਧ-ਵਰਗ ਦੇ ਲੋਕ ਉੱਪਰਲਿਆਂ ਦੀ ਰੀਸ ਕਰਦੇ, ਤੰਗ-ਪ੍ਰੇਸ਼ਾਨ ਹੋ ਕੇ ਨਿੱਜੀ ਸਕੂਲਾਂ ਦੀਆਂ ਭਾਰੀ ਫੀਸਾਂ ਅਦਾ ਕਰਨ ਲਈ ਮਜਬੂਰ ਹਨ। ਸਰਕਾਰੀ ਸਕੂਲਾਂ 'ਚ ਅਧਿਆਪਨ ਅਮਲੇ ਦੀ ਭਰਤੀ, ਇਨ੍ਹਾਂ ਸਕੂਲਾਂ ਦੇ ਸੰਚਾਲਨ ਅਤੇ ਪ੍ਰਬੰਧ 'ਚ ਢਿੱਲਾਂ ਅਤੇ ਕੁਤਾਹੀਆਂ, ਚੋਣਾਂ 'ਚ ਵੋਟਾਂ ਬਟੋਰਨ ਲਈ ਇਨ੍ਹਾਂ ਸਕੂਲਾਂ 'ਚ ਯੋਗਤਾ ਰਹਿਤ ਅਮਲੇ ਦੀ ਭਰਤੀ, ਬੇਲੋੜੀਆਂ ਅਧਿਆਪਕ ਬਦਲੀਆਂ, ਆਦਿ ਨੇ ਇਨ੍ਹਾਂ ਸਕੂਲਾਂ 'ਚ ਬੱਚਿਆਂ ਦੀ ਪੜ੍ਹਾਈ ਦੇ ਮਿਆਰ ਨੂੰ ਹੇਠਲੇ ਪੱਧਰ ਉੱਤੇ ਲੈ ਆਂਦਾ ਹੈ। ਕਿਉਂਕਿ ਸਰਕਾਰੀ ਅਫ਼ਸਰਾਂ, ਬਾਬੂਆਂ, ਨੇਤਾਵਾਂ ਦੇ ਬੱਚੇ ਇਨ੍ਹਾਂ ਸਕੂਲਾਂ 'ਚ ਨਹੀਂ ਪੜ੍ਹਦੇ, ਇਸ ਕਰ ਕੇ ਕਿਸੇ ਵੀ ਸਰਕਾਰੀ ਕਰਮਚਾਰੀ, ਅਧਿਕਾਰੀ ਜਾਂ ਫ਼ੈਸਲਾ ਕਰਨ ਵਾਲੇ ਤਾਣੇ-ਬਾਣੇ ਦੇ ਹਿੱਤਾਂ ਨੂੰ ਇਨ੍ਹਾਂ ਸਕੂਲਾਂ ਦੇ ਦੁਰਪ੍ਰਬੰਧ ਨਾਲ ਕੋਈ ਠੇਸ ਨਹੀਂ ਪਹੁੰਚਦੀ।

ਦੇਸ਼ ਵਿੱਚ ਸਰਕਾਰੀ ਪ੍ਰਬੰਧ ਹੇਠ ਚਲਾਏ ਜਾ ਰਹੇ ਸਕੂਲਾਂ ਦੀ ਭੈੜੀ ਦਸ਼ਾ ਦੇ ਸੁਧਾਰ ਲਈ ਅਲਾਹਾਬਾਦ ਹਾਈ ਕੋਰਟ ਨੇ ਇੱਕ ਅਹਿਮ ਫ਼ੈਸਲਾ 18 ਅਗਸਤ 2015 ਨੂੰ ਲਿਆ ਸੀ ਅਤੇ ਉੱਤਰ ਪ੍ਰਦੇਸ਼ ਸਰਕਾਰ ਨੂੰ ਹੁਕਮ ਦਿੱਤਾ ਸੀ ਕਿ ਉਹ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ, ਸਰਕਾਰੀ ਕਰਮਚਾਰੀਆਂ, ਜੁਡੀਸ਼ਰੀ ਦੇ ਮੈਂਬਰਾਂ ਅਤੇ ਹਰ ਵਿਅਕਤੀ ਵਿਸ਼ੇਸ਼ ਨੂੰ ਹਦਾਇਤਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਭਰਤੀ ਕਰਵਾਏ। ਮਾਣਯੋਗ ਜੱਜਾਂ ਨੇ ਸਾਫ਼ ਸ਼ਬਦਾਂ 'ਚ ਕਿਹਾ ਕਿ ਜੇਕਰ ਸਰਕਾਰੀ ਕਰਮਚਾਰੀਆਂ, ਅਧਿਕਾਰੀਆਂ ਦੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਨਗੇ ਤਾਂ ਇਹ ਸਕੂਲ ਵਧੀਆ ਢੰਗ ਨਾਲ ਕੰਮ ਕਰਨਗੇ।

ਉੱਚ ਅਦਾਲਤ ਨੇ ਇਹ ਫ਼ੈਸਲਾ ਉੱਤਰ ਪ੍ਰਦੇਸ਼ ਵਿੱਚ ਐਸੋਸੀਏਟ ਅਧਿਆਪਕਾਂ ਦੀ ਸਰਕਾਰੀ ਪ੍ਰਾਇਮਰੀ ਅਤੇ ਜੂਨੀਅਰ ਹਾਈ ਸਕੂਲਾਂ ਵਿੱਚ ਕੁਝ ਸਾਲਾਂ ਤੋਂ ਭਰਤੀ ਨਾ ਕੀਤੇ ਜਾਣ ਸੰਬੰਧੀ ਦਿੱਤਾ ਸੀ। ਉੱਤਰ ਪ੍ਰਦੇਸ਼ ਦੇ ਇਨ੍ਹਾਂ ਸਰਕਾਰੀ ਸਕੂਲਾਂ 'ਚ ਤਿੰਨ ਲੱਖ ਅਧਿਆਪਕਾਂ ਦੀ ਕਮੀ ਹੈ। ਉਸ ਸੂਬੇ 'ਚ ਔਸਤਨ ਇਨ੍ਹਾਂ ਸਕੂਲਾਂ ਵਿੱਚ ਪ੍ਰਤੀ ਸਕੂਲ ਤਿੰਨ ਅਧਿਆਪਕ ਕੰਮ ਚਲਾਉਂਦੇ ਹਨ। ਸੂਬੇ ਦੇ ਸਿੱਖਿਆ ਅਧਿਕਾਰੀਆਂ ਵੱਲੋਂ ਭਰਤੀ ਦੌਰਾਨ ਕੀਤੀਆਂ ਬੇ-ਨਿਯਮੀਆਂ ਕਾਰਨ ਲੋਕ ਅਦਾਲਤਾਂ 'ਚ ਪਹੁੰਚਦੇ ਹਨ ਤੇ ਮਾਮਲੇ ਸਾਲਾਂ-ਬੱਧੀ ਪੈਂਡਿੰਗ ਪਏ ਰਹਿੰਦੇ ਹਨ, ਪਰ ਸਿੱਖਿਆ ਅਧਿਕਾਰੀਆਂ ਦੇ ਕੰਨਾਂ 'ਤੇ ਜੂੰ ਨਹੀਂ ਸਰਕਦੀ। ਅਦਾਲਤ ਨੇ ਇਨ੍ਹਾਂ ਅਫ਼ਸਰਾਂ ਦੀ ਖਿਚਾਈ ਕਰਦਿਆਂ ਉਨ੍ਹਾਂ ਨੂੰ ਮਨਮਰਜ਼ੀਆਂ ਅਤੇ ਅਣਗਹਿਲੀਆਂ ਕਰਨ ਵਾਲੇ ਕਿਹਾ। ਮਾਣਯੋਗ ਜੱਜਾਂ ਨੇ ਕਿਹਾ ਕਿ ਜੇਕਰ ਰਤਾ ਭਰ ਜ਼ਿੰਮੇਵਾਰੀ ਨਾਲ ਅਮਲੇ ਦੀ ਭਰਤੀ ਦੇ ਨਿਯਮ ਬਣਾਏ ਹੁੰਦੇ ਤਾਂ ਸਿੱਖਿਆ ਵਿਭਾਗ ਦੇ ਪ੍ਰਾਇਮਰੀ ਸਕੂਲਾਂ, ਜੋ ਯੂ ਪੀ ਬੋਰਡ ਵੱਲੋਂ ਚਲਾਏ ਜਾਂਦੇ ਹਨ, ਵਿੱਚ ਲੱਖਾਂ ਆਸਾਮੀਆਂ ਖ਼ਾਲੀ ਨਾ ਪਈਆਂ ਹੁੰਦੀਆਂ।

ਅਦਾਲਤ ਨੇ ਨੋਟ ਕੀਤਾ ਕਿ ਸਰਕਾਰੀ ਮੁਲਾਜ਼ਮ ਆਪਣੇ ਬੱਚਿਆਂ ਨੂੰ ਇਨ੍ਹਾਂ ਬਦਇੰਤਜ਼ਾਮੀ ਵਾਲੇ ਸਕੂਲਾਂ 'ਚ ਨਹੀਂ ਭੇਜਦੇ। ਇਥੋਂ ਤੱਕ ਕਿ ਸਰਕਾਰੀ ਅਧਿਆਪਕ ਵੀ ਇਨ੍ਹਾਂ ਸਕੂਲਾਂ 'ਚ, ਜਿੱਥੇ ਉਹ ਆਪ ਪੜ੍ਹਾਉਂਦੇ ਹਨ, ਆਪਣੇ ਬੱਚਿਆਂ ਨੂੰ ਨਹੀਂ ਪੜ੍ਹਾਉਂਦੇ। ਦੇਸ਼ ਦੇ ਉੱਤਰ ਤੋਂ ਦੱਖਣ, ਪੂਰਬ ਤੋਂ ਪੱਛਮ ਤੱਕ ਜਿਹੜਾ ਵੀ ਵਿਅਕਤੀ 200 ਰੁਪਏ ਮਹੀਨਾ ਤੋਂ ਦੋ ਲੱਖ ਰੁਪਏ ਮਹੀਨਾ ਤੱਕ ਆਪਣੇ ਬੱਚੇ ਦੀ ਫੀਸ ਭਰ ਸਕਦਾ ਹੈ, ਉਹ ਵਾਹ ਲੱਗਦਿਆਂ ਆਪਣੇ ਬੱਚੇ ਨੂੰ ਪ੍ਰਾਈਵੇਟ ਸਕੂਲ ਜਾਂ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ 'ਚ ਪੜ੍ਹਾਉਣ ਨੂੰ ਤਰਜੀਹ ਦਿੰਦਾ ਹੈ। ਭਾਵੇਂ ਇਹ ਸਧਾਰਨ ਪ੍ਰਾਈਵੇਟ ਸਕੂਲ ਔਸਤਨ ਸਰਕਾਰੀ ਸਕੂਲ ਤੋਂ ਕਿਸੇ ਵੀ ਤਰ੍ਹਾਂ ਬਿਹਤਰ ਨਹੀਂ ਹਨ, ਪਰ ਆਮ ਰਾਏ ਇਹ ਬਣ ਚੁੱਕੀ ਹੈ ਕਿ ਸਰਕਾਰੀ ਸਕੂਲ ਬੱਚਿਆਂ ਨੂੰ ਬਿਹਤਰ ਸਿੱਖਿਆ ਪ੍ਰਦਾਨ ਨਹੀਂ ਕਰਦੇ। ਭਾਵੇਂ ਕੁਝ ਕੇਂਦਰੀ ਵਿਦਿਆਲੇ ਅਤੇ ਸੂਬਿਆਂ ਦੀਆਂ ਸਰਕਾਰਾਂ ਵੱਲੋਂ ਚਲਾਏ ਜਾ ਰਹੇ ਮਾਡਲ ਸਕੂਲਾਂ ਬਾਰੇ ਰਾਏ ਇਸ ਤੋਂ ਵੱਖਰੀ ਹੈ, ਪਰ ਇਨ੍ਹਾਂ ਸਕੂਲਾਂ ਵਿੱਚ ਵੀ ਜਾਂ ਤਾਂ ਗ਼ਰੀਬ ਵਰਗ ਦੇ ਲੋਕ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਹਨ ਜਾਂ ਉਹ ਲੋਕ, ਜਿਨ੍ਹਾਂ ਨੂੰ ਆਲੇ-ਦੁਆਲੇ ਕੋਈ ਹੋਰ ਚੰਗਾ ਪਬਲਿਕ ਸਕੂਲ ਨਹੀਂ ਮਿਲਦਾ।

ਅਲਾਹਾਬਾਦ ਹਾਈ ਕੋਰਟ ਦੇ ਮਾਣਯੋਗ ਜੱਜ ਸਾਹਿਬਾਨ ਨੇ ਇਸ ਬਾਰੇ ਵੀ ਬਹੁਤ ਸਪੱਸ਼ਟ ਰਾਏ ਦਿੱਤੀ ਕਿ ਸਰਕਾਰੀ ਸਕੂਲਾਂ 'ਚ ਕੁ-ਪ੍ਰਬੰਧ ਕਿਉਂ ਹੈ? ਕਿਉਂ ਇਹ ਸੁਚੱਜੇ ਢੰਗ ਨਾਲ ਨਹੀਂ ਚਲਾਏ ਜਾਂਦੇ? ਮਾਣਯੋਗ ਜੱਜ ਸਾਹਿਬਾਨ ਨੇ ਸਪੱਸ਼ਟ ਸ਼ਬਦਾਂ 'ਚ ਲਿਖਿਆ ਕਿ ਇਨ੍ਹਾਂ ਦੀ ਹਾਲਤ ਇਸ ਕਰ ਕੇ ਬੁਰੀ ਹੈ, ਕਿਉਂਕਿ ਇਹ ਆਪਣੇ ਲਈ ਨਹੀਂ, ਦੂਜਿਆਂ ਲਈ ਚਲਾਏ ਜਾਂਦੇ ਹਨ, ਜਿੱਥੇ ਦੂਜੇ ਲੋਕਾਂ ਦੇ ਬੱਚੇ ਹੀ ਪੜ੍ਹਦੇ ਹਨ। ਇਨ੍ਹਾਂ ਸਕੂਲਾਂ 'ਚ ਪੜ੍ਹਨ ਵਾਲੇ ਬੱਚਿਆਂ ਨੂੰ ਸਰਕਾਰੀ ਅਧਿਕਾਰੀਆਂ ਦੀ ਉਨ੍ਹਾਂ ਪ੍ਰਤੀ ਉਦਾਸੀਨਤਾ, ਅਣਗਹਿਲੀ ਅਤੇ ਬੇਲੋੜੀ ਚੁੱਪ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ।

ਮਨੁੱਖ ਜਨਮ ਤੋਂ ਬਰਾਬਰ ਪੈਦਾ ਹੁੰਦੇ ਹਨ, ਪਰ ਪੈਸਾ, ਜਾਤ-ਪਾਤ, ਧਰਮ ਅਤੇ ਹੋਰ ਅਨੇਕ ਗੱਲਾਂ ਦਾ ਆਧਾਰ ਉਸ ਲਈ ਸਮਾਜਕ ਭੇਦ-ਭਾਵ ਪੈਦਾ ਕਰਦਾ ਹੈ। ਵਿੱਦਿਆ ਮਨੁੱਖ ਨੂੰ ਪਰਉਪਕਾਰੀ ਬਣਾਉਂਦੀ ਹੈ, ਪਰ ਵਿੱਦਿਆ ਦਾ ਮੌਜੂਦਾ ਮਾਡਲ ਮਨੁੱਖ ਨੂੰ ਸਵਾਰਥੀ ਹੀ ਨਹੀਂ ਬਣਾ ਰਿਹਾ, ਬਲਕਿ ਸ਼ੁਰੂ ਤੋਂ ਹੀ ਵਿਤਕਰੇ ਕਰਨ ਵਾਲਾ ਬਣਾ ਰਿਹਾ ਹੈ।

ਯੂ ਪੀ ਵਾਂਗ ਪੰਜਾਬ ਵਿੱਚ ਵੀ ਹਾਲਾਤ ਵੱਖਰੇ ਨਹੀਂ ਹਨ। ਸਰਕਾਰੀ ਸਕੂਲਾਂ 'ਚ ਅਧਿਆਪਕਾਂ ਦੀਆਂ ਹਜ਼ਾਰਾਂ ਆਸਾਮੀਆਂ ਖ਼ਾਲੀ ਪਈਆਂ ਹਨ, ਜਿਨ੍ਹਾਂ ਨੂੰ ਪੂਰ ਕਰਨ ਲਈ ਯੋਗ ਉਪਰਾਲੇ ਨਹੀਂ ਹੋ ਰਹੇ। ਕਈ ਪ੍ਰਾਇਮਰੀ ਸਕੂਲ ਇੱਕੋ ਅਧਿਆਪਕ ਨਾਲ ਚੱਲਦੇ ਹਨ ਅਤੇ ਮਿਡਲ ਸਕੂਲਾਂ 'ਚ ਦੋ ਤੋਂ ਵੱਧ ਅਧਿਆਪਕ ਨਹੀਂ। ਕੁਝ ਸਕੂਲਾਂ ਵਾਲੇ ਆਪਣਾ ਪ੍ਰਬੰਧ ਚਲਾਉਣ ਲਈ ਪੀ ਟੀ ਏ ਫੰਡ ਵਿੱਚੋਂ ਘੱਟ ਤਨਖ਼ਾਹ 'ਤੇ ਅਣਟਰੇਂਡ ਟੀਚਰਾਂ ਦੀ ਭਰਤੀ ਕਰਦੇ ਹਨ। ਸਿੱਟੇ ਵਜੋਂ ਨਿੱਜੀ, ਪ੍ਰਾਈਵੇਟ ਸਕੂਲਾਂ 'ਚ ਵਿਦਿਆਰਥੀਆਂ ਦੀ ਗਿਣਤੀ ਵਧ ਰਹੀ ਹੈ ਤੇ ਲੋਕ ਮਜਬੂਰੀ ਵੱਸ ਭਾਰੀ ਫੀਸਾਂ ਤਾਰ ਕੇ ਨਿੱਜੀ ਸਕੂਲਾਂ ਦੀ ਲੁੱਟ ਦਾ ਸ਼ਿਕਾਰ ਹੋ ਰਹੇ ਹਨ। ਭਾਵੇਂ ਮਾਪਿਆਂ ਨੇ ਇਸ ਵਰ੍ਹੇ ਪੂਰੇ ਪੰਜਾਬ 'ਚ ਇਸ ਲੁੱਟ ਵਿਰੁੱਧ ਆਵਾਜ਼ ਉਠਾਈ ਤੇ ਸਰਕਾਰ ਨੂੰ ਇਸ ਰੋਸ ਨੂੰ ਠੰਢਿਆਂ ਕਰਨ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਨਿੱਜੀ ਸਕੂਲਾਂ ਸੰਬੰਧੀ ਕੀਤੇ ਫ਼ੈਸਲੇ ਨੂੰ ਲਾਗੂ ਕਰਨ ਲਈ ਕਾਰਵਾਈ ਕਰਨ ਲਈ ਮਜਬੂਰ ਹੋਣਾ ਪਿਆ। ਪੰਜਾਬ ਸਰਕਾਰ ਵੱਲੋਂ ਸਿੱਖਿਆ ਰੈਗੂਲੇਟਰੀ ਕਮੇਟੀ ਬਣਾਉਣ ਸੰਬੰਧੀ ਵਿਚਾਰਾਂ ਹੋਈਆਂ। ਇਹ ਤਜਵੀਜ਼ ਪੰਜਾਬ ਕੈਬਨਿਟ 'ਚ ਪੇਸ਼ ਵੀ ਹੋਈ, ਪਰ ਇਸ ਸੰਬੰਧੀ ਵਿਚਾਰ ਕਰਨ ਲਈ ਵਜ਼ਾਰਤੀ ਸਬ-ਕਮੇਟੀ ਬਣਾ ਕੇ ਇਸ ਨੂੰ ਪਤਾ ਨਹੀਂ ਕਿਹੜੇ ਖ਼ੂਹ-ਖਾਤੇ ਪਾ ਦਿੱਤਾ ਗਿਆ। ਕਿਉਂਕਿ ਇਸ ਕਮੇਟੀ ਦੇ ਬਣਨ ਨਾਲ ਨਿੱਜੀ ਸਕੂਲਾਂ ਦੀਆਂ ਫੀਸਾਂ ਨੂੰ ਕਾਬੂ ਕਰਨ ਲਈ ਨਮਦੇ ਕੱਸੇ ਜਾਣੇ ਸਨ, ਤੇ ਇਨ੍ਹਾਂ ਨਿੱਜੀ ਸਕੂਲਾਂ ਦੇ ਮਾਲਕ ਵੱਡੇ ਸਿਆਸਤਦਾਨ, ਉਦਯੋਗਪਤੀ, ਧਨਾਢ ਵਿਅਕਤੀ ਹਨ, ਇਸੇ ਲਈ ਸ਼ਾਇਦ ਉਨ੍ਹਾਂ ਦੇ ਪ੍ਰਭਾਵ ਹੇਠ ਇਹ ਤਜਵੀਜ਼ ਨੁਕਰੇ ਲਗਾ ਦਿੱਤੀ ਗਈ ਹੈ।

ਅਸਲ ਵਿੱਚ ਲੋੜ ਤਾਂ ਇਹ ਹੈ ਕਿ ਸੂਬਾ ਸਰਕਾਰਾਂ, ਸਮੇਤ ਪੰਜਾਬ ਦੀ ਸਰਕਾਰ ਦੇ, ਅਲਾਹਾਬਾਦ ਹਾਈ ਕੋਰਟ ਦੇ ਫ਼ੈਸਲੇ ਨੂੰ ਲਾਗੂ ਕਰਦਿਆਂ ਆਪਣੇ ਮੁਲਾਜ਼ਮਾਂ, ਕਰਮਚਾਰੀਆਂ, ਸਰਕਾਰੀ ਅਧਿਆਪਕਾਂ ਅਤੇ ਖ਼ਜ਼ਾਨੇ ਦਾ ਲਾਭ ਲੈਣ ਵਾਲੇ ਸਾਰੇ ਲੋਕਾਂ ਸਮੇਤ ਵਿਧਾਇਕਾਂ ਨੂੰ ਹਦਾਇਤ ਕਰਨ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਹੀ ਦਾਖ਼ਲ ਕਰਾਉਣ। ਅਦਾਲਤ ਦੇ ਫ਼ੈਸਲੇ ਅਨੁਸਾਰ ਜੇਕਰ ਉਹ ਅਜਿਹਾ ਕਰਨ ਲਈ ਤਿਆਰ ਨਹੀਂ ਹਨ ਤਾਂ ਜਿੰਨਾ ਖ਼ਰਚਾ ਉਹ ਕਿਸੇ ਨਿੱਜੀ ਸਕੂਲ ਵਿੱਚ ਕਰਨਗੇ, ਓਨੀ ਹੀ ਹੋਰ ਰਾਸ਼ੀ ਉਹ ਸਿੱਖਿਆ ਦੇ ਸੁਧਾਰ ਲਈ ਸਰਕਾਰੀ ਖ਼ਜ਼ਾਨੇ 'ਚ ਜਮ੍ਹਾਂ ਕਰਵਾਉਣ।

ਅਲਾਹਾਬਾਦ ਹਾਈ ਕੋਰਟ ਦਾ ਇਹ ਫ਼ੈਸਲਾ ਦੇਸ਼ ਦੇ ਸਾਰੇ ਬੱਚਿਆਂ ਨੂੰ ਸਿੱਖਿਆ ਪ੍ਰਾਪਤੀ ਦਾ ਬਰਾਬਰ ਦਾ ਮੌਕਾ ਦੇਣ 'ਚ ਸਹਾਈ ਹੋ ਸਕਦਾ ਹੈ ਅਤੇ ਵੱਡੇ ਲੋਕਾਂ, ਸਰਕਾਰੀ ਅਧਿਕਾਰੀਆਂ, ਕਰਮਚਾਰੀਆਂ, ਅਧਿਆਪਕਾਂ ਨੂੰ ਇਨ੍ਹਾਂ ਸਰਕਾਰੀ ਸਕੂਲਾਂ ਪ੍ਰਤੀ ਅਪਣਾਏ ਉਦਾਸੀਨਤਾ ਵਾਲੇ ਵਤੀਰੇ ਨੂੰ ਬਦਲਣ ਲਈ ਮਜਬੂਰ ਕਰ ਸਕਦਾ ਹੈ।

# ਪੰਜਾਬ ਦੇ ਹਾਕਮੋ, ਆਪਣੇ ਅੰਦਰ ਵੀ ਝਾਤ ਮਾਰੋ!

ਖ਼ਾਸ ਤੌਰ 'ਤੇ ਪਿਛਲੇ ਦਹਾਕੇ ਦੇ ਸਮੇਂ 'ਚ ਪੰਜਾਬ ਵਿੱਚ ਵਾਪਰੀਆਂ ਕੁਝ ਘਟਨਾਵਾਂ ਨੇ ਪੰਜਾਬੀਆਂ ਨੂੰ ਹੈਰਾਨ-ਪ੍ਰੇਸ਼ਾਨ ਕੀਤਾ ਹੈ। ਇੱਕ ਸਦੀ ਪੁਰਾਣੇ ਉਸ ਸ਼੍ਰੋਮਣੀ ਅਕਾਲੀ ਦਲ, ਜਿਸ ਨੂੰ ਖ਼ਾਸ ਕਰ ਕੇ ਪਿੰਡਾਂ ਦੇ ਲੋਕ ਹੱਥੀਂ ਛਾਂਵਾਂ ਕਰਦੇ ਸਨ, ਉਸ ਦੇ ਵਰਕਰਾਂ, ਖ਼ਾਸ ਕਰ ਕੇ ਅੰਮ੍ਰਿਤਧਾਰੀ ਵਰਕਰਾਂ ਨੂੰ ਤਿਆਗ ਤੇ ਸੇਵਾ ਦੀ ਮੂਰਤੀ ਸਮਝਦੇ ਸਨ, ਤੋਂ ਲੋਕ ਦੂਰੀ ਬਣਾਉਣ ਲਈ ਜਿਵੇਂ ਮਜਬੂਰ ਹੋ ਗਏ ਦਿੱਸਦੇ ਹਨ।

ਕੀ ਕਦੇ ਪੰਜਾਬੀ ਇਹ ਆਸ ਕਰਦੇ ਸਨ ਕਿ ਉਨ੍ਹਾਂ ਦੇ ਹਰਮਨ-ਪਿਆਰੇ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇ-ਹੁਰਮਤੀ ਹੋਵੇ ਤੇ ਦੋਸ਼ੀ ਫੜੇ ਹੀ ਨਾ ਜਾ ਸਕਣ? ਕੀ ਕਦੇ ਪੰਜਾਬੀਆਂ ਨੇ ਆਪਣੇ ਮਨਾਂ 'ਚ ਇਹ ਚਿਤਵਿਆ ਵੀ ਹੋਵੇਗਾ ਕਿ ਉਨ੍ਹਾਂ ਦੇ ਆਪਣੇ ਅਕਾਲੀ ਦਲ ਦੇ ਰਾਜ ਵਿੱਚ ਕੋਈ ਅਕਾਲੀ ਨੇਤਾ ਕਿਸੇ ਉਸ ਪੁਲਸ ਅਧਿਕਾਰੀ ਨੂੰ ਗੋਲੀ ਮਾਰ ਕੇ ਮਾਰ ਦੇਵੇ, ਜਿਹੜਾ ਆਪਣੀ ਧੀ ਨੂੰ ਇਸ ਅਕਾਲੀ ਨੇਤਾ ਵੱਲੋਂ ਵਾਰ-ਵਾਰ ਛੇੜੇ ਜਾਣ ਜਾਂ ਪ੍ਰੇਸ਼ਾਨ ਕਰਨ ਵਿਰੁੱਧ ਉਸ ਦੀ ਇੱਜ਼ਤ ਬਚਾਉਣ ਲਈ ਸਾਹਮਣੇ ਆਇਆ ਹੋਵੇ? (ਘਟਨਾ 6 ਦਸੰਬਰ 2012, ਅੰਮ੍ਰਿਤਸਰ ਦੀ ਹੈ)। ਕੀ ਪੰਜਾਬੀ ਇਹ ਗੱਲ ਸੋਚ ਵੀ ਸਕਦੇ ਹਨ ਕਿ ਕੋਈ ਅਕਾਲੀ ਸਰਪੰਚ ਉਨ੍ਹਾਂ ਦੇ ਆਪਣੇ ਹੀ ਰਾਜ ਵਿੱਚ ਕਿਸੇ 13 ਵਰ੍ਹਿਆਂ ਦੀ ਲੜਕੀ ਦਾ ਅਗਵਾ ਕਰ ਲਏ ਤੇ ਫਿਰ ਉਸ ਨੂੰ ਨੰਗਿਆਂ ਕਰ ਕੇ ਘੁੰਮਾਏ (ਘਟਨਾ ਤਰਨ ਤਾਰਨ ਜ਼ਿਲ੍ਹੇ ਦੇ ਤੂੜ ਪਿੰਡ ਦੀ ਹੈ) ਅਤੇ ਪੁਲਸ ਬੇਵੱਸੀ ਦੇ ਆਲਮ ਵਿੱਚ ਕੁਝ ਵੀ ਨਾ ਕਰ ਸਕੇ? ਇਸ ਤੋਂ ਵੱਡਾ ਹੋਰ ਕਿਹੜਾ ਲੋਹੜਾ ਹੋ ਸਕਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦਾ ਇੱਕ ਨੌਜਵਾਨ ਨੇਤਾ (ਸਾਰੇ ਜਾਣਦੇ ਹਨ ਕਿ ਉਹ ਕਿਸ ਦਾ ਬੰਦਾ ਹੈ?) ਅਤੇ ਸ਼ਹਿਰ ਦਾ ਅਕਾਲੀ ਡਿਪਟੀ ਮੇਅਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀ ਹਾਜ਼ਰੀ 'ਚ ਇੱਕ ਮੀਟਿੰਗ ਦੌਰਾਨ ਗਾਲੀ-ਗਲੋਚ ਕਰਨ, ਹੱਥੋ-ਪਾਈ ਹੋਣ, ਕੁੱਟ-ਕੁਟਾਪਾ ਕਰਨ ਅਤੇ ਨੌਜਵਾਨ ਨੇਤਾ ਸਕਿਉਰਿਟੀ ਵਾਲਿਆਂ ਦੀ ਏ ਕੇ-47 ਰਫਲ ਖੋਹ-ਖਿੱਚ ਕੇ ਇਸ ਝਗੜੇ ਵਿੱਚੋਂ ਫਰਾਰ ਹੋ ਜਾਏ ਅਤੇ ਡਿਪਟੀ ਕਮਿਸ਼ਨਰ ਏਨਾ ਹੌਸਲਾ ਵੀ ਆਪਣੇ 'ਚ ਇਕੱਠਾ ਨਾ ਕਰ ਸਕੇ ਕਿ ਉਹ ਇਸ ਨੌਜਵਾਨ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਸਕੇ?

ਕਿਹੋ ਜਿਹਾ ਬਣ ਗਿਆ ਹੈ ਅਕਾਲੀ ਦਲ ਦੇ ਰਾਜ ਦਾ ਕਲਚਰ? ਕਿੱਥੇ ਚਲੀ ਗਈ ਹੈ ਸਰਕਾਰ? ਕਿੱਥੇ ਚਲੇ ਗਏ ਹਨ ਲੋਕਾਂ ਨੂੰ ਭੈ-ਰਹਿਤ ਪ੍ਰਸ਼ਾਸਨ ਦੇਣ ਦੀਆਂ ਟਾਹਰਾਂ ਮਾਰਨ ਵਾਲੇ ਅਕਾਲੀ ਨੇਤਾ?

ਇਹ ਰਾਜ ਸਦੀ ਪੁਰਾਣੇ ਸ਼੍ਰੋਮਣੀ ਅਕਾਲੀ ਦਲ ਦਾ ਨਹੀਂ ਹੋ ਸਕਦਾ। ਇਹੋ ਜਿਹਾ ਰਾਜ ਤਾਂ ਕਿਸੇ ਇੱਕ ਟੱਬਰ ਦਾ ਹੀ ਹੋ ਸਕਦਾ ਹੈ, ਜਿਹੜਾ ਆਪਣਾ ਰਾਜ-ਭਾਗ ਬਣਾਈ ਰੱਖਣ ਲਈ ਲੋਕਤੰਤਰੀ ਤਾਣੇ-ਬਾਣੇ ਨੂੰ ਛਿੱਜ ਕੇ ਸਾਮ (ਸਮਝੌਤਾ), ਦਾਮ (ਪੈਸਾ), ਦੰਡ (ਸਜ਼ਾ) ਜਿਹੇ ਤਰੀਕਿਆਂ ਨਾਲ ਹਰ ਹਰਬਾ ਵਰਤ ਕੇ ਆਪਣੀ ਕੁਰਸੀ ਬਚਾਉਣ ਜਾਂ ਅੱਗੋਂ ਕੁਰਸੀ 'ਤੇ ਕਬਜ਼ਾ ਕਰਨ ਦੀ ਲਾਲਸਾ ਰੱਖਦਾ ਹੋਵੇ। ਨਹੀਂ ਤਾਂ ਭਲਾ ਸਿੱਖਾਂ ਦੀ ਸਰਬ ਉੱਚ ਸੰਸਥਾ ਦਾ ਮੁਖੀ ਅਕਾਲੀ ਦਲ ਦੇ ਮੁਖੀ ਦੇ ਇਸ਼ਾਰਿਆਂ ਉੱਤੇ ਕਿਉਂ ਚੱਲੇ? ਕਿਉਂ ਸਾਰੇ ਨਿਯਮ ਛਿੱਕੇ ਟੰਗ ਕੇ ਕਿਸੇ ਕਾਰਪੋਰੇਟੀਏ ਨੂੰ ਤਿੰਨ-ਚਾਰ ਲੱਖ ਰੁਪਏ ਮਹੀਨੇ ਦੀ ਤਨਖ਼ਾਹ ਉਸ ਫ਼ੰਡ ਵਿੱਚੋਂ ਅਦਾ ਕੀਤੀ ਜਾਵੇ, ਜਿਹੜਾ ਫ਼ੰਡ ਸ਼ਰਧਾਵਾਨ ਸੰਗਤਾਂ ਨੇ ਬਾਬੇ ਨਾਨਕ ਦੇ ਦੁਆਰੇ ਭੇਟ ਕੀਤਾ ਹੁੰਦਾ ਹੈ? ਕੀ ਕਾਰਨ ਇਹੋ ਨਹੀਂ ਕਿ ਇੱਕੋ ਪਰਵਾਰ ਦੀਆਂ ਆਪ-ਹੁਦਰੀਆਂ ਨੇ ਪੰਜਾਬ ਦਾ ਪ੍ਰਸ਼ਾਸਨਕ ਪ੍ਰਬੰਧ ਖੋਖਲਾ ਕਰ ਦਿੱਤਾ ਹੈ, ਆਮ ਲੋਕਾਂ ਦਾ, ਖ਼ਾਸ ਕਰ ਕੇ 'ਸੰਗਤਾਂ' ਦਾ ਵਿਸ਼ਵਾਸ ਅਕਾਲੀ ਦਲ ਤੋਂ ਉੱਠ ਰਿਹਾ ਹੈ ਅਤੇ ਉਹ ਆਪਣਾ ਰੋਸ ਪ੍ਰਗਟ ਕਰਨ ਲਈ ਇਸ ਕਦਰ ਸੜਕਾਂ ਉੱਤੇ ਆਣ ਢੁੱਕੇ ਅਤੇ ਉਨ੍ਹਾਂ ਵਿਖਾ ਦਿੱਤਾ ਕਿ ਇਸ 'ਸੁਖ ਰਹਿਣੇ' ਸੂਬੇ 'ਚ ਸਰਕਾਰ ਨਾਮ ਦੀ ਚੀਜ਼ ਹੀ ਕੋਈ ਨਹੀਂ ਹੈ?

> **ਪੰਜਾਬ ਸਿਆਸੀ ਅੱਤਿਆਚਾਰ ਨਾਲ ਚਿੱਥਿਆ ਜਾ ਰਿਹਾ ਹੈ। ਪੰਜਾਬ ਦੇ ਸਮੇਂ-ਸਮੇਂ ਦੇ ਹਾਕਮ ਪੰਜਾਬੀਆਂ ਦੀਆਂ ਸਮੱਸਿਆਵਾਂ-ਔਕੜਾਂ ਨੂੰ ਸਮਝਣ ਦੀ ਥਾਂ ਆਪਣੀ ਕੁਰਸੀ ਪੱਕੀ ਕਰਨ ਦਾ ਜੁਗਾੜ ਲਾਉਣ ਦੇ ਰਾਹ ਤੁਰਨ ਲੱਗੇ ਰਹੇ ਹਨ। ਹਾਲਤ ਚੋਣਾਂ ਤੋਂ ਪਹਿਲਾਂ ਹੁਣ ਵੀ ਅਜਿਹੀ ਹੈ।**

ਲੋਕਾਂ ਦੇ ਮਨਾਂ 'ਚ ਰੋਸਾ ਤੇ ਵਿਰੋਧ ਐਨਾ ਕਿ 3 ਜੂਨ 2016 ਨੂੰ ਸੂਬੇ ਦੇ ਮੁੱਖ ਮੰਤਰੀ ਦੇ ਹਰਿਮੰਦਰ ਸਾਹਿਬ ਮੱਥਾ ਟੇਕਣ ਜਾਣ ਸਮੇਂ ਉਥੇ ਡਿਊਟੀ 'ਤੇ ਹਾਜ਼ਰ ਸਿੰਘ ਨੇ ਉਨ੍ਹਾ ਨੂੰ ਸਿਰੋਪਾ ਦੇਣ ਤੋਂ ਸਾਫ਼ ਮਨ੍ਹਾ ਕਰ ਦਿੱਤਾ। ਕੀ ਦੇਸ਼ ਦੇ ਪਦਮ ਵਿਭੂਸ਼ਨ, ਪੰਜ ਵੇਰ ਸੂਬੇ ਦਾ ਮੁੱਖ ਮੰਤਰੀ ਬਣੇ ਅਤੇ ਅਨੇਕ ਮਾਣ-ਸਨਮਾਨ, ਖਿਤਾਬ ਪ੍ਰਾਪਤ ਮੁੱਖ ਮੰਤਰੀ ਦੇ ਲਈ ਇਹ ਸਪੱਸ਼ਟ ਸੰਕੇਤ ਨਹੀਂ ਸੀ ਕਿ ਪੰਜਾਬੀ, ਖ਼ਾਸ ਕਰ ਕੇ ਇਸ ਸੂਬੇ ਦੇ ਸਿੱਖ, ਭੈੜੇ ਕੁਸ਼ਾਸਨ, ਪਿਤਰੀ ਮੋਹ 'ਚ ਡੁੱਬੇ ਇੱਕ ਪਿਤਾ ਨੂੰ ਦਿਲੋਂ ਨਫ਼ਰਤ ਕਰਨ ਲੱਗੇ ਹਨ, ਜਿਹੜਾ ਸੂਬੇ ਦੇ ਲੋਕਾਂ ਉੱਤੇ ਵੱਧ ਤੋਂ ਵੱਧ ਟੈਕਸ ਲਾ ਕੇ, ਲੋਕਾਂ ਨੂੰ ਧਾਰਮਿਕ ਸਥਾਨਾਂ ਦੀਆਂ ਯਾਤਰਾਵਾਂ ਕਰਵਾਉਣ ਦੇ ਨਾਮ ਉੱਤੇ, ਮੁਫਤ ਆਟਾ-ਦਾਲ ਵੰਡਣ ਦੇ ਨਾਮ ਉੱਤੇ, ਲੋਕਾਂ ਨੂੰ ਗੁੰਮਰਾਹ ਕਰਨ ਦੇ ਚੱਕਰ ਵਿੱਚ ਪੰਜਾਬ ਦੇ ਅਰਥਚਾਰੇ ਨੂੰ ਬੁਰੀ ਤਰ੍ਹਾਂ ਤਬਾਹ ਕਰ ਰਿਹਾ ਹੈ? ਅਤੇ ਜਿਸ ਨੇ ਸੂਬੇ ਵਿਚਲੀ ਸਾਰੀ ਸ਼ਕਤੀ ਸਮੇਤ ਪੁਲਸ, ਸ਼ਾਸਨ ਪ੍ਰਬੰਧ, ਪੰਜਾਬ ਦੇ ਹਰ ਵਿਧਾਨ ਸਭਾ ਹਲਕੇ 'ਚ ਬਣਾਏ 'ਹਲਕਾ ਇੰਚਾਰਜਾਂ' ਦੇ ਹੱਥ ਫੜਾਈ ਹੋਈ ਹੈ ਅਤੇ ਪੁਰਾਣੇ ਜਗੀਰਦਾਰਾਂ ਵਾਂਗ 'ਚਾਹੇ ਕਰੇ ਉੱਨੀ, ਚਾਹੇ ਕਰੇ ਇੱਕੀ', ਉਹਨੂੰ 'ਕੌਣ ਆਖੇ ਰਾਣੀਏ ਅੱਗਾ ਢੱਕ' ਦੀ ਕਹਾਵਤ ਵਾਂਗ ਕੋਈ ਕੁਝ ਨਹੀਂ ਆਖ ਸਕਦਾ?

ਇਹ ਕਿਸ ਕਿਸਮ ਦਾ ਲੋਕਤੰਤਰ ਹੈ ਪੰਜਾਬ ਵਿੱਚ ਕਿ ਵਿਰੋਧੀ ਧਿਰ ਦਾ ਜਿੱਤਿਆ ਐੱਮ ਐੱਲ ਏ ਹੱਥ 'ਤੇ ਹੱਥ ਧਰ ਕੇ ਬੈਠਾ ਸਰਕਾਰ ਵੱਲ ਝਾਕਦਾ ਹੈ ਤੇ 'ਹਲਕਾ ਇੰਚਾਰਜ' ਲੋਕਾਂ ਨੂੰ ਸਰਕਾਰੀ ਗ੍ਰਾਂਟਾਂ ਵੰਡਣ ਤੋਂ ਵੀ ਵਿਹਲਾ ਨਹੀਂ ਹੁੰਦਾ, ਤਾਂ ਕਿ ਅਗਲੀ ਵੇਰ ਲਈ ਉਹ ਆਪਣੀਆਂ ਵੋਟਾਂ ਪੱਕੀਆਂ ਕਰ ਸਕੇ?

ਕਿਸੇ ਸਿਆਸੀ ਧਿਰ ਅਤੇ ਕਿਸੇ ਵੀ ਸਰਕਾਰ ਨੇ ਦੇਸ਼ ਦੇ ਕਨੂੰਨ ਅਤੇ ਲੋਕਤੰਤਰਿਕ ਸਿਧਾਂਤਾਂ ਅਨੁਸਾਰ ਚੱਲਣਾ ਹੁੰਦਾ ਹੈ। ਲੋਕਤੰਤਰ ਵਿੱਚ ਸਿਆਸੀ ਪਾਰਟੀਆਂ ਆਪਣੇ ਵਿਧਾਨ ਅਨੁਸਾਰ ਪਾਰਟੀ ਨੂੰ ਚਲਾਉਣ ਲਈ ਨਿਯਮ ਬਣਾਉਂਦੀਆਂ ਹਨ, ਉਸ ਦੇ ਅਨੁਸਾਰ ਮੈਂਬਰਾਂ ਦੀ ਭਰਤੀ ਹੁੰਦੀ ਹੈ, ਚੋਣਾਂ ਹੁੰਦੀਆਂ ਹਨ, ਅਹੁਦੇਦਾਰ ਚੁਣੇ ਜਾਂਦੇ ਹਨ, ਪਰ ਕੀ ਪੰਜਾਬ ਦੇ ਹਾਕਮ ਗੱਠਜੋੜ ਦੀ ਵੱਡੀ ਧਿਰ ਨਿਯਮਾਂ ਦੀ ਪਾਲਣਾ ਕਰਦੀ ਹੈ? ਕਦੇ ਪੰਜਾਬੀ ਅਕਾਲੀ ਦਲ ਦਾ ਮੈਂਬਰ ਹੋਣ 'ਚ ਫਖਰ ਮਹਿਸੂਸ ਕਰਦੇ ਸਨ ਅਤੇ ਇਹ ਲੋਕ ਸੇਵਾ, ਕੁਰਬਾਨੀ, ਤਿਆਗ ਦੇ ਪੁੰਜ ਸਮਝੇ ਜਾਂਦੇ ਸਨ, ਪਰ ਅੱਜ 'ਪਰਾਊਡ ਟੂ ਬੀ ਏ ਅਕਾਲੀ', ਭਾਵ ਅਕਾਲੀ ਹੋਣ 'ਤੇ ਮਾਣ ਹੈ, ਦਾ ਛਾਤੀ ਉੱਤੇ ਸਟਿੱਕਰ ਲਗਾ ਕੇ ਵੀ ਲੋਕਾਂ 'ਚ ਉਨ੍ਹਾਂ ਨੂੰ ਉਹ ਮਾਣ-ਤਾਣ ਨਹੀਂ ਮਿਲਦਾ, ਜਿਹੜਾ ਕਦੇ ਸੰਤ ਕਰਤਾਰ ਸਿੰਘ ਦੇ ਧਾਰਮਿਕ ਤੇ ਸਿਆਸੀ ਪ੍ਰਭਾਵ ਹੇਠ ਖੇਮਕਰਨ, ਪੱਟੀ,ਖਡੂਰ ਸਾਹਿਬ, ਤਰਨ ਤਾਰਨ ਖਿੱਤੇ 'ਚ ਆਮ ਲੋਕਾਂ ਵੱਲੋਂ ਮਿਲਦਾ ਸੀ ਅਤੇ ਸਮਝਿਆ ਜਾਂਦਾ ਸੀ ਕਿ ਜਿਹੜਾ ਵੀ ਅਕਾਲੀ ਉਮੀਦਵਾਰ ਚੋਣਾਂ 'ਚ ਇਥੋਂ ਖੜੇਗਾ, ਉਹ ਜਿੱਤਿਆ ਹੀ ਸਮਝੋ, ਕਿਉਂਕਿ ਉਸ ਵੇਲੇ ਦੇ ਅਕਾਲੀ ਜਥੇਦਾਰ ਚਲਾਕੀਆਂ ਨਹੀਂ ਸਨ ਕਰਦੇ (ਜਿਵੇਂ ਕਿ ਹੁਣ ਕਰਦੇ ਹਨ) ਅਤੇ ਉਨ੍ਹਾਂ ਦਾ ਚਰਿੱਤਰ ਅਤੇ ਚਿਹਰਾ-ਮੁਹਰਾ ਉਸ ਧਰਤੀ ਦੇ ਲੋਕਾਂ ਨਾਲ ਜੁੜਿਆ ਹੁੰਦਾ ਸੀ।

ਅਸਲ ਵਿੱਚ ਮੌਜੂਦਾ ਦੌਰ 'ਚ ਅਕਾਲੀ ਦਲ ਵਿੱਚ ਭੂ-ਮਾਫੀਏ, ਕਨੂੰਨ ਤੋੜਨ ਵਾਲੇ, ਲੱਠਬਾਜ਼ ਅਤੇ ਕ੍ਰਿਮੀਨਲ ਕਿਸਮ ਦੇ ਲੋਕਾਂ ਦੇ ਹੋ-ਹੱਲੇ ਨੇ ਇਸ ਦਲ ਦੀ ਕੁਰਬਾਨੀ, ਤਿਆਗ, ਸੇਵਾ ਵਾਲੀ ਤਸਵੀਰ ਹੀ ਬਦਲ ਕੇ ਰੱਖ ਦਿੱਤੀ ਹੈ। ਅਕਾਲੀ ਦਲ ਦੀ ਲੀਡਰਸ਼ਿਪ, ਜੋ ਇੱਕ ਪਰਵਾਰ ਤੱਕ ਸੀਮਤ ਹੋ ਕੇ ਰਹਿ ਗਈ ਹੈ, ਦਾ ਹਰ ਹੀਲੇ ਚੋਣਾਂ ਜਿੱਤਣ ਲਈ ਮਾਈਕਰੋ ਮੈਨੇਜਮੈਂਟ ਅਤੇ ਧੱਕੜਸ਼ਾਹੀ ਵਤੀਰਾ ਹੇਠਲੇ ਵਰਕਰਾਂ/ਨੇਤਾਵਾਂ ਨੂੰ ਵੀ ਉਹ ਕੁਝ ਕਰਨ ਲਈ ਉਤਸ਼ਾਹਤ ਕਰਦਾ ਹੈ, ਜੋ ਇਸ ਪਾਰਟੀ ਦੇ ਉੱਪਰਲੇ ਨੇਤਾ ਕਰਦੇ ਹਨ। ਬਾਦਲ ਪਰਵਾਰ ਦੁਆਲੇ ਇਕੱਤਰ ਹੋਏ ਨੇਤਾ, ਜਿਹੜੇ ਅਕਾਲੀ ਪਾਰਟੀ ਅਤੇ ਸਰਕਾਰ ਵਿੱਚ ਉੱਚ ਅਹੁਦਿਆਂ ਉੱਤੇ ਬੈਠੇ ਹਨ, ਤਾਕਤ ਦੇ ਨਸ਼ੇ ਵਿੱਚ ਹਾਕਮਾਂ ਵਾਲੀਆਂ ਸਾਰੀਆਂ ਸੁੱਖ-ਸੁਵਿਧਾਵਾਂ ਦਾ ਆਨੰਦ ਮਾਣ ਰਹੇ ਹਨ। ਜੇ ਨਵਜੋਤ ਸਿੱਧੂ, ਪਰਗਟ ਸਿੰਘ ਵਰਗੇ ਲੋਕ ਭਾਵੇਂ ਦੇਰ-ਅਵੇਰ ਨਾਲ ਪੰਜਾਬ ਦੀ ਕਰੁਣਾਮਈ ਹਾਲਤ ਦਾ ਸ਼ੀਸ਼ਾ ਉਨ੍ਹਾਂ ਨੂੰ ਦਿਖਾਉਂਦੇ ਹਨ, ਤਾਂ ਵੀ ਸ਼ਾਸਕ ਧਿਰ ਉਨ੍ਹਾਂ ਦੀ ਆਵਾਜ਼ ਸੁਣਨ ਨੂੰ ਤਿਆਰ ਨਹੀਂ ਹੁੰਦੀ, ਕਿਉਂਕਿ ਉਨ੍ਹਾਂ ਦੇ ਕੰਨਾਂ ਨੂੰ ਆਪਣੇ ਪ੍ਰਤੀ ਸਿਫਤੀ ਮਿੱਠੇ ਬੋਲ ਸੁਣਨ ਦੀ ਆਦਤ ਜੁ ਪਈ ਹੋਈ ਹੈ।

ਪੰਜਾਬ ਦੇ ਲੋਕ ਇਸ ਵੇਲੇ ਅਤਿਅੰਤ ਔਖੀ ਸਥਿਤੀ ਦਾ ਸਾਹਮਣਾ ਕਰ ਰਹੇ ਹਨ। ਉਹ ਸਿਹਤ ਪੱਖੋਂ ਨਿੱਘਰਦੇ ਜਾ ਰਹੇ ਹਨ, ਚੰਗੀ ਸਿੱਖਿਆ ਉਨ੍ਹਾਂ ਦੇ ਪੱਲੇ ਨਹੀਂ ਪੈ ਰਹੀ। ਪੰਜਾਬ 'ਚ ਬੁਨਿਆਦੀ ਢਾਂਚਾ ਬਿਖਰਿਆ-ਬਿਖਰਿਆ ਨਜ਼ਰ ਆ ਰਿਹਾ ਹੈ, ਸਮੇਤ ਟੁੱਟੀਆਂ-ਭੱਜੀਆਂ ਸੜਕਾਂ ਦੇ। ਪੰਜਾਬ ਦੇ ਪੇਂਡੂ-ਸ਼ਹਿਰੀ ਵਿਕਾਸ ਲਈ ਜਿੰਨਾ ਪੈਸਾ ਖ਼ਰਚਿਆ ਜਾ ਰਿਹਾ ਹੈ, ਉਸ ਨਾਲ ਨਾ ਕੂੜੇ-ਗੰਦਗੀ ਦੇ ਢੇਰ ਹਟੇ ਹਨ ਅਤੇ ਨਾ ਹੀ ਬਦਬੂ ਮਾਰਦੀਆਂ ਨਾਲੀਆਂ ਦੀ ਸਫ਼ਾਈ ਹੋ ਸਕੀ ਹੈ। ਕੁਸ਼ਾਸਨ ਨੇ ਪੰਜਾਬ ਦਾ ਲੱਕ ਤੋੜ ਦਿੱਤਾ ਹੈ। ਜੇਕਰ ਚੁਣੀਆਂ ਹੋਈਆਂ ਸਥਾਨਕ ਸਰਕਾਰਾਂ ਨੂੰ ਪੂਰੇ ਅਧਿਕਾਰ ਦਿੱਤੇ ਹੁੰਦੇ (ਜੋ ਸ਼ਾਸਕਾਂ ਨੇ ਆਪਣੀ ਝੋਲੀ 'ਚ ਪਾਏ ਹੋਏ ਹਨ) ਅਤੇ ਉਨ੍ਹਾਂ ਨੂੰ ਪੈਸੇ ਲਈ ਹਲਕਾ ਇੰਚਾਰਜਾਂ ਅੱਗੇ ਤੇ ਸੰਗਤ ਦਰਸ਼ਨ 'ਚ ਜਾ ਕੇ ਹੱਥ ਨਾ ਅੱਡਣੇ ਪੈਂਦੇ ਤਾਂ ਪੰਜਾਬ ਦੇ ਪਿੰਡਾਂ, ਸ਼ਹਿਰਾਂ ਦੇ ਵਿਕਾਸ ਦੀ ਕਹਾਣੀ ਹੀ ਕੁਝ ਹੋਰ ਹੁੰਦੀ।

ਪੰਜਾਬ ਸਿਆਸੀ ਅੱਤਿਆਚਾਰ ਨਾਲ ਚਿੱਥਿਆ ਜਾ ਰਿਹਾ ਹੈ। ਪੰਜਾਬ ਦੇ ਸਮੇਂ-ਸਮੇਂ ਦੇ ਹਾਕਮ ਪੰਜਾਬੀਆਂ ਦੀਆਂ ਸਮੱਸਿਆਵਾਂ-ਔਕੜਾਂ ਨੂੰ ਸਮਝਣ ਦੀ ਥਾਂ ਆਪਣੀ ਕੁਰਸੀ ਪੱਕੀ ਕਰਨ ਦਾ ਜੁਗਾੜ ਲਾਉਣ ਦੇ ਰਾਹ ਤੁਰਨ ਲੱਗੇ ਰਹੇ ਹਨ। ਹਾਲਤ ਚੋਣਾਂ ਤੋਂ ਪਹਿਲਾਂ ਹੁਣ ਵੀ ਅਜਿਹੀ ਹੈ। ਪੰਜਾਬ ਦੇ ਲੋਕ ਜੇਕਰ ਚੀਨ ਦੇ ਫਿਲਾਸਫਰ ਕਨਫਿਊਸ਼ੀਅਸ ਦੇ ਇਨ੍ਹਾਂ ਮਹਾਨ ਬੋਲਾਂ ਵੱਲ ਧਿਆਨ ਕਰ ਲੈਣ, ਕਿ 'ਅੱਤਿਆਚਾਰੀ ਸ਼ਾਸਕ ਇੱਕ ਚੀਤੇ ਤੋਂ ਵੀ ਵੱਧ ਭਿਅੰਕਰ ਹੁੰਦਾ ਹੈ', ਤਾਂ ਉਹ ਅੱਤਿਆਚਾਰੀ ਸ਼ਾਸਨ ਦਾ ਵਿਰੋਧ ਕਰਨ ਅਤੇ ਸੱਤਾਧਾਰੀਆਂ ਨੂੰ ਰਾਜ 'ਚ ਸੁਧਾਰ ਕਰਨ ਲਈ ਮਜਬੂਰ ਕਰਨ। ਅੱਤਿਆਚਾਰੀ ਸ਼ਾਸਨ ਨੂੰ ਡਰ ਦੇ ਕਾਰਨ ਸਹਿਣ ਕਰਨ ਵਾਲਾ ਸਮਾਜ ਕਿਸੇ ਤਰ੍ਹਾਂ ਵੀ ਉੱਨਤੀ ਨਹੀਂ ਕਰ ਸਕਦਾ। ਜਨਤਾ ਆਪ ਜਾਗਰੂਕ ਰਹੇ, ਤਾਂ ਸ਼ਾਇਦ ਪੰਜਾਬੀਆਂ ਦਾ ਕੁਝ ਭਲਾ ਹੋ ਸਕੇ ਤੇ ਹਾਕਮ ਵੀ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਲਈ ਮਜਬੂਰ ਹੋ ਸਕਣ।

**('ਦ ਟ੍ਰਿਬਿਊਨ' ਵਿੱਚੋਂ ਪੰਜਾਬੀ ਸੰਖੇਪ ਤੱਤ-ਸਾਰ ਗੁਰਮੀਤ ਪਲਾਹੀ)**

# ਮੇਰੀ ਮਾਂ ਸਾਡੀ ਪਹਿਲੀ ਉਸਤਾਦ



**ਬਖ਼ਸ਼ੀ ਰਾਮ ਲੁਧਿਆਣਾ**
(91-94632-68101)

'ਐ ਮਾਂ ਤੇਰੀ ਸੂਰਤ ਸੇ ਅਲੱਗ ਭਗਵਾਨ ਕੀ ਸੂਰਤ ਕਿਆ ਹੋਗੀ'। ਇਹ ਪ੍ਰਸਿੱਧ ਹਿੰਦੀ ਗਾਣਾ 1966 ਵਿਚ ਰੀਲੀਜ਼ ਹੋਈ ਹਿੰਦੀ ਫਿਲਮ 'ਦਾਦੀ ਮਾਂ' ਵਿਚੋਂ ਹੈ ਜਿਸ ਵਿਚ ਮਾਂ ਦੇ ਮਹੱਤਵ ਤੇ ਸੁਤੇ ਸਿੱਧ ਹੀ ਜ਼ੋਰ ਦਿੱਤਾ ਗਿਆ ਹੈ। ਮਾਂ ਸ੍ਰਿਸ਼ਟੀ ਦੀ ਜਨਨੀ ਹੈ। ਇਸਤਰੀ ,ਤ੍ਰੀਮਤ ਦੇ ਮਹੱਤਵ ਉਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਜ਼ੋਰ ਦੇ ਕੇ ਲ਼ਿਖਿਆ ਗਿਆ ਹੈ ਤੇ ਇਸਤਰੀ ਹੀ ਅੱਗੇ ਜਾ ਕੇ ਮਾਂ ਦਾ ਰੂਪ ਲੈਂਦੀ ਹੈ। ਨੌਂ, ਕਠਿਨ ਤਪੱਸਿਆ ਦੇ ਮਹੀਨੇ ਆਪਣੇ ਪੇਟ ਵਿਚ ਰੱਖ ਕੇ ਇਸਤਰੀ ਬਚੇ ਨੂੰ ਜਨਮ ਦਿੰਦੀ ਹੈ ਤਾਂ ਮਾਂ ਜਾਂ ਜਨਨੀ ਰੂਪ ਵਿਚ ਉਜਾਗਰ ਹੁੰਦੀ ਹੈ। ਤੇ ਉਸ ਨੂੰ ਵੱਡਾ ਕਰ ਆਪ ਜੋਗਾ ਹੋਣ ਵਿਚ ਉਸ ਨੂੰ ਲਗ ਭਗ 5 ਸਾਲ ਲੱਗ ਜਾਂਦੇ ਹਨ। ਇਸ ਸਾਰੇ ਸਮੇਂ ਵਿਚ ਮਾਂ ਨੂੰ ਬੱਚੇ ਦਾ ਅਤਿ ਧਿਆਨ ਰੱਖਣਾ ਪੈਂਦਾ ਹੈ। ਲਗਭਗ ਦੋ ਸਾਲ ਤੱਕ ਉਸ ਦੇ ਖਾਣ ਪੀਣ , ਟੱਟੀ ਪਿਸ਼ਾਬ ਤੋਂ ਲੈ ਕੇ ਹਰ ਕਿਰਿਆ ਤੱਕ ਦਾ ਵੀ ਖਿਆਲ ਮਾਂ ਨੂੰ ਹੀ ਕਰਨਾ ਪੈਦਾ ਹੈ । ਸੰਸਾਰ ਭਰ ਦੇ ਬਾਕੀ ਸਭ ਜਾਨਵਰਾਂ ਤੋਂ ਸਭ ਤੋਂ ਮੁਸ਼ਕਿਲ ਪਰਵਰਿਸ਼ ਇਨਸਾਨੀ ਬੱਚੇ ਦੀ ਹੈ।ਤੇ ਇਸ ਪਰਵਰਿਸ਼ ਦੀ ਪੂਰੀ ਦੀ ਪੂਰੀ ਜ਼ਿੰਮੇਂਵਾਰੀ ਮਾਂ ਦੀ ਹੀ ਹੁੰਦੀ ਹੈ। ਹੁਣੇ ਹੁਣੇ ਹਰਮਿੰਦਰ ਕਾਲੜਾ ਜੀ ਵਲੋਂ ਪੰਜਾਬੀ ਟ੍ਰਿਬਿਊਨ ਮਿਤੀ 17 07 2016 ਨੂੰ ਇਕ ਆਰਟੀਕਲ ਜਿਸ ਦਾ ਸਿਰਲੇਖ ਹੈ 'ਮਾਂ ਤੋਂ ਪਰਮਾਤਮਾ ਤਕ ਦਾ ਸ਼ਬਦ ਸਫਰ' ਵਿਚ ਲਿਖਿਆ ਹੈ ਕਿ 'ਇਹ ਗੱਲ ਬਹੁਤ ਹੀ ਦਿਲਚਸਪ ਹੈ ਕਿ ਅੱਜ ਦੁਨੀਆਂ ਦੀਆਂ 116 ਵਿਚੋਂ 80 ਭਾਸ਼ਾਵਾਂ ਵਿਚ ਮਾਂ ਲਈ ਵਰਤਿਆ ਜਾਂਦਾ ਸ਼ਬਦ 'ਮ' ਅੱਖਰ ਨਾਲ ਸ਼ੁਰੂ ਹੁੰਦਾ ਹੈ ਜਿਵੇਂ ਅੰਗਰੇਜ਼ੀ (ਮਦਰ), ਚੀਨੀ (ਮਾਂ, ਮਾਮਾ), ਸਪੇਨੀ (ਮਾਦਰੇ, ਮਾਮਾ), ਹਿੰਦੀ (ਮਾਂ, ਮਾਂ ਜੀ, ਮਾਤਾ), ਰੂਸੀ (ਮਾਤ), ਸੰਸਕ੍ਰਿਤ (ਮਾਤ੍ਰ), ਪੁਰਤਗੀਜ਼ (ਮਾਏ), ਜਰਮਨ (ਮੱਟਾਅ), ਮਲਾਈਅਨ (ਮਾਂ, ਇਮਾਕ) ਆਦਿ। 'ਮਾਂ' ਦੀ ਪਹਿਚਾਣ ਲਈ ਸ਼ਬਦ ਮਨੁੱਖ ਨੇ ਅੱਜ ਤੋਂ ਲੱਖਾਂ ਸਾਲ ਪਹਿਲਾਂ ਸਿਰਜਿਆ ਹੈ, ਪਰ ਪਰਮਾਤਮਾ ਸ਼ਬਦ ਦੀ ਸਿਰਜਣਾ ਤਕਰੀਬਨ ਦੋ ਹਜ਼ਾਰ ਸਾਲ ਪਹਿਲਾਂ ਹੋਈ ਹੈ। ਬਾਕੀ ਸ਼ਬਦਾਂ ਵਾਂਗ ਪਰਮਾਤਮਾ ਸ਼ਬਦ ਵੀ ਮਨੁੱਖ ਨੇ ਹੀ ਸਿਰਜਿਆ ਹੈ।

ਅਜਿਹੀਆਂ ਹੀ ਸੰਸਾਰ ਮਾਵਾਂ ਵਿਚੋਂ ਇਕ ਮੇਰੀ ਵੀ ਮਾਂ ਸੀ।ਸੁੰਦਰ ਅਤਿ ਸੁੰਦਰ। ਸੁਸ਼ੀਲ ਅਤਿ ਸੁਸ਼ੀਲ। ਸਚਿਆਰੀ ਅਤਿ ਸਚਿਆਰੀ। ਘਰ ਗ੍ਰਿਹਿਸਥੀ ਦੇ ਹਰ ਕੰਮ ਵਿਚ ਪੂਰੀ ਤਰ੍ਹਾਂ ਨਿਪੁੰਨ।ਪੰਜਾਬ ਦੀਆਂ ਪੇਂਡੂ ਇਸਤਰੀਆਂ ਵਾਲਾ ਕੋਈ ਕੰਮ ਅਜਿਹਾ ਨਹੀਂ ਸੀ ਜਿਹੜਾ ਮਾਂ ਨੂੰ ਕਰਨਾ ਨਾ ਆਉਂਦਾ ਹੋਵੇ।ਇਹੀ ਕਾਰਣ ਸੀ ਕਿ ਮਾਂ ਨੇ ਬਾਪੂ ਜੀ ਨਾਲ ਮੋਢੇ ਨਾਲ ਮੋਢਾ ਲਾ ਕੇ ਸਾਰੀ ਉਮਰ ਬਰਾਬਰ ਮਨੁਖਾਂ ਦੀ ਤਰ੍ਹਾਂ ਕਮਾਈ ਕੀਤੀ ਤੇ ਸਾਨੂੰ ਸਾਰੇ ਦੇ ਸਾਰੇ ਨੌਂ ਭੈਣ ਭਰਾਵਾਂ (5 ਭੈਣਾਂ ਤੇ 4 ਭਰਾਵਾਂ) ਨੂੰ ਪਾਲਣ ਪੋਸਣ ਵਿਚ ਭਰਪੂਰ ਯੋਗਦਾਨ ਪਾਇਆ।ਮੇਰੇ ਬਾਪੂ ਜੀ ਦਾ ਨਾਲ ਦਾ ਜੰਮਿਆਂ ਕੋਈ ਭਾਈ ਨਹੀਂ ਸੀ।ਪਰ ਮਾਂ ਨੇ ਬਾਪੂ ਜੀ ਨੂੰ ਕਦੇ ਯਾਦ ਨਾ ਆਉਣ ਨਾ ਦਿੱਤਾ ਕਿ ਉਹ ਇਕੱਲੇ ਹਨ।

ਮਾਂ ਆਪ ਪੰਜਾਬੀ ਅੱਖਰਾਂ ਦੀ ਚੰਗੀ ਪਛਾਣ ਰੱਖਦੀ ਸੀ। ਨਿਤਨੇਮ ਗੁਟਕੇ ਤੋਂ ਪਾਠ ਕਰਿਆ ਕਰਦੀ ਸੀ। ਇਸ ਤਰ੍ਹਾਂ ਮਾਂ ਨੇ ਸਾਨੂੰ ਵੀ ਪੜ੍ਹਨ ਪਾਇਆ। ਜਿਸ ਵੀ ਬਚੇ ਨੇ ਪੜ੍ਹਨ ਵਿਚ ਚੰਗੀ ਦਿਲਚਸਪੀ ਦਿਖਾਈ ਉਸ ਨੂੰ ਵਾਹ ਲਗਦੀ ਪੜ੍ਹਨ ਲਾਇਆ ਜਿੰਨਾ ਕੋਈ ਪੜ੍ਹ ਸਕਿਆ ਉਸ ਨੂੰ ਪੜ੍ਹਾਇਆ ਵੀ। ਇਕ ਪੁੱਤਰ ਨੂੰ ਆਈ ਪੀ ਐਸ ਅਫਸਰ ਵੀ ਬਣਾਇਆ। ਮਾਂ ਸਮਾਚਾਰ ਪੱਤਰ ਵੀ ਪੰਜਾਬੀ ਵਿਚ ਪੜ੍ਹਨ ਦਾ ਸ਼ੌਕ ਰੱਖਦੀ ਸੀ। ਜਦ ਸਮਾਚਾਰ ਪੱਤਰ ਸਾਡੇ ਘਰ ਆਉਣਾ ਤਾਂ ਮਾਂ ਦੀ ਦਿਲਚਸਪੀ ਹੋਣੀ ਕਿ ਉਹ ਮਾਂ ਨੂੰ ਵਿਹਲਾ ਮਿਲ ਜਾਵੇ ਭਾਵ ਉਸ ਦੇ ਪੁਤਰਾਂ ਵਿਚੋਂ ਕਿਸੇ ਨੇ ਨਾ ਉਠਾ ਲਿਆ ਹੋਵੇ। ਮਾਂ ਦਾ ਯਤਨ ਹੁੰਦਾ ਸੀ ਕਿ ਉਸ ਸਮਾਚਾਰ ਪੱਤਰ ਦਾ ਇਕ ਇਕ ਆਰਟੀਕਲ ਉਹ ਪੜ੍ਹ ਲਵੇ। ਮਾਂ ਨੂੰ ਕਿੱਸਾ ਸਾਹਿਤ ਪੜ੍ਹਨ ਦੀ ਲਗਨ ਬਾਪੂ ਜੀ ਤੋਂ ਲੱਗੀ ਸੀ। ਜਦ ਕਦੇ ਵਿਹਲਾ ਸਮਾਂ ਹੁੰਦਾ ਤਾਂ ਕਦੇ ਕਦੇ ਆਪ ਇਕੱਲੇ ਤੇ ਕਦੇ ਕਦੇ ਬਾਪੂ ਜੀ ਨਾਲ ਰ਼ਲ ਕੇ ਕਿੱਸਾ ਪੜ੍ਹਦੇ। ਮਾਂ ਤੇ ਬਾਪੂ ਜੀ ਦੇ ਗਲੇ ਬਹੁਤ ਸੁਰੀਲੇ ਸਨ।

ਮਾਂ ਨੇ ਬਾਪੂ ਜੀ ਨਾਲ ਜੀ ਜਾਨ ਤੋੜ ਕੇ ਰੱਜ ਕੇ ਕੰਮ ਕੀਤਾ, ਹੱਡ ਭੰਨਵੀ ਮਿਹਨਤ ਕੀਤੀ। ਜਦ ਬਾਪੂ ਜੀ ਨੇ ਆਪਣੇ ਖੇਤਾਂ ਵਿਚ ਕਿਰਸਾਣੀ ਕੰਮ ਕੀਤਾ ਤਾਂ ਮਾਂ ਨੇ ਬਰਾਬਰ ਜ਼ਮੀਨ ਵਹਾਈ, ਬਿਜਾਈ ਪਾਣੀ ਲਾਉਣ ਤੋਂ ਲੈ ਕੇ ਗੁੱਡ ਗੁਡਾਈ ਤੱਕ ਤੇ ਫਸਲ ਕੱਢਣ ਤੱਕ ਦਾ ਕੰਮ ਬਾਪੂ ਜੀ ਦੇ ਨਾਲ ਕਰਵਾਇਆ। ਜੇਕਰ ਬਾਪੂ ਜੀ ਨੇ ਜੁੱਤੀਆਂ ਸੀਤੀਆਂ ਤਾਂ ਮਾਂ ਨੇ ਕੋਰਾਂ ਸੀਤੀਆਂ ਤੇ ਤਿੱਲਾ ਕੱਢਿਆ। ਜੇਕਰ ਬਾਪੂ ਜੀ ਨੇ ਤੰਦ ਤਾਣੀ ਦਾ ਕੰਮ ਕੀਤਾ ਤਾਂ ਮਾਂ ਨੇ ਬਰਾਬਰ ਪੂਣੀਆਂ ਵੱਟਣ ਤੋਂ ਲੈ ਕੇ, ਚਰਖੇ ਉਤੇ ਸੂਤ ਕੱਤਣ, ਗਲੋਟੇ ਅਟੇਰਨ, ਅੱਟੀਆਂ ਬਣਾਉਣ ਊਰੀ (ਚਰਖੀ) ਤੇ ਚਾੜ੍ਹ ਨੜੇ ਵੱਟਣ, ਤਾਣਾ ਤਣਨ ਤੱਕ ਦਾ ਆਪ ਕੰਮ ਕਰ ਕੇ ਬਾਪੂ ਜੀ ਦੇ ਮੂਹਰੇ ਤਿਆਰ ਕਰ ਕੇ ਪਾਣ ਕਰਨ ਲਈ ਰੱਖਿਆ ਕਰਦੇ। ਕਦੇ ਕਿਸੇ ਦੇ ਘਰੋਂ ਸੂਤ ਢੋਇਆ ਕਦੇ ਕਿਸੇ ਦੇ ਨੜੇ ਵੱਟੇ ਕਦੇ ਸੂਤ ਅਟੇਰਿਆ ਕਦੇ ਤਾਣਾ ਤਣਿਆਂ ਕਦੇ ਨਲੀਆਂ ਵੱਟੀਆਂ ਕਦੇ ਪਾਣ ਕਰਨ ਤੱਕ ਬਾਪੂ ਜੀ ਦਾ ਸਾਥ ਦਿੱਤਾ। ਜੇਕਰ ਬਾਪੂ ਜੀ ਨੇ ਵਾਢੀ ਕੀਤੀ ਤਾਂ ਮਾਂ ਨੇ ਦੁਪਹਿਰ ਦੀ ਰੋਟੀ ਲੈ ਕੇ ਗਈ ਨੇ ਨਾਲ ਲੱਗ ਕੇ ਵਾਢੀ ਕਰਨ ਲੱਗ ਜਾਣਾ। ਤੇ ਜਦ ਬਾਪੂ ਜੀ ਨੇ ਭਰੀਆਂ ਬੰਨ੍ਹ ਕੇ ਲਾਉਣੀਆਂ ਸ਼ੁਰੂ ਕਰ ਦੇਣੀਆਂ ਤਾਂ ਮਾਂ ਨੇ ਸਿਟੇ ਚੁਗਣ ਲੱਗ ਜਾਣਾ। ਇਸ ਤਰ੍ਹਾਂ ਸਿੱਟੇ ਹੀ ਚੁਗ ਚੁਗ ਕੇ ਮਾਂ ਤਿੰਨ ਚਾਰ ਮਣ ਦਾਣੇ ਬਣਾ ਲੈਂਦੀ ਹੁੰਦੀ ਸੀ। ਜੇਕਰ ਬਾਪੂ ਜੀ ਸ਼ਾਮ ਨੂੰ ਘਾਹ ਖੋਤਣ ਵਾਸਤੇ ਜਾਂਦੇ ਤਾਂ ਵੀ ਮਾਂ ਉਨ੍ਹਾਂ ਦੇ ਨਾਲ ਜਾਂਦੀ। ਮਾਂ ਦੇ ਦੁਖਾਂ ਦੀ ਓਦੋਂ ਹੱਦ ਹੀ ਹੋ ਜਾਂਦੀ ਜਦ ਸਾਰੇ ਕੰਮਾਂ ਤੌ ਵਿਹਲੇ ਹੋ ਕੇ ਕੁੜੀਆਂ ਨੂੰ ਨਾਲ ਲੈ ਕੇ ਕਈ ਵਾਰ ਛੱਪੜ ਦੇ ਕਿਨਾਰੇ ਸੁੱਕੇ ਅੱਕ ਜਾਂ ਸੁੱਕੇ ਹੋਏ ਗੋਹੇ ਬਾਲਣ ਲਈ ਇਕੱਠੇ ਕਰਨ ਲਈ ਜਾਂਦੀ। ਕਈ ਵਾਹੇ ਹੋਏ ਵਾਹਣਾ ਵਿਚੋ ਕਾਚਰੇ ਦੇ ਬੂੰਡੇ, ਕਦੇ ਸੁੱਕਿਆ ਘਾਹ ਹੂੰਝ ਕੇਤੇ ਕਦੇ ਕਾਨੇ ਸਰਵਾੜ੍ਹ ਬਾਲਣ ਲਈ ਵੱਢ ਕੇ ਲਿਆਉਣਾ। ਜਦ ਨਰਮਿਆਂ ਦੇ ਖਿੜਨ ਦੀ ਰੁੱਤ ਆਉਣੀ ਤਾਂ ਮਾਂ ਨੇ ਆਪਣੀਆਂ ਧੀਆਂ ਨੂੰ ਨਾਲ ਲਿਜਾ ਕੇ ਜੱਟਾਂ ਦੇ ਸੱਦੇ ਤੇ ਉਨ੍ਹਾਂ ਦੇ ਖੇਤੀਂ ਨਰਮਾ ਚੁਗਣ ਜਾਣਾ ਤੇ ਕਿੰਨੀਂ ਕਿਨੀਂ ਦਿਹਾੜੀ ਨਰਮਾ ਚੁਗ ਕੇ ਪਾ ਲੈਣੀ। ਗੱਲ ਕੀ ਕਿ ਮਾਂ ਦੀ ਮਿਹਨਤ ਕਰਦੀ ਦੀ ਕਦੇ ਅੱਡੀ ਨਾ ਲੱਗਣੀ। ਭਾਰਤ ਦੀ ਵੰਡ ਸਮੇਂ ਜਦ ਸਾਨੂੰ ਪਾਕਿਸਤਾਨ ਵਾਲਾ ਪੰਜਾਬ ਛੱਡ ਕੇ ਇਧਰ ਭਾਰਤ ਵਿਚਲੇ ਪੰਜਾਬ ਵਲ ਆਪਣੇ ਪਿੰਡ ਆਉਣਾ ਪਿਆ ਤਾਂ ਉਸ ਸਮੇਂ ਭਿਆਨਕ ਹਾਲਾਤ ਵਿਚ ਵੀ ਮਾਂ ਨੇ ਕਿਸੇ ਦਾ ਆਟਾ ਪੀਸਿਆ ਕਿਸੇ ਦੇ ਘਰ ਲਿੱਪੇ ਕਿਸੇ ਦੀਆਂ ਰਜਾਈਆਂ ਭਰੀਆਂ ਕਦੇ ਘਾਹ ਖੋਤ ਕੇ ਸ਼ਹਿਰ ਲਿਜਾ ਕੇ ਵੀ ਵੇਚਿਆ। ਇਸ ਤਰ੍ਹਾਂ ਸੌ ਤਰ੍ਹਾਂ ਦੀਆਂ ਬਾਪੂ ਜੀ ਨਾਲ ਮਿਹਨਤਾਂ ਕਰ ਕੇ ਆਪਣੇ ਪਰਿਵਾਰ ਨੂੰ ਨੇਪਰੇ ਚਾੜ੍ਹਨ ਦੀ ਜ਼ਿੰਮੇਵਾਰੀ ਬਾਪੂ ਜੀ ਦੇ ਨਾਲ ਨਿਭਾਈ।ਮੈਂ ਕਹਿ ਸਕਦਾ ਹਾਂ ਕਿ ਮੇਰੀ ਮਾਂ, ਬਾਕੀ ਸਭ ਕੁਝ ਜੋ ਇਕ ਤਰੀਮਤ ਵਿਚ ਹੋਣਾ ਚਾਹੀਦਾ ਹੈ ਦੇ ਨਾਲ ਨਾਲ ਇਕ ਸਫਲ ਮਜ਼ਦੂਰ ਇਸਤਰੀ ਵੀ ਸੀ ਜਿਸ ਨੇ ਆਪਣੇ ਮਜ਼ਦੂਰ ਪਤੀ ਨਾਲ ਸਾਰੀ ਉਮਰ ਮੋਢੇ ਨਾਲ ਮੋਢਾ ਲਾ ਕੇ ਸਾਥ ਦਿੱਤਾ ਤੇ ਕਦੇ ਆਪਣਾ ਇਸਤਰੀ ਧਰਮ ਕਮਜ਼ੋਰ ਨਾ ਪੈਣ ਦਿੱਤਾ।

ਮਾਂ ਹੱਥਾਂ ਦੀ ਬਹੁਤ ਸਚਿਆਰੀ ਸੀ। ਉਹ ਇਕ ਨਿਪੰਨ ਘਰ ਗ੍ਰਹਿਣੀ ਸੀ। ਰਸੋਈ ਵਿਚ ਸਬਜ਼ੀ ਭਾਜੀ ਤੋਂ ਲੈ ਕੇ ਅਚਾਰ ਮੁਰਬੇ ਤੱਕ ਪਾ ਲੈਂਦੀ ਹੁੰਦੀ ਸੀ। ਮਾਂ ਨੂੰ ਹੱਥੀਂ ਕੱਪੜੇ ਸਿਉਣੇ ਵੀ ਆਉਂਦੇ ਸਨ। ਰਸੋਈ ਤੋਂ ਲੈ ਕੇ ਸਿਲਾਈ ਕਢਾਈ ਤੇ ਦਰੀਆਂ ਬੁਣਨ ਤੋਂ ਲੈ ਕੇ ਤੰਦ ਤਾਣੀ ਦਾ ਕੰਮ ਵੀ ਮਾਂ ਨੇ ਆਪਣੀਆਂ ਧੀਆਂ ਨੂੰ ਖ਼ੂਬ ਸਿਖਾਇਆ। ਮਾਂ ਨੂੰ ਕਰੋਸ਼ੀਏ ਨਾਲ ਕੁਝ ਬੁਣ ਕੇ ਡਾਢਾ ਸਕੂਨ ਮਿਲਦਾ ਹੁੰਦਾ ਸੀ ਸਾਡੀਆਂ ਭੈਣਾਂ ਵਲੋਂ ਸਿਖਿਆ ਹੋਇਆ ਇਹ ਕੰਮ ਸਾਡੇ ਪਰਿਵਾਰ ਦੇ ਬਹੁਤ ਕੰਮ ਆਇਆ। ਕੁੜੀਆਂ ਘਰ ਬੈਠ ਕੇ ਲੋਕਾਂ ਦਾ ਕੰਮ ਕਰ ਕੇ ਪੈਸੇ ਕਮਾ ਲੈਂਦੀਆਂ ਸਨ ਜਿਸ ਨਾਲ ਘਰ ਦੀ ਆਰਥਿਕਤਾ ਨੂੰ ਆਸਰਾ ਮਿਲਦਾ ਸੀ। ਸਭ ਤੋਂ ਵੱਡਾ ਲਾਭ ਇਹ ਹੋਇਆ ਕਿ ਆਪਣੇ ਦਾਜ ਦਹੇਜ ਦਾ ਸਮਾਨ ਕੁੜੀਆਂ ਨੇ ਹੌਲੀ ਹੌਲੀ ਥੋੜਾ ਥੋੜਾ ਕਰ ਕੇ ਆਪ ਹੀ ਬਣਾ ਲਿਆ ਜੋ ਕਿ ਉਨ੍ਹਾਂ ਦੇ ਵਿਆਹਾਂ ਸਮੇਂ ਸਾਡੇ ਬੜਾ ਹੀ ਕੰਮ ਆਇਆ।



ਮੇਰੀ ਮਾਂ ਆਪਣੀਆਂ ਧੀਆਂ ਨੂੰ ਸ਼ਾਇਦ ਰੱਜ ਕੇ ਦਾਜ ਦਹੇਜ ਨਹੀਂ ਦੇ ਸਕੀ । ਮੇਰੀ ਇਕ ਭੈਣ (ਸਭ ਤੋਂ ਵੱਡੀ) ਮੇਰੀ ਸੁਰਤ ਤੋਂ ਪਹਿਲਾਂ ਹੀ ਵਿਆਹੀ ਜਾ ਚੁੱਕੀ ਸੀ ਤੇ ਉਸਦਾ ਮੁਕਲਾਵਾ ਤੋਰਨ ਸਮੇਂ ਮੈਂ ਕੋਈ ਸੱਤ ਕੁ ਸਾਲਾਂ ਦਾ ਸੀ। ਪਾਕਿਸਤਾਨ ਤੋਂ ਆਏ ਹੋਣ ਕਰਕੇ ਪੱਲੇ ਕੁਝ ਸੀ ਨਹੀਂ ਇਸ ਲਈ ਉਸ ਨੂੰ ਕੁਝ ਵੀ ਤਾਂ ਨਹੀਂ ਦਿੱਤਾ ਜਾ ਸਕਿਆ ਸੀ । ਉਸ ਤੋਂ ਛੋਟੀ ਭੈਣ ਤੇ ਵੱਡਾ ਭਾਈ ਮੇਰੇ ਸਾਹਮਣੇ ਵਿਆਹੇ ਗਏ । ਜਦ ਮੈਂ ਹਾਲੇ ਸਕੂਲ ਜਾਂਦਾ ਸੀ। ਮੈਂ ਆਪਣਾ ਵਿਆਹ ਆਪ ਬਿਨਾਂ ਕਿਸੇ ਖਰਚ ਤੋਂ ਕਰਵਾਇਆ ਸੀ। ਮੇਰੀਆਂ ਤਿੰਨ ਭੈਣਾਂ ਤੇ ਦੋ ਛੋਟੇ ਭਰਾਵਾਂ ਦੇ ਵਿਆਹ ਮੇਰੀ ਆਪਣੀ ਦੇਖ਼ ਰੇਖ਼ ਹੇਠ ਹੋਏ।ਮੇਰੇ ਮਾਂ ਬਾਪ ਸ਼ਾਇਦ ਆਮ ਲੋਕਾਂ ਦੀ ਤਰ੍ਹਾਂ ਆਪਣੀਆਂ ਧੀਆਂ ਨੂੰ ਦਾਜ ਦਹੇਜ ਨਹੀਂ ਦੇ ਸਕੇ ਸਨ। ਕਿਉਂਕਿ ਆਦਤਨ ਹੀ ਬਾਪੂ ਜੀ ਨੇ ਕਦੇ ਕਿਸੇ ਤੋਂ ਉਧਾਰ ਜਾਂ ਕਰਜ਼ੇ ਦੇ ਤੌਰ ਤੇ ਕਦੇ ਪੈਸਾ ਨਹੀਂ ਫੜਿਆ ਸੀ। ਪਰ ਜੋ ਮੇਰੀ ਮਾਤਾ ਜੀ ਨੇ ਆਪਣੀਆਂ ਧੀਆਂ ਨੂੰ ਦਿੱਤਾ ਉਹ ਸ਼ਾਇਦ ਕਦੇ ਹੀ ਕਿਸੇ ਨੇ ਦਿੱਤਾ ਹੋਵੇ। ਮਾਂ ਨੇ ਆਪਣੀਆਂ ਧੀਆਂ ਨੂੰ ਹੱਥਾਂ ਦੀਆਂ ਸਚਿਆਰੀਆਂ ਬਣਾਉਣ ਦੇ ਨਾਲ ਨਾਲ ਸਭ ਨੂੰ ਨੈਤਿਕ ਸਿਖਿਆ ਵੀ ਦੇਣ ਵਿਚ ਕੋਈ ਕਸਰ ਨਾ ਛੱਡੀ।ਆਪਣੀਆਂ ਪੁੱਤਰੀਆਂ ਭਾਵ ਸਾਡੀਆਂ ਭੈਣਾਂ ਦੇ ਵਿਆਹ ਕਰਨ ਤੋਂ ਪਹਿਲਾਂ ਸੌ ਤਰ੍ਹਾਂ ਦੀਆਂ ਸਿਖਿਆਂਵਾਂ ਦਿੰਦਿਆਂ ਮਾਂ ਨੂੰ ਅਸੀਂ ਸੁਣਦੇ ਰਹਿੰਦੇ ਸੀ। ਮਾਂ ਨੇ ਦਸਣਾ ਕਿ ਸਹੁਰੇ ਘਰ ਜਾ ਕੇ ਕਦੇ ਵੀ ਆਪਣੀ ਮਨ ਮਰਜ਼ੀ ਕਰਨ ਦਾ ਯਤਨ ਨਹੀਂ ਕਰਨਾ। ਸਦਾ ਆਪਣੀ ਸੱਸ ਮਾਂ ਦੇ ਕਹਿਣੇ ਵਿਚ ਚੱਲਣ ਦਾ ਯਤਨ ਕਰਨਾ ਹੈ। ਨਿੱਤ ਝੋਲਾ ਚੁੱਕ ਕੇ ਮੇਰੇ ਪਾਸ ਮਿਲਣ ਵਾਸਤੇ ਪੇਕੇ ਆਉਣ ਦਾ ਯਤਨ ਨਹੀਂ ਕਰਨਾ। ਨਾ ਹਰ ਰੋਜ਼ ਸਾਨੂੰ ਚਿੱਠੀ ਹੀ ਲਿਖਣੀ ਹੈ। ਚਾਰ ਸ਼ਬਦ ਪੜ੍ਹ ਜਾਣ ਦਾ ਇਹ ਮਤਲਬ ਬਿਲਕੁਲ ਨਹੀਂ ਕਿ ਹਰ ਨਿੱਕੀ ਮੋਟੀ ਗੱਲ ਦੀ ਸਿਕਾਇਤ ਸਾਨੂੰ ਕਰਦੇ ਹੀ ਰਹਿਣੀ ਹੈ।ਆਪਣੇ ਪਤੀ ਨਾਲ ਸਦਾ ਸਲਾਹ ਕਰ ਕੇ ਘਰ ਦੀ ਚੜ੍ਹਦੀ ਕਲਾ ਬਾਰੇ ਹੀ ਸੋਚਣਾ ਹੈ।ਮਾਂ ਨੇ ਉਨ੍ਹਾਂ ਨੂੰ ਦੱਸਣਾ ਕਿ ਉਸ ਨੇ ਸਦਾ ਹੀ ਸਾਡੇ ਬਾਪੂ ਨਾਲ ਰ਼ਲ ਕੇ ਮਿਹਨਤ ਮਜ਼ਦੂਰੀ ਕੀਤੀ ਹੈ ਤੇ ਡੋਲਣ ਨਹੀਂ ਦਿੱਤਾ।ਵਾਹ ਲਗਦੀ ਤੁਸੀਂ ਵੀ ਮਿਹਨਤ ਕਰਨ ਤੋਂ ਕਦੇ ਜੀ ਨਹੀਂ ਚੁਰਾਉਣਾ ਤੇ ਘਰ ਦੀ ਮੰਦਹਾਲੀ ਨੂੰ ਕੱਢਣ ਦਾ ਯਤਨ ਕਰਨਾ ਹੈ।

ਯਤਨ ਕਰਨਾ ਹੈ ਕਿ ਘਰ ਦੀ ਰੋਟੀ ਸਬਜ਼ੀ ਭਾਜੀ ਸੱਸ ਦੀ ਸਲਾਹ ਪੁੱਛ ਕੇ ਚਾੜ੍ਹੀ ਜਾਵੇ।ਜੋ ਵੀ ਉਹ ਕਹੇ ਉਹ ਬਣਾ ਲਈ ਜਾਵੇ। ਯਤਨ ਕਰਨਾ ਹੈ ਕਿ ਆਪਣੇ ਸੱਸ ਸਹੁਰੇ ਨੂੰ ਚਾਹ ਰੋਟੀ ਬਾਕੀ ਪਰਿਵਾਰ ਨਾਲੋਂ ਪਹਿਲਾਂ ਦੇ ਦਿੱਤੀ ਜਾਵੇ। ਯਤਨ ਕਰੋ ਕਿ ਜਦ ਉਨ੍ਹਾਂ ਨੂੰ ਰੋਟੀ ਖੁਆਉਣੀ ਹੋਵੇ ਤਾਂ ਆਪ ਉਨਾਂ ਚਿਰ ਉਨ੍ਹਾਂ ਦੇ ਕੋਲ ਬੈਠੋ ਜਦ ਤੱਕ ਕਿ ਉਹ ਰੋਟੀ ਖਾ ਨਹੀਂ ਲੈਂਦੇ।ਉਸ ਤੋਂ ਬਾਅਦ ਸਾਰੇ ਪਰਿਵਾਰ ਨੂੰ ਰੋਟੀ ਦਿਉ। ਇਸੇ ਤਰ੍ਹਾਂ ਹੀ ਕੱਪੜੇ ਲੱਤੇ ਦੇ ਧੋਣ, ਮੁਰੰਮਤ ਕਰਨ ਦੇ ਕੰਮ ਵਲ ਉਚੇਚਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ।ਜੇਕਰ ਸਾਨੂੰ ਮਿਲਣ ਆਉਣਾ ਹੈ ਤਾਂ ਪਹਿਲਾਂ ਸੱਸ ਮਾਂ ਨਾਲ ਸਲਾਹ ਕਰਨੀ ਹੈ, ਆਪਣੇ ਪਤੀ ਦੇਵ ਨਾਲ ਸਲਾਹ ਕਰ ਕੇ ਸਹੁਰਾ ਸਾਹਿਬ ਜੀ ਨੂੰ ਵੀ ਆਜਜ਼ੀ ਸਹਿਤ ਦੱਸ ਕੇ ਆਗਿਆ ਮੰਗਣੀ ਹੈ। ਸੱਸ ਦੀ ਇਛਾ ਤੋਂ ਇਕ ਦਿਨ ਵੀ ਵੱਧ ਪੇਕੇ ਨਹੀਂ ਅਟਕਣਾ। ਪੇਕਿਆਂ ਜਾਂ ਭੈਣਾਂ ਨੂੰ ਮਿਲਣ ਆਉਣ ਸਮੇਂ ਆਪਣਾ ਬਰੀਫ ਕੇਸ ਆਪਣੀ ਸੱਸ ਮਾਂ ਦੇ ਕੋਲ ਬੈਠ ਕੇ ਤਿਆਰ ਕਰਨਾ ਹੈ ਜਾਂ ਉਸ ਨੂੰ ਦੇ ਦੇਣਾ ਹੈ ਕਿ ਉਹ ਤੁਹਾਵੇ ਕੱਪੜੇ ਲੱਤੇ ਪਾ ਦੇਵੇ ਤੇ ਤੁਸੀਂ ਜਦ ਤੱਕ ਘਰ ਦਾ ਕੋਈ ਹੋਰ ਕੰਮ ਕਰਨ ਦੇ ਬਹਾਨੇ ਵਾਹ ਲੱਗਦੇ ਪਰੇ ਪਰੇ ਹੀ ਰਹਿਣਾ ਹੈ। ਅੱਜ ਕਲ ਕੁੜੀਆਂ ਤੇ ਆਮ ਇਲਜ਼ਾਮ ਹੁੰਦਾ ਹੈ ਕਿ 'ਘਰੋਂ ਜਾਣ ਲੱਗੀ ਚੋਰਾਂ ਵਾਂਗੂੰ ਪਰੇ ਪਰੇ ਦੀ ਨਿਕਲ ਗਈ ਮੁੰਡੇ ਨੂੰ ਲੈ ਕੇ , ਖਬਰੇ ਬਰੀਫ ਕੇਸ ਵਿਚ ਕੀ ਲੈ ਕੇ ਗਈ ਹੈ'। ਅਜਿਹੀਆਂ ਨਾਲਸ਼ਾਂ ਤੋਂ ਬਚਣ ਲਈ ਇਹ ਜ਼ਰੂਰੂ ਹੈ।

ਸਹੁਰੇ ਪਰਿਵਾਰ ਵਿਚ ਕਈ ਵਾਰ ਤੁਹਾਡੇ ਮਾਪਿਆਂ ਦੀ ਬਾਬਤ ਕੋਈ ਵਿਚਾਰ ਵਟਾਂਦਰਾ ਚੰਗਾ ਜਾਂ ਮਾੜਾ ਚੱਲ ਰਿਹਾ ਹੁੰਦਾ ਹੈ। ਯਤਨ ਕਰੋ ਕਿ ਤੁਸੀ ਉਠ ਕੇ ਪਰੇ ਚਲੇ ਜਾਵੋ ਜਾਂ ਬਹਾਨੇ ਨਾਲ ਟ਼ਲ ਜਾਵੋ।ਜੇਕਰ ਪਰਿਵਾਰ ਵਿਚ ਬੈਠ ਕੇ ਆਪ ਗੱਲ ਬਾਤ ਵਿਚ ਹਿੱਸਾ ਲੈਣਾ ਪਵੇ ਤਾਂ ਉਨ੍ਹਾਂ ਦੀ ਬਹੁਤੀ ਵਡਿਆਈ ਨਾ ਕਰੋ। ਮਾਂ ਨੇ ਸਦਾ ਆਪਣੀਆਂ ਧੀਆਂ ਨੂੰ ਸਮਝਾਇਆ ਕਿ ਕਦੇ ਵੀ ਸਹੁਰਿਆਂ ਵਿਚ ਆਪਣੇ ਮਾਪਿਆਂ ਦੀ ਵਕਾਲਤ ਨਾ ਕਰੋ। ਆਮ ਤੌਰ ਤੇ ਹੀ ਹਰ ਸਹੁਰੇ ਜਾਣ ਵਾਲੀ ਹਰੇਕ ਕੁੜੀ ਨੂੰ ਮਾਂ ਕਿਹਾ ਕਰਦੀ ਸੀ ਕਿ ਅੱਖਾਂ ਤੇ ਕੰਨ ਦੋ ਦੋ ਹਨ ਨਾਸਾਂ ਵੀ ਦੋ ਹਨ, ਪਰ ਜ਼ਬਾਨ ਇਕ ਹੀ ਹੈ। ਕੁਦਰਤ ਮਾਂ ਨੇ ਬੜਾ ਹੀ ਇਨਸਾਫ ਕੀਤਾ ਹੋਇਆ ਹੈ। ਕੁਦਰਤ ਮਾਂ ਇਸ਼ਾਰੇ ਨਾਲ ਸਮਝਾਉਂਦੀ ਹੈ ਕਿ ਜ਼ਬਾਨ ਨੂੰ ਸੰਜਮ ਨਾਲ ਵਰਤਣਾ ਹੈ, ਐਵੇਂ ਨਹੀਂ ਖੋਲ੍ਹਦੇ ਰਹਿਣਾ।ਪਰ ਅੱਖਾਂ ਕੰਨ ਤੇ ਨੱਕ ਪਾਸਿਓਂ ਸਦਾ ਚੁਕੰਨੇ ਰਹਿਣਾ ਹੈ ਤੇ ਇਹ ਸਦਾ ਹੀ ਖੋਲ੍ਹ ਕੇ ਰੱਖਣੇ ਹਨ।

ਇਸੇ ਹੀ ਤਰ੍ਹਾਂ ਮਾਂ ਨੇ ਸਾਡੇ ਆਪਣੇ ਪੁੱਤਰਾਂ ਦੇ ਵਿਆਹਾਂ ਤੇ ਵੀ ਆਪਣੇ ਵਲੋਂ ਭਰਪੂਰ ਸਿਖਿਆ ਦੇਣ ਦਾ ਯਤਨ ਕਰਨਾ। ਜਦ ਹਾਲੇ ਮੇਰੇ ਵਿਆਹ ਵਿਚ ਕਈ ਮਹੀਨੇ ਰਹਿੰਦੇ ਸਨ ਤੇ ਟਾਵੀਆਂ ਵਿਰਲੀਆਂ ਤਿਆਰੀਆਂ ਚੱਲ ਰਹੀਆਂ ਸਨ ਤਾਂ ਮਾਂ ਨੇ ਪਹਿਲਾਂ ਹੀ ਉਠਦੇ ਬੈਠਦੇ ਨੂੰ ਮੈਨੂੰ ਸਮਝਾਉਣਾ ਸ਼ੁਰੂ ਕਰ ਦਿੱਤਾ। ਗਾਹੇ ਵਗਾਹੇ ਕੋਈ ਨਾ ਕੋਈ ਗੱਲ ਛੇੜ ਕੇ ਕੋਈ ਅਕਲ ਦੀ ਗੱਲ ਮਾਂ ਨੇ ਸਿਖਾਉਣ ਦੀ ਗੱਲ ਕਰਨੀ। ਕਈ ਗੱਲਾਂ ਬਾਪੂ ਜੀ ਦੇ ਸਮਝਾਉਣਾ ਦੀਆਂ ਵੀ ਮਾਂ ਜੀ ਨੇ ਹੀ ਕਰ ਦੇਣੀਆਂ।ਮਾਂ ਦੀਆਂ ਇਹ ਸਾਰੀਆਂ ਸਿਖਿਆਂਵਾਂ ਸਾਰੀ ਉਮਰ ਸਾਡੇ ਕੰਮ ਆਈਆਂ। ਇਹ ਅਜਿਹੀਆਂ ਸਿਖਿਆਂਵਾਂ ਸਨ ਜੋ ਕਿ ਕਿਸੇ ਵੀ ਕਿਤਾਬ ਵਿਚ ਨਹੀਂ ਮਿਲਦੀਆਂ ਸਨ। ਇਕ ਦਿਨ ਮਾਂ ਮੈਨੂੰ ਦੱਸਣ ਲੱਗੀ ਕਿ ਸਹੁਰੇ ਘਰ ਗਏ ਸਾਲੀਆਂ ਝੁਰਮਟ ਜਿਹਾ ਪਾ ਕੇ ਆਮ ਤੌਰ ਤੇ ਮਜ਼ਾਕ ਮਸ਼ਕੂਲਾ ਟਿੱਚਰ ਬਾਜ਼ੀ ਉਤੇ ਉਤਰ ਆਉਂਦੀਆਂ ਹਨ। ਯਤਨ ਕਰੋ ਕਿ ਚੁਪ ਜਿਹਾ ਰਹਿ ਕੇ ਜੇਕਰ ਸਰ ਜਾਵੇ ਨਹੀ ਤਾਂ ਕਦੇ ਚੁਭਵਾਂ ਮਖੌਲ ਕਿਸੇ ਨੂੰ ਵੀ ਨਾ ਕਰੋ।ਉਨ੍ਹਾਂ ਨੂੰ ਦੱਸ ਦਿਓ ਕਿ ਮੈਂ ਤਾਂ ਭੈਣਾਂ ਭਰਾਵਾਂ ਦੀ ਤਰ੍ਹਾਂ ਹੀ ਰਹਿਣਾ ਪਸੰਦ ਕਰਦਾ ਹਾਂ। ਸਾਲੀ ਜੀਜੇ ਦੇ ਰਿਸ਼ਤਿਆਂ ਵਿਚ ਕਈ ਵਾਰ ਕਲੇਸ਼ ਹੋ ਜਾਂਦੇ ਹਨ ।ਵਾਹ ਲੱਗਦੀ ਆਪਣੀਆਂ ਸਾਲੇਹਾਰਾਂ ਨੂੰ ਆਪਣੀਆਂ ਮਾਂ ਜਾਈਆਂ ਦੇ ਬਰਾਬਰ ਸਮਝੋ ਉਨ੍ਹਾਂ ਦਾ ਦੁਖ ਦਰਦ ਪੁਛੋ। ਉਨ੍ਹਾਂ ਨਾਲ ਭੈਣਾਂ ਵਾਲੀ ਅਪਣੱਤ ਪੈਦਾ ਕਰੋ।ਕਿਸੇ ਨਾਲ ਟਿਚਰ ਮਖੌਲ ਇਸ ਤਰ੍ਹਾਂ ਦਾ ਕਰੋ ਕਿ ਜਿਸ ਨਾਲ ਸਭ ਨੂੰ ਹੀ ਹਾਸਾ ਆਵੇ ਬਲਕਿ ਸਫਲ ਮਖੌਲ ਮਸ਼ਕੂਲਾ ਉਹ ਹੁੰਦਾ ਕਿ ਜਿਸ ਉਤੇ ਕੀਤਾ ਗਿਆ ਹੋਵੇ ਉਹ ਵੀ ਸੁਣ ਕੇ ਆਪਣਾ ਹਾਸਾ ਰੋਕ ਨਾ ਸਕੇ।ਆਪ ਹਾਸੇ ਵਾਲੀ ਗੱਲ ਕਰਦੇ ਸਮੇਂ ਵਾਹ ਲਗਦੀ ਆਪਣਾ ਹਾਸਾ ਰੋਕ ਕੇ ਰੱਖੋ। ਤੁਹਾਡੀ ਸਫਲਤਾ ਇਸ ਵਿਚ ਹਨ ਕਿ ਤੁਹਾਡੇ ਵਲੋਂ ਗੱਲ ਸੁਣਾਉਂਦਿਆਂ ਸੁਣਾਉਂਦਿਆ ਸੁਣਨ ਵਾਲੇ ਲੋਟ ਪੋਟ ਹੁੰਦੇ ਰਹਿਣ ਪਰ ਤੁਸੀ ਆਪ ਪਹਿਲਾਂ ਗੰਭੀਰ ਰਹੋ ਤੇ ਮਗਰੋਂ ਹਾਸੇ ਵਿਚ ਸ਼ਰੀਕ ਹੋਵੋ।ਸਫਲਤਾ ਇਸ ਗੱਲ ਵਿਚ ਗਿਣੀ ਜਾਂਦੀ ਹੈ ਕਿ ਜਿਸ ਉਤੇ ਮਖ਼ੌਲ, ਟਿੱਚਰ, ਮਸ਼ਕੂਲਾ, ਹਾਸਾ ਸੇਧਿਆ ਗਿਆ ਹੈ ਉਸ ਨੂੰ ਵੀ ਸੁਤੇ ਸਿੱਧ ਹਾਸਾ ਆਵੇ ਤੇ ਉਹ ਕਿਸੇ ਤਰ੍ਹਾਂ ਦਾ ਨੀਵੇਂਪਣ ਦਾ ਅਹਿਸਾਸ ਨਾ ਕਰੇ।

ਮਾਂ ਜੀ ਨੇ ਇਕ ਹੋਰ ਮੱਤ ਬਹੁਤ ਹੀ ਵਧੀਆ ਦਿੱਤੀ ਆਪਣੇ ਸੱਸ ਸਹੁਰੇ ਨੂੰ ਆਪਣੇ ਮਾਂ ਬਾਪ ਦੀ ਹੀ ਪਦਵੀ ਦਿਓ। ਉਨ੍ਹਾਂ ਲਈ ਇਹ ਬੜਾ ਮਹਿੰਗਾ ਸੌਦਾ ਹੁੰਦਾ ਹੈ।ਉਨ੍ਹਾਂ ਨੇ ਧੀ ਦੇ ਕੇ ਪੁੱਤ ਖਰੀਦਿਆ ਹੁੰਦਾ ਹੈ। ਆਪਣੇ ਅਸਲ ਮਾਂ ਬਾਪ ਦੀ ਤਰ੍ਹਾਂ ਹੀ ਉਨ੍ਹਾਂ ਨੂੰ ਮਾਣ ਸਨਮਾਨ ਦਿਓ।ਬਾਹਰ ਗੱਲ ਕਰਦੇ ਸਮੇਂ ਸ਼ਬਦ ਸਹੁਰਾ, ਸਾਲਾ ਸੱਸ ਵਰਤਣ ਤੋਂ ਗੁਰੇਜ਼ ਕਰੋ। ਉਪਰਲੇ ਸ਼ਬਦ ਵਰਤਣ ਵਾਲਾ ਬੰਦਾ ਅਭਿਮਾਨੀ ਜਾਪਦਾ ਹੈ ਤੇ ਅਜਿਹਾ ਝਉਲਾ ਵੀ ਪਾ ਦਿੰਦਾ ਹੈ ਕਿ ਇਹ ਬੰਦਾ ਬੇਸਹੂਰਾ ਹੈ। ਮਾਂ ਬਾਪ ਜਾਂ ਧਰਮ ਪਿਤਾ ਧਰਮ ਮਾਤਾ, ਬੱਚਿਆਂ ਦੇ ਨਾਨਾ ਜੀ ਨਾਨੀ ਜੀ ਜਾਂ ਮਾਮਾ ਜੀ ਆਦਿ ਸ਼ਬਦ ਵਰਤੋ। ਤੁਹਾਡੀ ਇਜ਼ਤ ਨੂੰ ਚਾਰ ਚੰਨ ਲੱਗ ਜਾਣਗੇ। ਸਹੁਰੇ ਪਰਿਵਾਰ ਵਿਚ ਕੋਈ ਸਮਾਗਮ ਹੋਵੇ ਜਾਂ ਕਿਸੇ ਤਰ੍ਹਾਂ ਦਾ ਵੀ ਇਕਠ ਇਕਤਰਤਾ ਹੋਵੇ ਪਰਾਹੁਣੇ ਬਣ ਕੇ ਨਾ ਬੈਠੋ ਆਪਣੀ ਪਤਨੀ ਦੇ ਭਰਾਵਾਂ ਦੀ ਤਰ੍ਹਾਂ ਕੋਈ ਨਾ ਕੋਈ ਜ਼ਿੰਮੇਵਾਰੀ ਲੈ ਕੇ ਕੰਮ ਕਰੋ। ਸਹੁਰੇ ਪਰਿਵਾਰ ਵਿਚ ਘਰਦਾ ਹੀ ਜ਼ਿੰਮੇਵਾਰ ਜੀਅ ਹੋਣ ਦਾ ਅਹਿਸਾਸ ਕਰਵਾਓ।ਜਦ ਸਮਾਂ ਬਦਲਿਆ ਤਾਂ ਮੇਰੀ ਮਾਂ ਨੇ ਇਹ ਸਾਰੀ ਦੀ ਸਾਰੀ ਸਿਖਿਆ ਆਪਣੇ ਪੋਤਿਆਂ ਪੋਤੀਆਂ ਨੂੰ ਵੀ ਦਿੱਤੀ ।ਵਾਧਾ ਇਹ ਕੀਤਾ ਕਿ ਹਰ ਸਮੇਂ ਹਥ ਵਿਚ ਮੋਬਾਈਲ ਫੋਨ ਫੜ ਕੇ ਮਾਪਿਆਂ ਨਾਲ ਹੀ ਗਲਾਂ ਨਹੀਂ ਕਰੀ ਜਾਣੀਆਂ। ਸਗੋਂ ਇਹ ਬਲਾ ਲੈਣ ਦੀ ਲੋੜ ਹੀ ਨਹੀਂ। ਪੋਤੀਆਂ ਨੂੰ ਦੱਸਿਆ ਕਿ ਦੁਖ ਸੁਖ ਦੀ ਖਬਰ ਅਸੀਂ ਆਪਣੇ ਜੁਆਈ ਤੋਂ ਸੁਣ ਕੇ ਰਾਜ਼ੀ ਹੋਵਾਂਗੇ ਨਾ ਕਿ ਤੇਰੇ ਕੋਲੋਂ।ਬਹੁਤੇ ਫੋਨ ਨਹੀਂ ਖੜਕਾਉਣੇ ਜਿਹੜੇ ਸੱਸ ਸਹੁਰੇ ਨੂੰ ਵੀ ਮਾੜੇ ਲੱਗਣ।

ਇਹ ਸਭ ਕਰਦੇ ਕਰਦੇ ਸਮਾਂ ਬਦਲ ਗਿਆ। ਪਰਿਵਾਰ ਪੇਂਡੂ ਜ਼ਿੰਦਗੀ ਵਿਚੋਂ ਨਿਕਲ ਕੇ ਸ਼ਹਿਰੀ ਬਣ ਗਿਆ ਸੀ ।ਮੇਰੀ ਮਾਂ ਵੀ ਹੁਣ ਸ਼ਹਿਰੀ ਪਰਿਵਾਰ ਦੀ ਮਾਂ ਬਣ ਗਈ ਸੀ।ਪਰਿਵਾਰ ਭਾਵੇਂ ਅਮੀਰ ਤਾਂ ਨਹੀਂ ਸੀ ਪਰ ਗ਼ਰੀਬ ਜ਼ਰੂਰ ਨਹੀਂ ਰਿਹਾ ਸੀ। ਸਭ ਨੂੰ ਪੇਟ ਭਰ ਮਾਣ ਸਨਮਾਨ ਦੀ ਰੋਟੀ ਮਿਲਦੀ ਸੀ । ਪਹਿਨਣ ਨੂੰ ਕੱਪੜਾ ਥੋੜ੍ਹੀ ਪਸੰਦ ਅਨੁਸਾਰ ਮਿਲਣ ਲੱਗ ਗਿਆ ਸੀ। ਸਿਰ ਤੇ ਪੱਕੀਆਂ ਛੱਤਾਂ ਸਨ । ਮਾਂ ਨੂੰ ਹੁਣ ਕਿਸੇ ਦਾ ਆਟਾ ਨਹੀਂ ਪੀਸਣਾ ਪੈਂਦਾ ਸੀ। ਮਾਂ ਨੂੰ ਕਿਸੇ ਦੇ ਕੋਠੇ ਨਹੀਂ ਲਿਪਣੇ ਪੈਂਦੇ ਸਨ। ਖੇਤਾਂ ਵਿਚੋਂ ਸਿੱਟੇ ਨਹੀਂ ਚੁਗਣੇ ਪੈਂਦੇ ਸਨ। ਘਾਹ ਨਹੀਂ ਖੋਤਣਾ ਪੈਂਦਾ ਸੀ। ਬਾਲਣ ਲਈ ਅੱਕ ਵੱਢ ਕੇ ਜਾਂ ਬੂੰਡੇ ਚੁਗ ਕੇ ਨਹੀਂ ਲਿਆਉਣੇ ਪੈਂਦੇ ਸਨ। ਮਾਂ ਨੂੰ ਹੁਣ ਕੋਈ ਵੀ ਮੁਸ਼ੱਕਤ ਕਰਨੀ ਨਹੀਂ ਪੈਂਦੀ ਸੀ। ਸਭ ਕੁਝ ਬਦਲਿਆ ਬਦਲਿਆ ਲਗਦਾ ਸੀ। ਮਾਂ ਹੁਣ ਤੱਕ ਕਿੰਨੇ ਹੀ ਪੋਤਿਆਂ ਪੋਤੀਆਂ ਦੋਹਤਿਆਂ ਦੋਹਤੀਆਂ ਦੀ ਦਾਦੀ ਨਾਨੀ ਬਣ ਗਈ ਸੀ। ਪੁੱਤਾਂ ਧੀਆਂ ਵਿਚੋਂ ਨਿਕਲ ਕੇ ਹੁਣ ਮਾਂ ਪੋਤਿਆਂ ਪੋਤੀਆਂ ਵਿਚ ਆ ਗਈ ਸੀ। ਪੁੱਤਾਂ ਧੀਆਂ ਵਾਲੀ ਜ਼ਿੰਮੇਵਾਰੀ ਹੁਣ ਪੋਤਿਆਂ ਪੋਤੀਆਂ ਤੇ ਆ ਕੇ ਟਿਕ ਗਈ ਸੀ। ਮਾਂ ਨੇ ਇਥੇ ਵੀ ਸਭ ਨੂੰ ਬੱਚਿਆਂ ਨੂੰ ਖ਼ੂਬ ਪੜ੍ਹਾਉਣ ਦੀ ਪ੍ਰੇਰਣਾ ਦਿੱਤੀ। ਮਾਂ ਦੀ ਪ੍ਰੇਰਣਾ ਨਾਲ ਸਾਡੇ ਸਾਰੇ ਬੱਚੇ ਪੜ੍ਹ ਲਿਖ਼ ਕੇ ਕੋਈ ਬੈਂਕ ਮੈਨੇਜਰ/ਕੰਪਨੀ ਮੈਨੇਜਰ, ਕੋਈ ਡਾਕਟਰ, ਕੋਈ ਇੰਜਨੀਅਰ, ਕੋਈ ਪ੍ਰਿੰਸੀਪਲ, ਕੋਈ ਲੈਕਚਰਾਰ ਕੋਈ ਕੁਝ ਤੇ ਕੋਈ ਕੁਝ ਬਣ ਚੁੱਕੇ ਸਨ।

ਮਾਂ ਹੁਣ ਵੀ ਸਭ ਦੀ ਅਨਪੜ੍ਹ ਵਿਦਵਾਨ ਅਧਿਆਪਿਕਾ ਸਲਾਹਕਾਰ ਸੀ। ਇਥੋਂ ਤੱਕ ਪਹੁੰਚਦਿਆਂ ਸਮਾਂ ਢੇਰ ਸਾਰਾ ਬਦਲ ਚੁੱਕਾ ਸੀ। ਟੀ ਵੀ, ਕੰਪਿਊਟਰ, ਟੈਲੀਫੋਨ, ਮੋਬਾਈਲ ਫੋਨ, ਦਾ ਸਮਾਂ ਆ ਗਿਆ ਸੀ। ਲੋਕ ਸਕੂਟਰਾਂ, ਮੋਟਰ ਸਾਈਕਲਾਂ ਦੀ ਜ਼ਿੰਦਗੀ ਵਿਚੋਂ ਨਿਕਲ ਕੇ ਕਾਰਾਂ ਦੇ ਜ਼ਮਾਨੇ ਵਿਚ ਪਹੁੰਚ ਚੁਕੇ ਸਨ।ਮਾਂ ਦੇ ਵੀ ਕਿੰਨੇ ਹੀ ਪੋਤਰੇ ਪੋਤਰੀਆਂ ਦੋਹਤੇ ਦੋਹਤੀਆਂ ਪਾਸ ਆਪਣੀਆਂ ਕੋਠੀਆਂ ਕਾਰਾਂ ਆ ਗਈਆਂ ਸਨ।ਮਾਂ ਖ਼ੁਸ਼ ਹੁੰਦੀ ਸੀ ਬਹੁਤ ਖ਼ੁਸ਼। ਇਸ ਸਾਰੀ ਖ਼ੁਸ਼ ਹੈਸੀਅਤੀ ਦਾ ਮਾਂ ਨੇ ਕਦੇ ਵੀ ਮਾਣ ਨਾ ਕੀਤਾ ਸਗੋਂ ਸਦਾ ਵਾਹਿਗੁਰੂ, ਦਾਤਾ ਦਾਤਾਰ ਦਾ ਸ਼ੁਕਰ ਕੀਤਾ ਤੇ ਆਪਣੇ ਸਾਰੇ ਬੱਚਿਆ ਦੀ ਤੰਦਰੁਸਤੀ ਮੰਗਦੀ ਨੇ ਸਦਾ ਕਿਹਾ ਉਹੇ ਮਹਾਰਾਜ ,ਜੋ ਮੇਰੇ ਬੱਚਿਆਂ ਨੂੰ ਦਿੱਤਾ ਹੈ ਸਭ ਨੂੰ ਹੀ ਦੇਵੀਂ"।

ਇੱਕ ਪੋਤੇ ਨੂੰ ਛੱਡ ਕੇ ਬਾਕੀ ਸਾਰੇ ਪੋਤੇ ਪੋਤੀਆਂ ਦੇ ਵਿਆਹ ਸ਼ਾਦੀਆਂ ਆਪਣੇ ਹੱਥੀਂ ਕਰਨ ਦਾ ਸੁਭਾਗ ਮੇਰੀ ਮਾਂ ਨੂੰ ਪ੍ਰਾਪਤ ਸੀ। ਮਾਂ ਮੇਰੀ ਨੇ ਆਪਣੇ ਸਾਰੇ ਹੀ ਚਾਅ ਲਾਡ ਪੂਰੇ ਕਰ ਲਏ ਸਨ। ਇਕੋ ਹੀ ਗੱਲ ਜੋ ਮਾਂ ਨੂੰ ਸਦਾ ਰੜਕਦੀ ਰਹਿੰਦੀ ਸੀ ਉਹ ਸੀ ਬਾਪੂ ਜੀ ਦਾ ਤੁਰ ਜਾਣਾ। ਹਰ ਖ਼ੁਸ਼ੀ ਦੇ ਮੌਕੇ ਮਾਂ ਉਨ੍ਹਾਂ ਨੂੰ ਬਾਰ ਬਾਰ ਯਾਦ ਕਰਦੀ ਰਹਿੰਦੀ ਸੀ। ਮਾਂ ਦਾ ਆਮ ਕਹਿਣ ਸੀ ਕਿ ਜੇਕਰ 'ਅੱਜ ਤੇਰੇ ਬਾਪੂ ਜੀ ਹੁੰਦੇ'। ਮਾਂ ਨੇ ਆਪਣੀਆਂ ਪੋਤੀਆਂ ਪੋਤਿਆਂ ਨੂੰ ਵੀ ਲਗਭਗ ਉਸੇ ਹੀ ਤਰ੍ਹਾਂ ਸਿਖਿਆ ਦਿੱਤੀ ਜਿਵੇਂ ਆਪਣੀਆਂ ਧੀਆਂ ਪੁੱਤਾਂ ਨੂੰ ਦਿੱਤੀ ਸੀ।ਵਾਧਾ ਇਹ ਸੀ ਕਿ ਹੁਣ ਦੀ ਦੁਨੀਆਂ ਵਿਚ ਮੋਬਾਈਲ ਫੋਨ, ਕੰਪਿਊਟਰ, ਟੀ ਵੀ ਤੇ ਕਾਰ ਵੜ ਗਏ ਸਨ।

ਸੁਭਾਅ ਪੱਖੋਂ ਮਾਂ ਥੋੜੀ ਗੁੱਸੇ ਖੋਰ ਸੀ ਅੜਬ ਸੀ।ਅਸਲ ਵਿਚ ਮਾਂ ਜੀ ਦੇ ਪੇਕੇ ਪਰਿਵਾਰ ਵਿਚੋਂ ਦੋ ਭੈਣਾਂ ਤੋਂ ਸਿਵਾ ਹੋਰ ਕੋਈ ਵੀ ਨਹੀਂ ਸੀ। ਮਾਂ ਬਾਪ ਗੁਜ਼ਰ ਚੁੱਕੇ ਸਨ। ਇਕ ਵੱਡਾ ਭਰਾ ਸੀ ਜੋ ਕਿ ਭਰ ਜਵਾਨੀ ਵਿਚ ਵਿਆਹ ਤੋਂ ਛੇਤੀ ਹੀ ਬਾਅਦ ਚੱਲ ਵਸਿਆ ਸੀ ਜਿਸ ਨਾਲ ਮਾਂ ਜੀ ਦਾ ਬਹੁਤ ਪਿਆਰ ਸੀ।

**(ਬਾਕੀ ਅਗਲੇ ਅੰਕ ਵਿਚ)**

## ਭਾਰਤ ਦੇ 70ਵੇਂ ਸੁਤੰਤਰਤਾ ਦਿਵਸ ਨੂੰ ਸਮਰਪਿਤ

# 'ਕਾਕੋਰੀ-ਕਾਂਡ ਦੇ ਕ੍ਰਾਂਤੀਕਾਰੀਆਂ ਨੂੰ ਸਲਾਮ'



ਪ੍ਰੋ: ਐਚ.ਐਲ.ਕਪੂਰ
001- 916- 587-4002

ਕਾਕੋਰੀ-ਕਾਂਡ ਭਾਰਤੀ ਸੁਤੰਤਰਤਾ ਸੰਗਰਾਮ ਦੇ ਕ੍ਰਾਂਤੀਕਾਰੀਆਂ ਦੁਆਰਾ ਬ੍ਰਿਟਿਸ਼ ਰਾਜ ਦੇ ਵਿਰੁੱਧ ਭਿਅੰਕਰ ਯੁੱਧ ਛੇੜਨ ਦੀ ਖਤਰਨਾਕ ਇੱਛਾ ਨਾਲ ਹਥਿਆਰ ਖਰੀਦਣ ਲਈ, ਸਰਕਾਰ ਦਾ ਖ਼ਜ਼ਾਨਾ ਲੁੱਟਣ ਲਈ, ਇਕ ਇਤਿਹਾਸਕ ਘਟਨਾ ਸੀ ਜਿਹੜੀ ਕਿ 9 ਅਗਸਤ, 1925 ਨੂੰ ਹੋਈ ਸੀ। ਇਸ ਟ੍ਰੇਨ ਡਕੈਤੀ 'ਚ ਜਰਮਨ ਦੇ ਬਣੇ ਚਾਰ ਮਾਊਜ਼ਰ ਪਸਤੌਲਾਂ ਦੀ ਵਰਤੋਂ ਕੀਤੀ ਗਈ ਸੀ। ਇਨ੍ਹਾਂ ਪਸਤੌਲਾਂ ਦੀ ਵਿਸ਼ੇਸ਼ ਗੱਲ ਇਹ ਸੀ ਕਿ ਇਹਨਾਂ ਦੀ ਬੱਟ ਦੇ ਪਿੱਛੇ ਇਕ ਹੋਰ ਕੁੰਡਾ ਲਾ ਕੇ ਇਸ ਨੂੰ ਰਾਈਫਲ ਦੀ ਤਰ੍ਹਾਂ ਵਰਤਿਆ ਜਾ ਸਕਦਾ ਸੀ। 'ਹਿੰਦੋਸਤਾਨ ਰਿਪਬਲੀਕਨ ਐਸੋਸੀਏਸ਼ਨ' ਦੇ ਸਿਰਫ਼ ਦਸ ਮੈਂਬਰਾਂ ਨੇ ਇਸ ਪੂਰੀ ਘਟਨਾ ਨੂੰ ਅੰਜਾਮ ਦਿੱਤਾ ਸੀ।

ਕ੍ਰਾਂਤੀਕਾਰੀਆਂ ਦੁਆਰਾ ਚਲਾਏ ਜਾ ਰਹੇ ਆਜ਼ਾਦੀ ਦੇ ਅੰਦੋਲਨ ਨੂੰ ਗਤੀ 'ਚ ਰੱਖਣ ਲਈ ਤਤਕਾਲ ਸਮੇਂ 'ਚ ਧਨ ਦੀ ਜ਼ਰੂਰਤ ਦੇ ਮੱਦੇਨਜ਼ਰ ਸ਼ਾਹਜਹਾਨਪੁਰ ਵਿਖੇ ਹੋਈ ਸਭਾ ਦੇ ਦੌਰਾਨ ਰਾਮ ਪ੍ਰਸਾਦ 'ਬਿਸਮਿਲ' ਨੇ ਅੰਗਰੇਜ਼ ਸਰਕਾਰ ਦਾ ਖ਼ਜ਼ਾਨਾ ਲੁੱਟਣ ਦੀ ਯੋਜਨਾ ਬਣਾਈ ਸੀ। ਇਸ ਯੋਜਨਾ ਅਨੁਸਾਰ ਦਲ ਦੇ ਹੀ ਇਕ ਪ੍ਰਮੁੱਖ ਮੈਂਬਰ ਰਾਜਿੰਦਰ ਨਾਥ ਲਹਿਰੀ ਨੇ 9 ਅਗਸਤ, 1925 ਨੂੰ ਲਖਨਊ ਜ਼ਿਲ੍ਹੇ ਦੇ ਕਾਕੋਰੀ ਰੇਲਵੇ ਸਟੇਸ਼ਨ ਤੋਂ ਚੱਲੀ ਰੇਲ ਗੱਡੀ "ਅੱਠ ਡਾਊਨ, ਸਹਾਰਨਪੁਰ-ਲਖਨਊ ਪੈਸੇਂਜਰ ਟ੍ਰੇਨ" ਦੀ ਚੇਨ ਖਿੱਚ ਕੇ ਰੋਕਿਆ ਤੇ ਕ੍ਰਾਂਤੀਕਾਰੀ ਪੰਡਤ ਰਾਮ ਪ੍ਰਸਾਦ "ਬਿਸਮਿਲ" ਦੀ ਅਗਵਾਈ 'ਚ ਅਸ਼ਫਾਕ ਉੱਲਾ ਖਾਂ, ਪੰਡਤ ਚੰਦਰ ਸ਼ੇਖਰ ਆਜ਼ਾਦ ਤੇ ਬਾਕੀ ਛੇ ਦੂਸਰੇ ਸਾਥੀਆਂ ਦੀ ਮਦਦ ਨਾਲ ਸਾਰੀ ਗੱਡੀ 'ਤੇ ਹਮਲਾ ਕਰ ਦਿੱਤਾ ਤੇ ਉਸ 'ਚ ਲਿਜਾਇਆ ਜਾ ਰਿਹਾ ਸਰਕਾਰੀ ਖ਼ਜ਼ਾਨਾ ਲੁੱਟ ਲਿਆ। ਬਾਅਦ 'ਚ ਅੰਗਰੇਜ਼ ਹਕੂਮਤ ਨੇ ਉਹਨਾਂ ਦੀ ਪਾਰਟੀ 'ਹਿੰਦੋਸਤਾਨ ਰਿਪਬਲਿਕ ਐਸੋਸੀਏਸ਼ਨ' ਦੇ ਕੁੱਲ 40 ਕ੍ਰਾਂਤੀਕਾਰੀਆਂ 'ਤੇ ਬਾਦਸ਼ਾਹ ਦੇ ਵਿਰੁੱਧ ਹਥਿਆਰਬੰਦ ਯੁੱਧ ਛੇੜਨ, ਸਰਕਾਰੀ ਖ਼ਜ਼ਾਨਾ ਲੁੱਟਣਾ ਤੇ ਗੱਡੀ 'ਚ ਸਵਾਰ ਮੁਸਾਫ਼ਰਾਂ ਦੀ ਹੱਤਿਆ ਕਰਨ ਦੇ ਦੋਸ਼ ਤਹਿਤ ਮੁਕੱਦਮਾ ਚਲਾਇਆ। ਜਿਸ 'ਚ ਰਾਜਿੰਦਰਨਾਥ ਲਹਿਰੀ, ਪੰਡਤ ਰਾਮ ਪ੍ਰਸਾਦ ਬਿਸਮਿਲ, ਅਸ਼ਫਾਕ ਉੱਲਾ ਖਾਂ ਤੇ ਠਾਕਰ ਰੌਸ਼ਨ ਸਿੰਘ ਨੂੰ ਫਾਂਸੀ ਦੀ ਸਜਾ (ਮੌਤ ਦੰਡ) ਸੁਣਾਈ ਗਈ। ਇਸ ਮੁਕੱਦਮੇ 'ਚ 16 ਦੂਸਰੇ ਕ੍ਰਾਂਤੀਕਾਰੀਆਂ ਨੂੰ ਘੱਟ ਤੋਂ ਘੱਟ ਚਾਰ ਸਾਲ ਦੀ ਸਜਾ ਤੋਂ ਲੈ ਕੇ ਜ਼ਿਆਦਾ ਤੋਂ ਜ਼ਿਆਦਾ ਕਾਲੇ ਪਾਣੀ (ਉਮਰ ਕੈਦ) ਤੱਕ ਦੀ ਸਜਾ ਸੁਣਾਈ ਗਈ।

**ਕਾਕੋਰੀ-ਕਾਂਡ ਤੋਂ ਪਹਿਲਾਂ ਦਾ ਇਤਿਹਾਸ:-** 'ਹਿੰਦੋਸਤਾਨ ਪਰਜਾਤੰਤਰ ਸੰਘ' ਦੀ ਤਰਫ਼ੋਂ ਛਾਪੇ ਗਏ ਇਸ਼ਤਿਹਾਰ ਤੇ ਉਸ ਦੇ ਸੰਵਿਧਾਨ ਨੂੰ ਲੈ ਕੇ ਬੰਗਾਲ ਪਹੁੰਚੇ ਦਲ ਦੇ ਦੋਨੋਂ ਨੇਤਾ -ਸਚਿੰਦਰਨਾਥ ਸਨਿਆਲ ਬਾਕੁਰਾ 'ਚ ਉਸ ਸਮੇਂ ਗ੍ਰਿਫ਼ਤਾਰ ਕਰ ਲਏ ਗਏ ਜਦੋਂ ਉਹ ਇਹ ਇਸ਼ਤਿਹਾਰ ਆਪਣੇ ਕਿਸੇ ਸਾਥੀ ਕ੍ਰਾਂਤੀਕਾਰੀ ਨੂੰ ਪੋਸਟ ਕਰਨ ਜਾ ਰਹੇ ਸਨ। ਇਸ ਤਰ੍ਹਾਂ ਯੋਗੇਸ਼ਚੰਦਰ ਚੈਟਰਜੀ ਜਿਉਂ ਹੀ ਕਾਨਪੁਰ ਤੋਂ ਪਾਰਟੀ ਦੀ ਮੀਟਿੰਗ ਕਰਕੇ ਹਾਵੜਾ ਸਟੇਸ਼ਨ 'ਤੇ ਉੱਤਰੇ ਤਾਂ ਐਚ. ਆਰ. ਏ. ਦੇ ਸੰਵਿਧਾਨ ਦੀਆਂ ਬਹੁਤ ਸਾਰੀਆਂ ਕਾਪੀਆਂ ਸਮੇਤ ਗ੍ਰਿਫ਼ਤਾਰ ਕਰ ਲਏ ਗਏ ਤੇ ਉਹਨਾਂ ਨੂੰ ਹਜ਼ਾਰੀ ਬਾਗ ਜੇਲ੍ਹ 'ਚ ਬੰਦ ਕਰ ਦਿੱਤਾ ਗਿਆ।

**ਸਰਕਾਰੀ ਖ਼ਜ਼ਾਨਾ ਲੁੱਟਣ ਦਾ ਫੈਸਲਾ:-** ਦੋਵਾਂ ਪ੍ਰਮੁੱਖ ਨੇਤਾਵਾਂ ਦੇ ਗ੍ਰਿਫ਼ਤਾਰ ਹੋ ਜਾਣ ਨਾਲ ਰਾਮ ਪ੍ਰਸਾਦ 'ਬਿਸਮਿਲ' ਜੀ ਦੇ ਕੰਧਿਆਂ 'ਤੇ ਉਤਰ ਪ੍ਰਦੇਸ਼ ਦੇ ਨਾਲ-ਨਾਲ ਬੰਗਾਲ ਦੇ ਕ੍ਰਾਂਤੀਕਾਰੀ ਸਾਥੀਆਂ ਦੀ ਜ਼ਿੰਮੇਵਾਰੀ ਦਾ ਭਾਰ ਵੀ ਆ ਪਿਆ। ਬਿਸਮਿਲ ਦਾ ਸੁਭਾਅ ਸੀ ਕਿ ਅੱਵਲ ਤਾਂ ਉਹ ਕਿਸੇ ਕੰਮ ਨੂੰ ਆਪਣੇ ਹੱਕ 'ਚ ਨਹੀਂ ਲੈਂਦੇ ਸਨ, ਜੇਕਰ ਉਹਨਾਂ ਨੇ ਕਿਸੇ ਕੰਮ ਨੂੰ ਆਪਣੇ ਹੱਥਾਂ 'ਚ ਲੈ ਲਿਆ ਤਾਂ ਉਹ ਉਸ ਨੂੰ ਪੂਰਾ ਕੀਤੇ ਬਗੈਰ ਛੱਡਦੇ ਨਹੀਂ ਸਨ। ਪਾਰਟੀ ਦਾ ਸੰਚਾਲਨ ਤੇ ਆਜ਼ਾਦੀ ਦੇ ਸੰਘਰਸ਼ ਨੂੰ ਬਣਾਈ ਰੱਖਣ ਲਈ ਪੈਸੇ ਦੀ ਜ਼ਰੂਰਤ ਪਹਿਲਾਂ ਵੀ ਸੀ ਤੇ ਹੁਣ ਸਗੋਂ ਹੋਰ ਵੱਧ ਗਈ ਸੀ। ਕਿਸੇ ਪਾਸਿਉਂ ਵੀ ਧਨ ਪ੍ਰਾਪਤ ਨਾ ਹੁੰਦਾ ਦੇਖ ਕੇ ਉਨ੍ਹਾਂ ਨੇ 7 ਮਾਰਚ, 1925 ਨੂੰ ਬਿਚਪੁਰੀ ਤੇ 24 ਮਈ, 1925 ਨੂੰ ਦੁਆਰਕਾਪੁਰ ਦੋ ਰਾਜਨੀਤਿਕ ਡਕੈਤੀਆਂ ਕੀਤੀਆਂ ਤੇ ਉਹਨਾਂ ਡਕੈਤੀਆਂ 'ਚ ਉਹਨਾਂ ਨੂੰ ਕੋਈ ਖਾਸ ਜ਼ਿਆਦਾ ਪੈਸਾ ਪ੍ਰਾਪਤ ਨਾ ਹੋ ਸਕਿਆ। ਇਹਨਾਂ ਦੋਵਾਂ ਡਕੈਤੀਆਂ 'ਚ ਇਕ-ਇਕ ਕ੍ਰਾਂਤੀਕਾਰੀ ਮੌਕੇ 'ਤੇ ਹੀ ਮਾਰਿਆ ਗਿਆ। ਇਹਨਾਂ ਮੌਤਾਂ ਨਾਲ ਸ੍ਰੀ ਬਿਸਮਿਲ ਜੀ ਦੀ ਆਤਮਾ ਨੂੰ ਬੜਾ ਦੁੱਖ ਪਹੁੰਚਿਆ। ਆਖਿਰਕਾਰ ਉਹਨਾਂ ਨੇ ਦ੍ਰਿੜ੍ਹ ਇਰਾਦਾ ਕਰ ਲਿਆ ਕਿ ਹੁਣ ਉਹ ਸਿਰਫ਼ ਸਰਕਾਰੀ ਖ਼ਜ਼ਾਨਾ ਹੀ ਲੁੱਟਣਗੇ ਤੇ ਹਿੰਦੋਸਤਾਨ ਦੇ ਕਿਸੇ ਵੀ ਸ਼ਾਹੂਕਾਰ ਦੇ ਘਰ ਡਕੈਤੀ ਬਿਲਕੁਲ ਨਹੀਂ ਮਾਰਨਗੇ।

**ਇਤਿਹਾਸਕ ਰੇਲ ਡਕੈਤੀ:-** 8 ਅਗਸਤ ਨੂੰ ਸ੍ਰੀ ਰਾਮ ਪ੍ਰਸਾਦ 'ਬਿਸਮਿਲ' ਜੀ ਦੇ ਘਰ 'ਚ ਇਕ ਐਮਰਜੈਂਸੀ ਮੀਟਿੰਗ 'ਚ ਇਹ ਨਿਰਣਾ ਲਿਆ ਗਿਆ ਕਿ ਅਗਲੇ ਹੀ ਦਿਨ 9 ਅਗਸਤ, 1925 ਨੂੰ ਸ਼ਾਹਜਹਾਨਪੁਰ ਸ਼ਹਿਰ ਦੇ ਰੇਲਵੇ ਸਟੇਸ਼ਨ ਤੋਂ ਬਿਸਮਿਲ ਦੀ ਅਗਵਾਈ 'ਚ ਕੁੱਲ 10 ਆਦਮੀ, ਜਿਨ੍ਹਾਂ 'ਚ ਸ਼ਾਹਜਹਾਨਪੁਰ ਤੋਂ ਬਿਸਮਿਲ, ਤੋਂ ਉਪਰੰਤ ਅਸ਼ਫਾਕ ਉੱਲਾ ਖਾਂ, ਮੁਰਾਰੀ ਸ਼ਰਮਾ ਤੇ ਬਨਵਾਰੀ ਲਾਲ, ਬੰਗਾਲ ਤੋਂ ਰਾਜਿੰਦਰ ਲਹਿਰੀ, ਸਚਿੰਦਰਨਾਥ ਬਖਸ਼ੀ ਤੇ ਕੇਸ਼ਵ ਚੱਕਰਵਰਤੀ, ਬਨਾਰਸ ਤੋਂ ਚੰਦਰ ਸ਼ੇਖਰ ਆਜ਼ਾਦ ਤੇ ਮਨਮਥਨਾਥ ਗੁਪਤ ਤੇ ਔਰੈਆ ਤੋਂ ਇਕੱਲੇ ਮੁਕੰਦੀਲਾਲ ਸ਼ਾਮਲ ਸਨ, 8 ਡਾਊਨ ਸਹਾਰਨਪੁਰ-ਲਖਨਊ ਪੈਸੇਂਜਰ ਰੇਲ ਗੱਡੀ 'ਚ ਸਵਾਰ ਹੋ ਗਏ।

**ਜਰਮਨੀ ਦੇ ਮਾਊਜ਼ਰਾਂ ਦੀ ਵਰਤੋਂ:-** ਇਹਨਾਂ ਕ੍ਰਾਂਤੀਕਾਰੀਆਂ ਕੋਲ ਪਿਸਤੌਲਾਂ ਤੋਂ ਇਲਾਵਾ ਜਰਮਨੀ ਦੇ ਬਣੇ ਚਾਰ ਮਾਊਜ਼ਰ ਵੀ ਸਨ, ਜਿਹਨਾਂ ਦੀ ਬੱਟ ਤੇ ਕੁੰਦਾ ਲਾ ਲੈਣ ਨਾਲ ਉਹ ਛੋਟੀ ਆਟੋਮੈਟਿਕ ਰਾਈਫਲ ਦੀ ਤਰ੍ਹਾਂ ਲੱਗਦਾ ਸੀ ਤੇ ਸਾਹਮਣੇ ਵਾਲੇ ਦੇ ਮਨ 'ਚ ਡਰ ਵੀ ਪੈਦਾ ਕਰਦਾ ਸੀ। ਇਨ੍ਹਾਂ ਮਾਊਜ਼ਰਾਂ ਦੀ ਨਿਸ਼ਾਨਾ ਮਾਰਨ ਦੀ ਸਮਰੱਥਾ ਵੀ ਦੂਰ ਤੱਕ ਹੁੰਦੀ ਸੀ। ਉਹਨਾਂ ਦਿਨਾਂ 'ਚ ਮਾਊਜ਼ਰ ਅੱਜ ਦੀ ਏ. ਕੇ. 47 ਰਾਈਫਲ ਦੀ ਤਰ੍ਹਾਂ ਮਸ਼ਹੂਰ ਹੁੰਦੇ ਸਨ। ਲਖਨਊ ਤੋਂ ਪਹਿਲਾਂ ਕਾਕੋਰੀ ਰੇਲਵੇ ਸਟੇਸ਼ਨ 'ਤੇ ਜਿਉਂ ਹੀ ਰੇਲ ਗੱਡੀ ਰੁਕ ਕੇ ਅੱਗੇ ਵਧੀ, ਕ੍ਰਾਂਤੀਕਾਰੀਆਂ ਨੇ ਚੇਨ ਖਿੱਚ ਕੇ ਗੱਡੀ ਰੋਕ ਦਿੱਤੀ ਤੇ ਗਾਰਡ ਦੇ ਡੱਬੇ 'ਚੋਂ ਸਰਕਾਰੀ ਖ਼ਜ਼ਾਨੇ ਦੇ ਬਕਸੇ ਨੂੰ ਗੱਡੀ ਤੋਂ ਹੇਠਾਂ ਸੁੱਟ ਦਿੱਤਾ। ਪਹਿਲਾਂ ਉਸ ਨੂੰ ਖੋਲ੍ਹਣ ਦੀ ਕੋਸ਼ਿਸ਼ ਕੀਤੀ ਗਈ ਪਰ ਨਾ ਖੁੱਲ੍ਹਣ 'ਤੇ ਅਸ਼ਫਾਕ ਉੱਲਾ ਖਾਂ ਨੇ ਆਪਣਾ ਮਾਊਜ਼ਰ ਮਨਮਥਨਾਥ ਨੂੰ ਫੜਾ ਦਿੱਤਾ ਤੇ ਹਥੌੜਾ ਲੈ ਕੇ ਬਕਸੇ ਨੂੰ ਤੋੜਨਾ ਸ਼ੁਰੂ ਕਰ ਦਿੱਤਾ।

**ਅਸਾਵਧਾਨੀ ਨਾਲ ਦੁਰਘਟਨਾ:-** ਮਨਮਥ ਗੁਪਤ ਨੇ ਜਲਦਬਾਜ਼ੀ 'ਚ ਮਾਊਜ਼ਰ ਦਾ ਟਰੈਗਰ ਦਬਾ ਦਿੱਤਾ ਤੇ ਉਸ 'ਚੋਂ ਨਿਕਲੀ ਹੋਈ ਗੋਲੀ ਅਹਿਮਦ ਅਲੀ ਨਾਮ ਦੇ ਇਕ ਮੁਸਾਫ਼ਰ ਨੂੰ ਜਾ ਲੱਗੀ। ਉਹ ਮੌਕੇ 'ਤੇ ਹੀ ਮਰ ਗਿਆ।



ਜਲਦਬਾਜ਼ੀ 'ਚ ਚਾਂਦੀ ਦੇ ਸਿੱਕਿਆਂ ਤੇ ਨੋਟਾਂ ਨਾਲ ਭਰੇ ਚਮੜੇ ਦੇ ਥੈਲੇ ਚਾਦਰਾਂ 'ਚ ਬੰਨ੍ਹ ਕੇ ਭੱਜਦੇ ਸਮੇਂ ਇਕ ਚਾਦਰ ਉੱਥੇ ਹੀ ਰਹਿ ਗਈ। ਅਗਲੇ ਦਿਨ ਅਖ਼ਬਾਰਾਂ ਦੇ ਮਾਧਿਅਮ ਨਾਲ ਖ਼ਬਰ ਸਾਰੇ ਸੰਸਾਰ 'ਚ ਫੈਲ ਗਈ। ਬ੍ਰਿਟਿਸ਼ ਸਰਕਾਰ ਨੇ ਇਸ ਟ੍ਰੇਨ ਡਕੈਤੀ ਨੂੰ ਬੜੀ ਗੰਭੀਰਤਾ ਨਾਲ ਲਿਆ ਤੇ ਸੀ. ਆਈ. ਡੀ. ਇੰਸਪੈਕਟਰ ਤਸਦੁਕ ਹੁਸੈਨ ਦੀ ਅਗਵਾਈ 'ਚ ਸਕਾਟਲੈਂਡ ਦੀ ਸਭ ਤੋਂ ਤੇਜ਼-ਤਰਾਰ ਪੁਲਿਸ ਨੂੰ ਇਸ ਡਕੈਤੀ ਦੀ ਜਾਂਚ ਦਾ ਜ਼ੁਮਾ ਸੌਂਪ ਦਿੱਤਾ।

**ਗ੍ਰਿਫ਼ਤਾਰੀ ਤੇ ਮੁਕੱਦਮਾ:-** ਖੁਫ਼ੀਆ ਪ੍ਰਮੁੱਖ ਖਾਨ ਬਹਾਦਰ ਤਸਦੁਕ ਹੁਸੈਨ ਨੇ ਬੜੀ ਬਰੀਕੀ ਨਾਲ ਜਾਂਚ ਪੂਰੀ ਕਰਕੇ ਰਿਪੋਰਟ ਬ੍ਰਿਟਿਸ਼ ਸਰਕਾਰ ਨੂੰ ਭੇਜ ਦਿੱਤੀ। ਬਰਤਾਨੀਆ ਸਰਕਾਰ ਨੂੰ ਜਿਉਂ ਹੀ ਇਸ ਗੱਲ ਦੀ ਪੁਸ਼ਟੀ ਹੋਈ ਕਿ ਕਾਕੋਰੀ ਰੇਲ ਡਕੈਤੀ ਕ੍ਰਾਂਤੀਕਾਰੀਆਂ ਦੀ ਇਕ ਸੰਯੋਜਤ ਯੋਜਨਾ ਦਾ ਛੜਯੰਤਰ ਹੈ, ਪੁਲਿਸ ਨੇ ਕਾਕੋਰੀ ਕਾਂਡ ਦੇ ਸਬੰਧ 'ਚ ਜਾਣਕਾਰੀ ਦੇਣ ਦੇ ਨਾਲ-ਨਾਲ ਇਸ ਛੜਯੰਤਰ 'ਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਗ੍ਰਿਫ਼ਤਾਰ ਕਰਾਉਣ ਦੇ ਲਈ ਇਨਾਮ ਦੇਣ ਦੇ ਐਲਾਨ ਦੇ ਨਾਲ ਇਸ਼ਤਿਹਾਰ ਸਾਰੇ ਪ੍ਰਮੁੱਖ ਸਥਾਨਾਂ 'ਤੇ ਲਗਾ ਦਿੱਤੇ। ਇਸ ਦਾ ਨਤੀਜਾ ਇਹ ਨਿਕਲਿਆ ਕਿ ਪੁਲਿਸ ਨੂੰ ਘਟਨਾ ਵਾਲੀ ਥਾਂ ਤੋਂ ਮਿਲੀ ਚਾਦਰ 'ਤੇ ਲੱਗੇ ਧੋਬੀ ਦੇ ਨਿਸ਼ਾਨ ਤੋਂ ਇਹ ਪਤਾ ਲੱਗ ਗਿਆ ਕਿ ਚਾਦਰ ਸ਼ਾਹਜਹਾਨਪੁਰ ਦੇ ਕਿਸੇ ਵਿਅਕਤੀ ਦੀ ਹੈ। ਸ਼ਾਹਜਹਾਨਪੁਰ ਧੋਬੀਆਂ ਤੋਂ ਪੁੱਛਣ 'ਤੇ ਇਸ ਗੱਲ ਦਾ ਪਤਾ ਲੱਗਿਆ ਕਿ ਚਾਦਰ ਬਨਾਰਸੀ ਲਾਲ ਦੀ ਹੈ। ਬਿਸਮਿਲ ਦੇ ਸਾਂਝੀਦਾਰ ਬਨਾਰਸੀ ਲਾਲ ਨੂੰ ਮਿਲ ਕੇ ਪੁਲਿਸ ਨੇ ਇਸ ਡਕੈਤੀ ਦਾ ਸਾਰਾ ਭੇਦ ਹਾਸਲ ਕਰ ਲਿਆ। ਪੁਲਿਸ ਨੂੰ ਇਸ 'ਚ ਇਹ ਵੀ ਪਤਾ ਲੱਗਾ ਕਿ 9 ਅਗਸਤ 1925 ਨੂੰ ਸ਼ਾਹਜਹਾਨਪੁਰ ਤੋਂ ਰਾਮ ਪ੍ਰਸਾਦ 'ਬਿਸਮਿਲ' ਦੀ ਪਾਰਟੀ 'ਚ ਕਿਹੜੇ-ਕਿਹੜੇ ਲੋਕ ਸ਼ਹਿਰ ਤੋਂ ਬਾਹਰ ਗਏ ਸਨ ਤੇ ਉਹ ਵਾਪਸ ਕਦੋਂ-ਕਦੋਂ ਆਏ? ਜਦੋਂ ਖੁਫ਼ੀਆ ਤੌਰ 'ਤੇ ਇਸ ਗੱਲ ਦੀ ਪੂਰੀ ਜਾਣਕਾਰੀ ਮਿਲ ਗਈ ਕਿ ਰਾਮ ਪ੍ਰਸਾਦ 'ਬਿਸਮਿਲ' ਜੋ 'ਹਿੰਦੋਸਤਾਨ ਪਰਜਾਤੰਤਰ ਸੰਘ' (ਐਚ. ਆਰ. ਏ.) ਦਾ ਲੀਡਰ ਹੈ ਤੇ ਉਹ ਇਸ ਦਿਨ ਸ਼ਹਿਰ 'ਚ ਨਹੀਂ ਸੀ ਤੇ 26 ਸਤੰਬਰ, 1925 ਦੀ ਰਾਤ ਨੂੰ ਬਿਸਮਿਲ ਦੇ ਨਾਲ ਸਾਰੇ ਹਿੰਦੋਸਤਾਨ 'ਚ 40 ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ।

**ਗ੍ਰਿਫ਼ਤਾਰ ਵਿਅਕਤੀਆਂ ਦੀ ਸੂਚੀ:-** ਕਾਕੋਰੀ ਇਤਿਹਾਸਕ ਕਾਂਡ 'ਚ 40 ਵਿਅਕਤੀਆਂ ਨੂੰ ਭਾਰਤ ਭਰ 'ਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਗ੍ਰਿਫ਼ਤਾਰੀ ਦੇ ਸਥਾਨ ਦੇ ਨਾਲ ਉਨ੍ਹਾਂ ਦੇ ਨਾਮ ਇਸ ਤਰ੍ਹਾਂ ਹਨ:-

ਆਗਰਾ ਤੋਂ ਚੰਦਰਧਰ ਜੌਹਰੀ, ਚੰਦਰਭਾਲ ਜੌਹਰੀ। ਇਲਾਹਾਬਾਦ ਤੋਂ ਸੀਤਲਾ ਸਹਾਏ, ਜਯੋਤੀਸ਼ੰਕਰ ਦੀਕਸ਼ਤ, ਭੁਪਿੰਦਰ ਨਾਥ ਸਾਨੇਆਲ। ਉੜੀ ਤੋਂ ਵੀਰ ਭੱਦਰ ਤਿਵਾਰੀ। ਬਨਾਰਸ ਤੋਂ ਮਨਮਥਨਾਥ ਗੁਪਤ, ਦਾਮੋਦਰਸਵਰੂਪ ਸੇਠ, ਰਾਮਨਾਥ ਪਾਂਡੇ, ਦੇਵਦੱਤ ਭੱਟਾਚਾਰੀਆ, ਇੰਦਰ ਬਿਕਰਮ ਸਿੰਘ, ਮੁਕੰਦੀ ਲਾਲ। ਬੰਗਾਲ ਤੋਂ ਸਚਿੰਦਰਨਾਥ ਸਾਨਿਆਲ, ਯੋਗੇਸ਼ਚੰਦਰ ਚੈਟਰਜੀ, ਰਾਜਿੰਦਰ ਨਾਥ ਲਹਿਰੀ, ਸ਼ਰਤਚੰਦਰ ਗੁਹਾ, ਕਾਲੀਦਾਸ ਬੋਸ। ਈਟਾ ਤੋਂ ਬਾਬੂ ਰਾਮ ਵਰਮਾ, ਹਰਦੋਈ ਤੋਂ ਭੈਰੋਂ ਸਿੰਘ, ਜਬਲਪੁਰ ਤੋਂ ਪਰਣਵੇਸ਼ ਕੁਮਾਰ ਚੈਟਰਜੀ। ਕਾਨਪੁਰ ਤੋਂ ਰਾਮ ਦੁਲਾਰੇ ਤਰਵੇਦੀ, ਗੋਪੀ ਮੋਹਨ, ਰਾਜ ਕੁਮਾਰ ਸਿਨਹਾ, ਸੁਰੇਸ਼ ਚੰਦਰ ਭੱਟਾਚਾਰੀਆ। ਲਾਹੌਰ ਤੋਂ ਮੋਹਨ ਲਾਲ ਗੌਤਮ। ਲਖੀਮਪੁਰ ਤੋਂ ਹਰਨਾਮ ਸੁੰਦਰ ਲਾਲ। ਲਖਨਊ ਤੋਂ ਗੋਬਿੰਦ ਚਰਣਕਾਰ, ਸੁਚਿੰਦਰਨਾਥ ਵਿਸ਼ਵਾਸ। ਮਥਰਾ ਤੋਂ ਸ਼ਿਵਚਰਨ ਲਾਲ ਸ਼ਰਮਾ। ਮੇਰਠ ਤੋਂ ਵਿਸ਼ਨੂੰਸ਼ਰਣ ਦੁਬਿਲਸ਼। ਪੂਨਾ ਤੋਂ ਰਾਮ ਕ੍ਰਿਸ਼ਨ ਖੱਤਰੀ। ਰਾਏ ਬਰੇਲੀ ਤੋਂ ਬਨਵਾਰੀ ਲਾਲ। ਸ਼ਾਹਜਹਾਨਪੁਰ ਤੋਂ ਰਾਮ ਪ੍ਰਸਾਦ ਬਿਸਮਿਲ, ਬਨਾਰਸੀ ਲਾਲ, ਲਾਲਾ ਹਰਗੋਬਿੰਦ, ਪ੍ਰੇਮ ਕ੍ਰਿਸ਼ਨ ਖੰਨਾ, ਇੰਦਰ ਭੂਸ਼ਨ ਮਿੱਤਰਾ, ਠਾਕੁਰ ਰੋਸ਼ਨ ਸਿੰਘ, ਰਾਮਦੱਤ ਸ਼ੁਕਲਾ, ਮਦਨ ਲਾਲ, ਰਾਮਰਤਨ ਸ਼ੁਕਲਾ।

**ਬਾਅਦ 'ਚ ਗ੍ਰਿਫ਼ਤਾਰ:-** ਫਰਾਰ ਕ੍ਰਾਂਤੀਕਾਰੀਆਂ 'ਚੋਂ ਦੋ ਨੂੰ ਬਾਅਦ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਹਨਾਂ ਦੇ ਨਾਮ ਤੇ ਸਥਾਨ ਇਸ ਤਰ੍ਹਾਂ ਹਨ:- ਦਿੱਲੀ ਤੋਂ ਅਸ਼ਫਾਕ ਉੱਲਾ ਖਾਂ, ਭਾਗਲਪੁਰ ਤੋਂ ਸਚਿੰਦਰਨਾਥ ਬਖਸ਼ੀ।

ਉਪਰੋਕਤ 40 ਵਿਅਕਤੀਆਂ 'ਚੋਂ ਤਿੰਨ ਕ੍ਰਾਂਤੀਕਾਰੀ ਵਿਅਕਤੀ ਸਚਿਨਦਰਨਾਥ ਸਾਨਿਆਲ ਬਾਕੁਰਾ ਤੋਂ ਯੁਗੇਸ਼ਚੰਦਰ ਚੈਟਰਜੀ ਹਾਵੜਾ ਤੋਂ ਤੇ ਰਾਜਿੰਦਰਨਾਥ ਲਹਿਰੀ ਦਕਸ਼ਨੇਸ਼ਵਰ ਬੰਬਾ ਵਿਸਫੋਟ ਮਾਮਲੇ 'ਚ ਕਲਕੱਤਾ ਤੋਂ ਪਹਿਲਾਂ ਹੀ ਗ੍ਰਿਫ਼ਤਾਰ ਹੋ ਚੁੱਕੇ ਸਨ ਤੇ ਦੋ ਕ੍ਰਾਂਤੀਕਾਰੀ ਅਸ਼ਫਾਕ ਉੱਲਾ ਖਾਂ ਤੇ ਸਚਿੰਦਰਨਾਥ ਬਖਸ਼ੀ ਨੂੰ ਉਦੋਂ ਗ੍ਰਿਫ਼ਤਾਰ ਕੀਤਾ ਗਿਆ ਜਦੋਂ ਮੁੱਖ ਕਾਕੋਰੀ ਛੜਯੰਤਰ ਕੇਸ ਦਾ ਫੈਸਲਾ ਹੋ ਚੁੱਕਿਆ ਸੀ। ਇਹਨਾਂ ਦੋਹਾਂ 'ਤੇ ਅਲੱਗ ਮਗਰੋਂ ਕੇਸ ਦਰਜ ਕੀਤਾ ਗਿਆ।

**ਦਸ 'ਚੋਂ ਪੰਜ ਫਰਾਰ:-** ਕਾਕੋਰੀ-ਕਾਂਡ 'ਚ ਸਿਰਫ਼ 10 ਲੋਕ ਹੀ ਅਸਲ 'ਚ ਸ਼ਾਮਲ ਹੋਏ ਸਨ, ਪੁਲਿਸ ਵੱਲੋਂ ਉਹਨਾਂ ਸਭ ਲੋਕਾਂ ਨੂੰ ਵੀ ਨਾਮਜ਼ਦ ਕੀਤਾ ਗਿਆ ਸੀ। ਇਹਨਾਂ 10 ਲੋਕਾਂ ਵਿਚੋਂ ਪੰਜ-ਚੰਦਰ ਸ਼ੇਖਰ ਆਜ਼ਾਦ, ਮੁਰਾਰੀ ਸ਼ਰਮਾ, ਕੇਸ਼ਵ ਚੱਕਰਵਰਤੀ, ਅਸ਼ਫਾਕ ਉੱਲਾ ਖਾਂ ਤੇ ਸਚਿੰਦਰ ਨਾਥ ਬਖਸ਼ੀ ਨੂੰ ਛੱਡ ਕੇ, ਜਿਹੜੇ ਉਸ ਸਮੇਂ ਤੱਕ ਪੁਲਿਸ ਦੇ ਹੱਥ ਨਹੀਂ ਆਏ ਸੀ, ਬਾਕੀ ਸਭ ਆਦਮੀਆਂ 'ਤੇ ਸਰਕਾਰ ਬਨਾਮ ਰਾਮ ਪ੍ਰਸਾਦ ਬਿਸਮਿਲ ਤੇ ਦੂਸਰੇ ਦੇ ਨਾਮ 'ਤੇ ਇਹ ਇਤਿਹਾਸਕ ਮੁਕੱਦਮਾ ਚਲਾਇਆ ਗਿਆ ਤੇ ਉਹਨਾਂ ਨੂੰ 5 ਸਾਲ ਦੀ ਕੈਦ ਤੋਂ ਲੈ ਕੇ ਫਾਂਸੀ ਤੱਕ ਦੀ ਸਜ਼ਾ ਸੁਣਾਈ ਗਈ। ਫਰਾਰ ਲੋਕਾਂ ਦੇ ਇਲਾਵਾ ਜਿਨ੍ਹਾਂ-ਜਿਨ੍ਹਾਂ ਕ੍ਰਾਂਤੀਕਾਰੀਆਂ ਨੂੰ ਐਚ. ਆਰ. ਏ. ਦਾ ਸਰਗਰਮ ਮੈਂਬਰ ਹੋਣ ਦੇ ਸੰਦੇਹ ਵਜੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਉਹਨਾਂ 'ਚੋਂ 16 ਨੂੰ ਠੋਸ ਸਬੂਤ ਨਾ ਮਿਲਣ ਕਾਰਨ ਰਿਹਾਅ ਕਰ ਦਿੱਤਾ ਗਿਆ। ਸਪੈਸ਼ਲ ਜੱਜ ਏਨੁਦੀਨ ਨੇ ਹਰ ਕ੍ਰਾਂਤੀਕਾਰੀ ਦੇ ਅਕਸ ਨੂੰ ਖਰਾਬ ਕਰਨ ਦੀ ਕੋਈ ਕਸਰ ਬਾਕੀ ਨਾ ਛੱਡੀ ਤੇ ਕੇਸ ਨੂੰ ਸੈਸ਼ਨ ਕੋਰਟ 'ਚ ਭੇਜਣ ਤੋਂ ਪਹਿਲਾਂ ਹੀ ਇਸ ਗੱਲ ਦੇ ਪੱਕੇ ਸਬੂਤ ਤੇ ਗਵਾਹ ਇਕੱਠੇ ਕਰ ਲਏ ਸਨ ਤਾਂ ਕਿ ਕ੍ਰਾਂਤੀਕਾਰੀਆਂ ਵੱਲੋਂ ਕੋਈ ਅਪੀਲ ਵੀ ਕਰੇ ਤਾਂ ਇਹਨਾਂ 'ਚੋਂ ਕੋਈ ਇਕ ਵੀ ਬਿਨਾ ਸਜ਼ਾ ਛੁੱਟ ਨਾ ਸਕੇ।

**ਮੇਰਾ ਰੰਗ ਦੇ ਬਸੰਤੀ ਚੋਲਾ:-** ਲਖਨਊ ਜੇਲ੍ਹ 'ਚ ਕਾਕੋਰੀ-ਕਾਂਡ ਦੇ ਸਾਰੇ ਕ੍ਰਾਂਤੀਕਾਰੀ ਕੈਦ ਸਨ। ਮੁਕੱਦਮਾ ਚੱਲ ਰਿਹਾ ਸੀ, ਇਸੇ ਦੌਰਾਨ 'ਬਸੰਤ ਪੰਚਮੀ' ਦਾ ਤਿਉਹਾਰ ਆ ਗਿਆ। ਸਾਰੇ ਕ੍ਰਾਂਤੀਕਾਰੀਆਂ ਨੇ ਮਿਲ ਕੇ ਇਹ ਸਲਾਹ ਕੀਤੀ ਕਿ ਕੱਲ੍ਹ, 'ਬਸੰਤ ਪੰਚਮੀ' ਵਾਲੇ ਦਿਨ ਆਪਾਂ ਸਾਰਿਆਂ ਨੇ ਪੀਲੀ ਟੋਪੀ ਤੇ ਹੱਥ 'ਚ ਪੀਲਾ ਰੁਮਾਲ ਲੈ ਕੇ ਕਚਹਿਰੀ ਜਾਵਾਂਗੇ। ਉਹਨਾਂ ਨੇ ਆਪਣੇ ਨੇਤਾ ਰਾਮ ਪ੍ਰਸਾਦ 'ਬਿਸਮਿਲ' ਨੂੰ ਕਿਹਾ- "ਪੰਡਿਤ ਜੀ! ਕੱਲ੍ਹ ਲਈ ਕੋਈ ਤੜਕ-ਫੜਕ ਵਾਲੀ ਕਵਿਤਾ ਲਿਖੀਏ, ਉਸ ਨੂੰ ਅਸੀਂ ਸਭ ਮਿਲ ਕੇ ਗਾਵਾਂਗੇ।' ਦੂਸਰੇ ਦਿਨ ਕਵਿਤਾ ਤਿਆਰ ਸੀ।

ਮੇਰਾ ਰੰਗ ਦੇ ਬਸੰਤੀ ਚੋਲਾ...
ਹੋ ਮੇਰਾ ਰੰਗ ਦੇ ਬਸੰਤੀ ਚੋਲਾ...
ਇਸੀ ਰੰਗ ਮੇਂ ਰੰਗ ਕੇ ਸ਼ਿਵਾ ਨੇ ਮਾਂ ਕਾ ਬੰਧਨ ਖੋਲਾ,
ਯਹੀ ਰੰਗ ਹਲਦੀਘਾਟੀ ਮੇਂ ਥਾ ਪਰਤਾਪ ਨੇ ਘੋਲਾ,
ਨਵ ਬਸੰਤ ਮੇਂ ਭਾਰਤ ਕੇ ਹਿਤ ਵੀਰੋਂ ਕਾ ਯਹ ਟੋਲਾ,
ਕਿਸ ਮਸਤੀ ਸੇ ਪਹਨ ਕੇ ਨਿਕਲਾ ਯਹ ਬਸੰਤੀ ਚੋਲਾ।
ਮੇਰਾ ਰੰਗ ਦੇ ਬਸੰਤੀ ਚੋਲਾ...
ਹੋ ਮੇਰਾ ਰੰਗ ਦੇ ਬਸੰਤੀ ਚੋਲਾ...

**ਰੰਗ ਦੇ ਬਸੰਤੀ 'ਚ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ ਯੋਗਦਾਨ:-**

ਅਮਰ ਸ਼ਹੀਦ ਸਰਦਾਰ ਭਗਤ ਸਿੰਘ ਜਿਨ੍ਹਾਂ ਦਿਨਾਂ 'ਚ ਲਾਹੌਰ ਜੇਲ੍ਹ 'ਚ ਬੰਦ ਸਨ, ਉਹਨਾਂ ਨੇ ਇਸ ਗੀਤ 'ਚ ਕੁਝ ਹੋਰ ਪੰਗਤੀਆਂ ਜੋੜ ਦਿੱਤੀਆਂ:

ਇਸੀ ਰੰਗ ਮੇਂ ਬਿਸਮਿਲ ਜੀ ਨੇ 'ਬੰਦੇ-ਮਾਤਰਮ' ਬੋਲਾ,
ਯਹੀ ਰੰਗ ਅਸ਼ਫਾਕ ਕੋ ਭਾਯਾ ਉਨ ਕਾ ਦਿਲ ਭੀ ਡੋਲਾ,
ਇਸੀ ਰੰਗ ਕੋ ਹਮ ਮਸਤੋਂ ਨੇ, ਹਮ ਮਸਤੋਂ ਨੇ,
ਦੂਰ ਫਿਰੰਗੀ ਕੋ ਕਰਨੇ ਕੋ, ਕੋ ਕਰਨੇ ਕੋ,
ਲਹੂ ਮੇਂ ਅਪਨੇ ਘੋਲਾ।

ਮੇਰਾ ਰੰਗ ਦੇ ਬਸੰਤੀ ਚੋਲਾ...
ਹੋ ਮੇਰਾ ਰੰਗ ਦੇ ਬਸੰਤੀ ਚੋਲਾ..
ਮਾਏ! ਰੰਗ ਦੇ ਬਸੰਤੀ ਚੋਲਾ..
ਹੋ ਮਾਏ! ਰੰਗ ਦੇ ਬਸੰਤੀ ਚੋਲਾ..
ਮੇਰਾ ਰੰਗ ਦੇ ਬਸੰਤੀ ਚੋਲਾ...

**ਸਰਫਰੋਸ਼ੀ ਕੀ ਤਮੰਨਾ:-** ਰਾਮ ਪ੍ਰਸਾਦ 'ਬਿਸਮਿਲ' ਦੀ ਇਹ ਗਜ਼ਲ ਕ੍ਰਾਂਤੀਕਾਰੀ ਜੇਲ੍ਹ ਤੋਂ ਪੁਲਿਸ ਦੀ ਲਾਰੀ 'ਚ ਅਦਾਲਤ ਜਾਂਦੇ ਹੋਏ, ਅਦਾਲਤ 'ਚ ਜੱਜ ਨੂੰ ਚਿੜਾਉਂਦੇ ਹੋਏ ਤੇ ਅਦਾਲਤ ਤੋਂ ਵਾਪਸ ਮੁੜਦੇ ਜੇਲ੍ਹ ਜਾਂਦੇ ਹੋਏ ਇਕ ਗੀਤ ਦੇ ਰੂਪ 'ਚ ਗਾਇਆ ਕਰਦੇ ਸਨ। ਬਿਸਮਿਲ ਦੀ ਸ਼ਹਾਦਤ ਤੋਂ ਬਾਅਦ ਤਾਂ ਇਹ ਰਚਨਾ ਸਾਰੇ ਕ੍ਰਾਂਤੀਕਾਰੀਆਂ ਦਾ ਮਾਨੋਂ ਮੰਤਰ ਹੀ ਬਣ ਗਿਆ ਸੀ। ਇਹ ਰਚਨਾ ਜਿਤਨੀ ਇੱਥੇ ਦਿੱਤੀ ਜਾ ਰਹੀ ਹੈ, ਉਤਨੀ ਹੀ ਕ੍ਰਾਂਤੀਕਾਰੀ ਗਾਉਂਦੇ ਸਨ।

ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ,
ਦੇਖਨਾ ਹੈ ਜੋਰ ਕਿਤਨਾ ਬਾਜੂਏ-ਕਾਤਿਲ ਮੇਂ ਹੈ!

ਵਕਤ ਆਨੇ ਦੇ ਬਤਾ ਦੇਂਗੇ ਤੁਝੇ ਏ ਆਸਮਾਂ!
ਹਮ ਅਭੀ ਸੇ ਕਿਆ ਬਤਾਏਂ ਕਿਆ ਹਮਾਰੇ ਦਿਲ ਮੇਂ ਹੈ!

ਖੀਚ ਕਰ ਲਾਈ ਹੈ ਹਮਕੋ ਕਤਲ ਹੋਨੇ ਕੀ ਉਮੀਦ,
ਆਸ਼ਕੋਂ ਕਾ ਆਜ ਜਮਘਟ ਕੂਚ-ਏ-ਕਾਤਿਲ ਮੇਂ ਹੈ!

ਏ ਸ਼ਹੀਦੇ-ਮੁਲਕੋ-ਮਿਲਤ ਹਮ ਤੇਰੇ ਉਪਰ ਨਿਸਾਰ,
ਅਬ ਤੇਰੀ ਹਿੰਮਤ ਕਾ ਚਰਚਾ ਗੈਰ ਕੀ ਮਹਫਲ ਮੇਂ ਹੈ!

ਅਬ ਨਾ ਅਗਲੇ ਬਲਵਲੇ ਹੈਂ ਔਰ ਨਾ ਅਰਮਾਨੋਂ ਕੀ ਭੀੜ,
ਸਿਰਫ਼ ਮਿਟ ਜਾਨੇ ਕੀ ਹਸਰਤ ਅਬ ਦਿਲੇ 'ਬਿਸਮਿਲ' ਮੇਂ ਹੈ!

**ਪੂਰਕ ਮੁਕੱਦਮਾ ਤੇ ਅਪੀਲ:-** ਪੰਜ ਫਰਾਰ ਕ੍ਰਾਂਤੀਕਾਰੀਆਂ 'ਚੋਂ ਅਸ਼ਫਾਕ ਉੱਲਾ ਖਾਂ ਨੂੰ ਦਿੱਲੀ ਤੇ ਸਚਿੰਦਰਨਾਥ ਬਖਸ਼ੀ ਨੂੰ ਭਾਗਲਪੁਰ ਤੋਂ ਪੁਲਿਸ ਨੇ ਉਸ ਸਮੇਂ ਗ੍ਰਿਫ਼ਤਾਰ ਕੀਤਾ ਜਦੋਂ ਕਾਕੋਰੀ-ਕਾਂਡ ਦੇ ਮੁੱਖ ਮੁਕੱਦਮੇ ਦਾ ਫੈਸਲਾ ਸੁਣਾਇਆ ਜਾ ਚੁੱਕਾ ਸੀ। ਸਪੈਸ਼ਲ ਜੱਜ ਜੇ. ਆਰ. ਡਬਯੂ. ਬੈਨਿਟ ਦੀ ਅਦਾਲਤ 'ਚ ਕਾਕੋਰੀ ਛੜਯੰਤਰ ਦਾ ਪੂਰਕ ਮੁਕੱਦਮਾ ਦਰਜ ਹੋਇਆ ਤੇ 23 ਜੁਲਾਈ 1927 ਨੂੰ ਇਨ੍ਹਾਂ ਦੋਹਾਂ 'ਤੇ ਵੀ ਸਰਕਾਰ ਦੇ ਵਿਰੁੱਧ ਸਾਜਿਸ਼ ਰਚਣ ਦਾ ਸੰਗੀਨ ਦੋਸ਼ ਲਗਾਉਂਦੇ ਹੋਏ ਅਸ਼ਫਾਕ ਉੱਲਾ ਖਾਂ ਨੂੰ ਫਾਂਸੀ ਤੇ ਸਚਿੰਦਰਨਾਥ ਬਖਸ਼ੀ ਨੂੰ ਉਮਰ ਕੈਦ ਦੀ ਸਜਾ ਸੁਣਾ ਦਿੱਤੀ।

**ਸਰਕਾਰੀ ਵਕੀਲ ਲੈਣ ਤੋਂ ਇਨਕਾਰ:-** ਸੈਸ਼ਨ ਜੱਜ ਦੇ ਫੈਸਲੇ ਦੇ ਖ਼ਿਲਾਫ਼ 21 ਜੁਲਾਈ 1927 ਨੂੰ ਅਵਧ ਚੀਫ਼ ਕੋਰਟ 'ਚ ਅਪੀਲ ਦਾਇਰ ਕਰ ਦਿੱਤੀ ਗਈ। ਚੀਫ਼ ਕੋਰਟ ਦੇ ਮੁੱਖ ਜੱਜ ਸਰ ਲੂਈਸ ਸ਼ਰਟ ਤੇ ਵਿਸ਼ੇਸ਼ ਜੱਜ ਮੁਹੰਮਦ ਰਜ਼ਾ ਦੇ ਸਾਹਮਣੇ ਦੋਵੇਂ ਮਾਮਲੇ ਪੇਸ਼ ਹੋਏ। ਜਗਤ ਨਰਾਇਣ 'ਮੁੱਲਾ' ਨੂੰ ਸਰਕਾਰੀ ਪੱਖ ਰੱਖਣ ਦੀ ਜ਼ਿੰਮੇਵਾਰੀ ਸੌਂਪੀ ਗਈ, ਜਦੋਂ ਕਿ ਸਜ਼ਾਯਾਫਤਾ ਕ੍ਰਾਂਤੀਕਾਰੀਆਂ ਵੱਲੋਂ ਕੇ. ਸੀ. ਦੱਤ, ਜੈਕਰਨਨਾਥ ਮਿਸ਼ਰ ਤੇ ਕਿਰਪਾ ਸਾਗਰ ਹਜੇਲਾ ਨੇ ਕ੍ਰਮਵਾਰ: ਰਾਜਿੰਦਰਨਾਥ ਲਹਿਰੀ, ਠਾਕੁਰ ਰੌਸ਼ਨ ਸਿੰਘ ਅਤੇ ਅਸ਼ਫਾਕ ਉੱਲਾ ਖਾਂ ਦੀ ਪੈਰਵੀ ਕੀਤੀ। ਰਾਮ ਪ੍ਰਸਾਦ 'ਬਿਸਮਿਲ' ਨੇ ਆਪਣੀ ਪੈਰਵੀ ਖੁਦ ਕੀਤੀ ਕਿਉਂਕਿ ਸਰਕਾਰੀ ਖਰਚ 'ਤੇ ਉਹਨਾਂ ਨੂੰ ਲਕਸ਼ਮੀ ਸ਼ੰਕਰ ਮਿਸ਼ਰ ਨਾਮ ਦਾ ਇਕ ਬੜਾ ਸਾਧਾਰਨ ਜਿਹਾ ਵਕੀਲ ਦਿੱਤਾ ਗਿਆ ਸੀ, ਜਿਸ ਨੂੰ ਲੈਣ ਲਈ ਉਹਨਾਂ ਨੇ ਸਾਫ ਇਨਕਾਰ ਕਰ ਦਿੱਤਾ ਸੀ।

**ਸਫਾਈ ਦੀ ਜ਼ੋਰਦਾਰ ਬਹਿਸ:-** 'ਬਿਸਮਿਲ' ਨੇ ਚੀਫ਼ ਕੋਰਟ ਦੇ ਸਾਹਮਣੇ ਜਦੋਂ ਅੰਗਰੇਜ਼ੀ 'ਚ ਫੈਸਲੇ ਦੇ ਵਿਰੁੱਧ ਬੜੀ ਜ਼ਬਰਦਸਤ ਬਹਿਸ ਕੀਤੀ ਤਾਂ ਸਰਕਾਰੀ ਵਕੀਲ ਜਗਤਨਾਰਾਇਣ ਮੁੱਲਾਂ ਜੀ ਟਿਕਟਿਕੀ ਲਾ ਕੇ ਉਹਨਾਂ ਵੱਲ ਝਾਕਦੇ ਹੋਏ ਨਜ਼ਰ ਆਏ। ਇਸ 'ਤੇ ਚੀਫ਼ ਜਸਟਿਸ ਲੂਈਸ

(ਬਾਕੀ ਅਗਲੇ ਸਫੇ ਤੇ)

# ਬਾਦਲ ਸਰਕਾਰ ਨੂੰ ਝਟਕਾ-ਹਾਈਕੋਰਟ ਵੱਲੋਂ 18 ਮੁੱਖ ਸੰਸਦੀ ਸਕੱਤਰਾਂ ਦੀ ਨਿਯੁਕਤੀ ਰੱਦ

**ਚੰਡੀਗੜ੍ਹ** – ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਝਟਕਾ ਦਿੰਦਿਆਂ ਅਕਾਲੀ-ਭਾਜਪਾ ਸਰਕਾਰ ਵਲੋਂ 2012 ਦੌਰਾਨ 18 ਮੁੱਖ ਸੰਸਦੀ ਸਕੱਤਰਾਂ ਦੀਆਂ ਕੀਤੀਆਂ ਗਈਆਂ ਨਿਯੁਕਤੀਆਂ ਨੂੰ ਗੈਰ ਵਿਧਾਨਿਕ ਕਰਾਰ ਦਿੰਦਿਆਂ ਕਾਨੂੰਨ ਅਤੇ ਨਿਯਮਾਂ ਦਾ ਉਲੰਘਣ ਦੱਸਦਿਆਂ ਰੱਦ ਕਰ ਦਿੱਤਾ। ਹਾਈ ਕੋਰਟ ਦੇ ਜਸਟਿਸ ਐਸ.ਐਸ. ਸਾਰੋਂ ਤੇ ਜਸਟਿਸ ਰਮਿੰਦਰ ਜੈਨ 'ਤੇ ਆਧਾਰਿਤ ਡਵੀਜ਼ਨ ਬੈਂਚ ਨੇ ਅੱਜ ਇਨ੍ਹਾਂ ਨਿਯੁਕਤੀਆਂ ਵਿਰੁੱਧ ਸ੍ਰੀ ਐਚ.ਸੀ. ਅਰੋੜਾ ਤੇ ਜਗਮੋਹਨ ਸਿੰਘ ਭੱਟੀ ਦੀਆਂ ਜਨਹਿੱਤ ਪਟੀਸ਼ਨਾਂ ਨੂੰ ਪ੍ਰਵਾਨ ਕਰਦਿਆਂ ਆਪਣਾ ਫ਼ੈਸਲਾ ਸੁਣਾਇਆ। ਹਾਈਕੋਰਟ ਵੱਲੋਂ ਇਸ ਕੇਸ ਵਿਚ ਸੁਣਵਾਈ 28 ਜੁਲਾਈ 2015 ਨੂੰ ਪੂਰੀ ਕਰਨ ਤੋਂ ਬਾਅਦ ਫ਼ੈਸਲਾ ਰਾਖਵਾਂ ਰੱਖਿਆ ਹੋਇਆ ਸੀ ਜੋ ਅੱਜ ਕੋਈ ਇੱਕ ਸਾਲ ਬਾਅਦ ਸੁਣਾਇਆ ਗਿਆ। ਪਟੀਸ਼ਨਕਰਤਾ ਐਚ.ਸੀ. ਅਰੋੜਾ ਤੇ ਜਗਮੋਹਨ ਸਿੰਘ ਭੱਟੀ ਵੱਲੋਂ 2012 ਦੌਰਾਨ ਆਪਣੀਆਂ ਵੱਖ-ਵੱਖ ਪਟੀਸ਼ਨਾਂ ਰਾਹੀਂ ਹਾਈਕੋਰਟ ਵਿਚ ਰਾਜ ਸਰਕਾਰ ਵੱਲੋਂ ਨਿਯੁਕਤ ਕੀਤੇ ਗਏ 19 ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਨੂੰ ਚੁਣੌਤੀ ਦਿੱਤੀ ਗਈ ਸੀ, ਜਿਸ 'ਤੇ ਹਾਈਕੋਰਟ ਵਿਚ ਜੁਲਾਈ 2015 ਤੱਕ ਸੁਣਵਾਈ ਜਾਰੀ ਰਹੀ। ਪੰਜਾਬ ਸਰਕਾਰ ਵੱਲੋਂ ਇਸ ਮਾਮਲੇ ਵਿਚ ਸੁਪਰੀਮ ਕੋਰਟ ਦੇ ਵਿਧਾਨਿਕ ਮਾਮਲਿਆਂ ਵਿਚ ਨਾਮਵਰ ਵਕੀਲ ਏ.ਕੇ. ਗਾਂਗੁਲੀ ਦੀਆਂ ਸੇਵਾਵਾਂ ਵੀ ਇਸ ਕੇਸ ਲਈ ਪ੍ਰਾਪਤ ਕੀਤੀਆਂ ਗਈਆਂ ਸਨ ਤੇ ਹਾਈਕੋਰਟ ਵਿਚ ਪੰਜਾਬ ਸਰਕਾਰ ਵੱਲੋਂ ਪੱਖ ਉਨ੍ਹਾਂ ਵੱਲੋਂ ਰੱਖਿਆ ਗਿਆ ਸੀ। ਜਦੋਂਕਿ ਪਟੀਸ਼ਨ ਕਰਤਾਵਾਂ ਵੱਲੋਂ ਸਪੱਸ਼ਟ ਕਰ ਦਿੱਤਾ ਗਿਆ ਸੀ ਕਿ ਵਿਧਾਨ ਵਿਚ ਮੁੱਖ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਲਈ ਕੋਈ ਪ੍ਰਬੰਧ ਨਹੀਂ ਹੈ ਤੇ ਅਕਾਲੀ-ਭਾਜਪਾ ਸਰਕਾਰ ਵੱਲੋਂ ਇਨ੍ਹਾਂ ਮੁੱਖ ਸੰਸਦੀ ਸਕੱਤਰਾਂ ਨੂੰ ਨਿਯੁਕਤ ਕਰਕੇ ਰਾਜ ਮੰਤਰੀ ਦਾ ਦਰਜਾ ਅਤੇ ਸਹੂਲਤਾਂ ਵੀ ਦਿੱਤੀਆਂ ਗਈਆਂ ਹਨ, ਜੋ ਕਿ ਵਿਧਾਨ ਦੀ 1991 ਸੋਧ ਤੋਂ ਬਾਅਦ ਪੂਰਨ ਤੌਰ 'ਤੇ ਗੈਰ ਵਿਧਾਨਿਕ ਹੈ ਕਿਉਂਕਿ ਇਸ ਸੋਧ ਤੋਂ ਬਾਅਦ ਕੇਂਦਰ ਅਤੇ ਰਾਜਾਂ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਉਹ ਮੰਤਰੀਆਂ ਦੀ ਗਿਣਤੀ ਸਦਨ ਦੇ ਮੈਂਬਰਾਂ ਦੀ ਗਿਣਤੀ ਦਾ 15 ਪ੍ਰਤੀਸ਼ਤ ਤੱਕ ਹੀ ਰੱਖ ਸਕਦੇ ਹਨ। ਪਟੀਸ਼ਨ ਵਿਚ ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਸੰਸਦੀ ਸਕੱਤਰਾਂ ਨੂੰ ਮੰਤਰੀਆਂ ਦਾ ਦਰਜਾ ਅਤੇ ਸਹੂਲਤਾਂ ਦੇ ਕੇ ਵਿਧਾਨਿਕ ਸੋਧ ਦੀ ਉਲੰਘਣਾ ਕੀਤੀ ਗਈ ਹੈ।

ਪਟੀਸ਼ਨ ਵਿਚ ਇਹ ਵੀ ਦੋਸ਼ ਲਾਇਆ ਗਿਆ ਸੀ ਕਿ ਸ਼ਿਮਲਾ ਹਾਈਕੋਰਟ ਵੱਲੋਂ 2004 ਦੌਰਾਨ ਹਿਮਾਚਲ ਪ੍ਰਦੇਸ਼ ਸਰਕਾਰ ਵਲੋਂ ਮੁੱਖ ਸੰਸਦੀ ਸਕੱਤਰਾਂ ਦੀਆਂ ਕੀਤੀਆਂ ਗਈਆਂ ਨਿਯੁਕਤੀਆਂ ਨੂੰ ਰੱਦ ਕਰਦਿਆਂ ਸਪੱਸ਼ਟ ਕੀਤਾ ਸੀ ਕਿ ਇਹ ਨਿਯੁਕਤੀਆਂ ਗੈਰ ਵਿਧਾਨਿਕ ਹਨ ਪ੍ਰੰਤੂ ਪੰਜਾਬ ਸਰਕਾਰ ਵਲੋਂ ਉਕਤ ਫ਼ੈਸਲੇ ਦੇ ਬਾਵਜੂਦ ਰਾਜ ਵਿਚ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਕਰਕੇ ਰਾਜ ਦੇ ਖ਼ਜ਼ਾਨੇ 'ਤੇ ਗੈਰ ਵਿਧਾਨਿਕ ਢੰਗ ਨਾਲ ਬੋਝ ਪਾਇਆ ਗਿਆ। ਹਾਈਕੋਰਟ ਵਲੋਂ ਇਸ ਕੇਸ ਵਿਚ ਵਿਸਥਾਰਤ ਫ਼ੈਸਲਾ ਅਜੇ ਜਾਰੀ ਨਾ ਹੋਣ ਕਾਰਨ ਇਹ ਸਪੱਸ਼ਟ ਨਹੀਂ ਹੋ ਸਕਿਆ ਕਿ ਕੀ ਭਵਿੱਖ ਵਿਚ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਸਬੰਧੀ ਵੀ ਹਾਈਕੋਰਟ ਵੱਲੋਂ ਕੋਈ ਟਿੱਪਣੀ ਜਾਂ ਰੋਕ ਲਾਈ ਗਈ ਹੈ ਜਾਂ ਨਹੀਂ ਤੇ ਕੀ ਨਿਯੁਕਤੀਆਂ ਨੂੰ ਗੈਰ ਕਾਨੂੰਨੀ ਤੇ ਗੈਰ ਵਿਧਾਇਕ ਕਰਾਰ ਦਿੰਦਿਆਂ ਇਨ੍ਹਾਂ ਸੰਸਦੀ ਸਕੱਤਰਾਂ 'ਤੇ ਹੁਣ ਤੱਕ ਹੋਏ ਸਰਕਾਰੀ ਖ਼ਜ਼ਾਨੇ ਵਿਚਲੇ ਖ਼ਰਚੇ ਸਬੰਧੀ ਵੀ ਹਾਈਕੋਰਟ ਵੱਲੋਂ ਕੋਈ ਆਦੇਸ਼ ਜਾਂ ਟਿੱਪਣੀ ਕੀਤੀ ਗਈ ਹੈ ਜਾਂ ਨਹੀਂ।

ਪ੍ਰੰਤੂ ਕਾਨੂੰਨੀ ਮਾਹਿਰਾਂ ਦਾ ਕਹਿਣਾ ਹੈ ਕਿ ਹਾਈਕੋਰਟ ਵੱਲੋਂ ਇਹ ਨਿਯੁਕਤੀਆਂ ਰੱਦ ਕਰਨ ਦੇ ਫ਼ੈਸਲੇ ਤੋਂ ਬਾਅਦ ਰਾਜ ਵਿਚ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਰੱਦ ਸਮਝੀਆਂ ਜਾਣਗੀਆਂ ਤੇ ਇਹ ਮੌਜੂਦਾ 18 ਸੰਸਦੀ ਸਕੱਤਰ ਕੰਮ ਕਾਜ ਨਹੀਂ ਕਰ ਸਕਣਗੇ । ਵਰਨਣਯੋਗ ਹੈ ਕਿ ਪਟੀਸ਼ਨ ਵਿਚ ਭਾਵੇਂ 19 ਸੰਸਦੀ ਸਕੱਤਰਾਂ ਦੀ ਨਿਯੁਕਤੀ ਨੂੰ ਚੁਣੌਤੀ ਦਿੱਤੀ ਗਈ ਸੀ, ਪ੍ਰੰਤੂ ਇੱਕ ਮੁੱਖ ਸੰਸਦੀ ਸਕੱਤਰ ਇੰਦਰਬੀਰ ਸਿੰਘ ਬੁਲਾਰੀਆ ਨੂੰ ਕੁਝ ਸਮਾਂ ਪਹਿਲਾਂ ਮੁੱਖ ਮੰਤਰੀ ਵੱਲੋਂ ਖ਼ੁਦ ਹੀ ਬਰਤਰਫ਼ ਕਰ ਦਿੱਤਾ ਗਿਆ ਸੀ।

### ਜਿਨ੍ਹਾਂ 18 ਮੁੱਖ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਹੋਈਆਂ ਰੱਦ

ਜਿਨ੍ਹਾਂ 18 ਮੁੱਖ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਹਾਈਕੋਰਟ ਵੱਲੋਂ ਰੱਦ ਕੀਤੀਆਂ ਗਈਆਂ ਹਨ ਉਨ੍ਹਾਂ 'ਚ ਚੌਧਰੀ ਨੰਦ ਲਾਲ, ਸੰਤ ਬਲਬੀਰ ਸਿੰਘ ਘੁੰਨਸ, ਦੇਸਰਾਜ ਸਿੰਘ ਧੁੱਗਾ, ਹਰਮੀਤ ਸਿੰਘ ਸੰਧੂ, ਮਨਤਾਰ ਸਿੰਘ ਬਰਾੜ, ਮਹਿੰਦਰ ਕੌਰ ਜੋਸ਼, ਸ੍ਰੀ ਅਵਿਨਾਸ਼ ਚੰਦਰ, ਮੋਹਤਰਮਾ ਨਾਸਾਰਾ ਖ਼ਾਤੂਨ, ਪ੍ਰਕਾਸ਼ ਚੰਦ ਗਰਗ, ਪਵਨ ਕੁਮਾਰ ਟੀਨੂੰ, ਗੁਰਬਚਨ ਸਿੰਘ ਬੱਬੇਹਾਲੀ, ਵਿਰਸਾ ਸਿੰਘ ਵਲਟੋਹਾ, ਐਨ.ਕੇ. ਸ਼ਰਮਾ, ਅਮਰਪਾਲ ਸਿੰਘ ਅਜਨਾਲਾ ਅਤੇ ਸਰੂਪ ਚੰਦ ਸਿੰਗਲਾ ਤੋਂ ਇਲਾਵਾ ਭਾਜਪਾ ਦੇ 3 ਸੰਸਦੀ ਸਕੱਤਰ ਸ੍ਰੀ ਸੋਮ ਪ੍ਰਕਾਸ਼, ਸ੍ਰੀ ਕੇ.ਡੀ. ਭੰਡਾਰੀ ਤੇ ਡਾ. ਨਵਜੋਤ ਕੌਰ ਸਿੱਧੂ ਸ਼ਾਮਿਲ ਹਨ।

### ਫ਼ੈਸਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਲਈ ਵਿਚਾਰ ਵਟਾਂਦਰੇ ਜਾਰੀ

ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਅੱਜ ਦਿੱਤੇ ਗਏ ਇਸ ਫ਼ੈਸਲੇ ਕਾਰਨ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਰੱਦ ਹੋਣ ਨਾਲ ਜੋ ਸੰਕਟ ਪੈਦਾ ਹੋਇਆ ਹੈ ਉਸ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਲਈ ਸਰਕਾਰੀ ਪੱਧਰ 'ਤੇ ਵਿਚਾਰ ਵਟਾਂਦਰੇ ਜਾਰੀ ਹਨ। ਰਾਜ ਸਰਕਾਰ ਦੇ ਬੁਲਾਰੇ ਨੇ ਅੱਜ ਰਾਤ ਦੱਸਿਆ ਕਿ ਸਰਕਾਰ ਵੱਲੋਂ ਹਾਈਕੋਰਟ ਦੇ ਫ਼ੈਸਲੇ ਦੀ ਕਾਪੀ ਪ੍ਰਾਪਤ ਕਰਨ ਲਈ ਕੋਸ਼ਿਸ਼ਾਂ ਜਾਰੀ ਹਨ ਤੇ ਰਾਜ ਦੇ ਐਡਵੋਕੇਟ ਜਨਰਲ ਨੂੰ ਇਸ ਫ਼ੈਸਲੇ ਨੂੰ ਘੋਖਣ ਅਤੇ ਇਸ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਸਬੰਧੀ ਆਪਣੀ ਰਾਇ ਦੇਣ ਲਈ ਕਿਹਾ ਗਿਆ ਹੈ।

ਸੂਚਨਾ ਅਨੁਸਾਰ ਰਾਜ ਸਰਕਾਰ ਵੱਲੋਂ ਸੁਪਰੀਮ ਕੋਰਟ ਦੇ ਨਾਮਵਰ ਵਕੀਲ ਏ. ਕੇ. ਗਾਂਗੁਲੀ ਨਾਲ ਵੀ ਇਸ ਸਬੰਧੀ ਵਿਚਾਰ ਵਟਾਂਦਰਾ ਕੀਤਾ ਜਾ ਰਿਹਾ ਹੈ। ਰਾਜ ਸਰਕਾਰ ਲਈ ਇਹ ਅਤਿ ਜ਼ਰੂਰੀ ਬਣ ਗਿਆ ਹੈ ਕਿ ਇਸ ਫ਼ੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦੇ ਕੇ ਫ਼ੈਸਲੇ 'ਤੇ ਅਮਲ ਨੂੰ ਰੋਕਣ ਦੀ ਮੰਗ ਕੀਤੀ ਜਾਵੇ, ਨਹੀਂ ਤਾਂ ਮੌਜੂਦਾ ਸੰਸਦੀ ਸਕੱਤਰ ਕੰਮ ਨਹੀਂ ਕਰ ਸਕਣਗੇ, ਪਰ ਰਾਜ ਸਰਕਾਰ ਦੇ ਸੂਤਰਾਂ ਦਾ ਕਹਿਣਾ ਹੈ ਕਿ ਇਸ ਮੰਤਵ ਲਈ ਸਰਕਾਰ ਨੂੰ ਕੁਝ ਸਮਾਂ ਲੋੜੀਂਦਾ ਹੋਵੇਗਾ ਤਾਂ ਜੋ ਕਾਨੂੰਨੀ ਪੱਖੋਂ ਕੇਸ ਨੂੰ ਪੂਰੀ ਤਰ੍ਹਾਂ ਤਿਆਰ ਕੀਤਾ ਜਾ ਸਕੇ।

### ਨਵੇਂ ਨਿਯੁਕਤ ਕੀਤੇ ਗਏ 6 ਸੰਸਦੀ ਸਕੱਤਰਾਂ 'ਤੇ ਵੀ ਲਟਕੀ ਤਲਵਾਰ

ਰਾਜ ਸਰਕਾਰ ਵੱਲੋਂ ਇਸੇ ਸਾਲ ਅਪ੍ਰੈਲ 'ਚ ਜਿਨ੍ਹਾਂ 6 ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿਚ ਮਨਜੀਤ ਸਿੰਘ ਮੀਆਂਵਿੰਡ, ਦਰਸ਼ਨ ਸਿੰਘ ਸ਼ਿਵਾਲਿਕ, ਗੁਰਪ੍ਰਤਾਪ ਸਿੰਘ ਵਡਾਲਾ, ਗੁਰਤੇਜ ਸਿੰਘ ਘੁਡਿਆਣਾ, ਸੁਖਜੀਤ ਕੌਰ ਸ਼ਾਹੀ ਤੇ ਸੀਮਾ ਕੁਮਾਰੀ ਸ਼ਾਮਿਲ ਹਨ, ਦੀਆਂ ਨਿਯੁਕਤੀਆਂ 'ਤੇ ਵੀ ਤਲਵਾਰ ਲਟਕ ਗਈ ਹੈ। ਹਾਲਾਂਕਿ ਇਸ ਫ਼ੈਸਲੇ ਵਿਚ ਉਨ੍ਹਾਂ ਦੀਆਂ ਨਿਯੁਕਤੀਆਂ ਦਾ ਮਾਮਲਾ ਸ਼ਾਮਿਲ ਨਹੀਂ ਸੀ, ਪ੍ਰੰਤੂ ਉਨ੍ਹਾਂ ਦੀਆਂ ਨਿਯੁਕਤੀਆਂ ਖਿਲਾਫ ਵੀ ਐਡਵੋਕੇਟ ਜਗਮੋਹਨ ਸਿੰਘ ਭੱਟੀ ਵੱਲੋਂ ਪਹਿਲਾਂ ਹੀ ਪਟੀਸ਼ਨ ਦਾਇਰ ਕੀਤੀ ਹੋਈ ਹੈ ਅਤੇ ਇਸ ਪਟੀਸ਼ਨ ਵਿਚ ਹਾਈ ਕੋਰਟ ਵੱਲੋਂ ਸਪੱਸ਼ਟ ਕੀਤਾ ਜਾ ਚੁੱਕਾ ਹੈ ਕਿ 18 ਸੰਸਦੀ ਸਕੱਤਰਾਂ ਦੀ ਨਿਯੁਕਤੀ ਨੂੰ ਚੁਣੌਤੀ ਵਾਲਾ ਫ਼ੈਸਲਾ ਇਨ੍ਹਾਂ 6 ਸੰਸਦੀ ਸਕੱਤਰਾਂ ਲਈ ਵੀ ਲਾਗੂ ਹੋਵੇਗਾ ਤੇ ਉਕਤ 6 ਸੰਸਦੀ ਸਕੱਤਰਾਂ ਦੇ ਕੇਸ ਦੀ ਅਗਲੀ ਸੁਣਵਾਈ ਦੀ ਤਰੀਕ 'ਤੇ ਡਵੀਜ਼ਨ ਬੈਂਚ ਦੇ ਫ਼ੈਸਲੇ ਨੂੰ ਅਧਾਰ ਬਣਾ ਕੇ ਇਹ 6 ਨਿਯੁਕਤੀਆਂ ਵੀ ਰੱਦ ਹੋ ਸਕਦੀਆਂ ਹਨ।

### ਹਰਿਆਣਾ ਦੇ 4 ਮੁੱਖ ਸੰਸਦੀ ਸਕੱਤਰ ਵੀ ਮੁਸ਼ਕਿਲ 'ਚ

ਹਾਈਕੋਰਟ ਦੇ ਉਕਤ ਫ਼ੈਸਲੇ ਨੂੰ ਮੁੱਖ ਰੱਖ ਕੇ ਹਰਿਆਣਾ ਦੀ ਭਾਜਪਾ ਸਰਕਾਰ ਵੱਲੋਂ ਮਗਰਲੇ ਸਾਲ ਜਿਨ੍ਹਾਂ 4 ਮੁੱਖ ਸੰਸਦੀ ਸਕੱਤਰਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿਚ ਸ਼ਾਮ ਸਿੰਘ ਰਾਣਾ, ਬਖ਼ਸ਼ੀਸ਼ ਸਿੰਘ ਵਿਰਕ, ਸੀਮਾ ਤ੍ਰਿਖਾ ਅਤੇ ਡਾ. ਕਮਲ ਗੁਪਤਾ ਸ਼ਾਮਿਲ ਸਨ, ਦਾ ਭਵਿੱਖ ਵੀ ਖ਼ਤਰੇ ਵਿਚ ਪੈ ਗਿਆ ਹੈ, ਕਿਉਂਕਿ ਉਨ੍ਹਾਂ ਦੀਆਂ ਨਿਯੁਕਤੀਆਂ ਨੂੰ ਵੀ ਪੰਜਾਬ ਦੇ ਆਧਾਰ 'ਤੇ ਹੀ ਚੁਣੌਤੀ ਦਿੱਤੀ ਹੋਈ ਹੈ ਤੇ ਹਾਈ ਕੋਰਟ ਉਸ ਵਿਚ ਵੀ ਸਪੱਸ਼ਟ ਕਰ ਚੁੱਕੀ ਹੈ ਕਿ ਪੰਜਾਬ ਦਾ ਫ਼ੈਸਲਾ ਹਰਿਆਣਾ 'ਤੇ ਲਾਗੂ ਹੋਵੇਗਾ । ਇਸ ਕੇਸ ਵਿਚ ਵੀ ਅਗਲੀ ਸੁਣਵਾਈ ਦੀ ਤਰੀਕ 'ਤੇ ਹਾਈਕੋਰਟ ਪੰਜਾਬ ਵਿਚ ਰੱਦ ਹੋਈਆਂ ਨਿਯੁਕਤੀਆਂ ਨੂੰ ਆਧਾਰ ਬਣਾ ਕੇ ਕੋਈ ਫ਼ੈਸਲਾ ਲੈ ਸਕਦੀ ਹੈ।

# 'ਕਾਕੋਰੀ-ਕਾਂਡ ਦੇ ਕ੍ਰਾਂਤੀਕਾਰੀਆਂ ਨੂੰ ਸਲਾਮ'

ਸ਼ਰਟਸ ਨੇ ਬਿਸਮਿਲ ਨੂੰ ਅੰਗਰੇਜ਼ੀ 'ਚ ਇਹ ਪੁੱਛਿਆ- "ਮਿਸਟਰ ਰਾਮ ਪ੍ਰਸਾਡ! ਫਰੌਮ ਵਿਚ ਯੂਨੀਵਰਸਟੀ ਯੂ ਹੈਵ ਟੇਕਨ ਦਾ ਡਿਗਰੀ ਆਫ ਲਾਅ?" (ਰਾਮ ਪ੍ਰਸਾਦ! ਤੁਸੀਂ ਕਿਸ ਯੂਨੀਵਰਸਿਟੀ ਤੋਂ ਕਾਨੂੰਨ ਦੀ ਡਿਗਰੀ ਲਈ ਹੈ?) ਇਸ 'ਤੇ ਬਿਸਮਿਲ ਨੇ ਹੱਸ ਕੇ ਚੀਫ਼ ਜਸਟਿਸ ਨੂੰ ਉੱਤਰ ਦਿੱਤਾ ਸੀ – "ਐਕਸਕਿਊਜ਼ ਮੀ ਸਰ! ਏ ਕਿੰਗ ਮੇਕਰ ਡਜ਼ਨਟ ਰਿਕਵਾਇਰ ਐਨੀ ਡਿਗਰੀ।" (ਮੁਆਫ਼ ਕਰਨਾ ਸ੍ਰੀਮਾਨ ਜੀ! ਸਮਰਾਟ ਬਣਾਉਣ ਵਾਲੇ ਨੂੰ ਕਿਸੇ ਡਿਗਰੀ ਦੀ ਜ਼ਰੂਰਤ ਨਹੀਂ ਹੁੰਦੀ)।

ਮੁੱਲਾ ਜੀ ਕੀ ਕਿਰਕਰੀ:- ਕਾਕੋਰੀ-ਕਾਂਡ ਦਾ ਮੁਕੱਦਮਾ ਲਖਨਊ 'ਚ ਚੱਲ ਰਿਹਾ ਸੀ। ਪੰਡਤ ਜਗਤਨਰਾਇਣ ਮੁੱਲਾ ਸਰਕਾਰੀ ਵਕੀਲ ਹੋਣ ਦੇ ਨਾਲ-ਨਾਲ ਉਹ ਉਰਦੂ ਦੇ ਸ਼ਾਇਰ ਵੀ ਸਨ। ਉਹਨਾਂ ਨੇ ਕ੍ਰਾਂਤੀਕਾਰੀਆਂ ਨੂੰ "ਮੁਲਜ਼ਮਾਨ" ਦੀ ਜਗ੍ਹਾ "ਮੁਲਾਜ਼ਮ" ਸ਼ਬਦ ਬੋਲ ਦਿੱਤਾ। ਫਿਰ ਕੀ ਸੀ ਪੰਡਤ ਰਾਮ ਪ੍ਰਸਾਦ 'ਬਿਸਮਿਲ' ਨੇ ਝੱਟ ਦੇਣੀ ਉਸ 'ਤੇ ਚੁੱਟਕੀ ਲੈਂਦਿਆਂ ਬੜੇ ਅਨੁਕੂਲ ਸ਼ਬਦਾਂ 'ਚ ਕਿਹਾ: "ਮੁਲਾਜ਼ਮ ਹਮਕੋ ਮੱਤ ਕਹੀਏ ਬੜਾ ਅਫਸੋਸ ਹੋਤਾ ਹੈ, ਅਦਾਲਤ ਕੇ ਅਦਬ ਸੇ ਹਮ ਯਹਾਂ ਤਸ਼ਰੀਫ ਲਾਏ ਹੈਂ। ਪਲਟ ਦੇਤੇ ਹੈ ਹਮ ਮੌਜੇ-ਹਵਾਦਿਸ ਅਪਨੀ ਜ਼ੁਰਅਤ ਸੇ, ਕਿ ਹਮ ਨੇ ਆਂਧੀਉ ਮੇਂ ਭੀ ਚਿਰਾਗ ਅਕਸਰ ਜਲਾਏ ਹੈ।' ਉਨ੍ਹਾਂ ਦੇ ਕਹਿਣ ਦਾ ਮਤਲਬ ਬੜਾ ਸਪਸ਼ਟ ਸੀ ਕਿ ਮੁਲਾਜ਼ਮ ਉਹ (ਬਿਸਮਿਲ) ਨਹੀਂ, ਮੁੱਲਾ ਜੀ ਹਨ ਜੋ ਸਰਕਾਰ ਤੋਂ ਤਨਖਾਹ ਵਸੂਲ ਕਰਦਾ ਹੈ। ਉਹ (ਬਿਸਮਿਲ ਆਦਿ) ਤਾਂ ਰਾਜਨੀਤਿਕ ਬੰਦੀ ਹਨ, ਇਸ ਲਈ ਸਾਡੇ ਨਾਲ ਤਾਮੀਜ਼ ਨਾਲ ਪੇਸ਼ ਆਇਆ ਜਾਵੇ। ਇਸ ਦੇ ਨਾਲ ਹੀ ਇਹ ਵੀ ਕਿਹਾ ਕਿ ਉਹ ਸਮੁੰਦਰ ਤੱਕ ਦੀਆਂ ਲਹਿਰਾਂ ਨੂੰ ਆਪਣੇ ਹੌਸਲੇ ਨਾਲ ਪਲਟਾਉਣ ਦਾ ਦਮ ਰੱਖਦੇ ਹਨ, ਮੁਕੱਦਮੇ ਦੀ ਬਾਜੀ ਪਲਟਣਾ ਕਿਹੜੀ ਚੀਜ਼ ਹੈ? ਇੰਨਾ ਬੋਲਣ ਉਪਰੰਤ ਕਿਸੇ ਦੀ ਕੀ ਹਿੰਮਤ ਸੀ ਕਿ ਉਹਨਾਂ ਸਾਹਮਣੇ ਟਿੱਕਦਾ। ਮੁੱਲਾ ਜੀ ਦੇ ਪਸੀਨੇ ਛੁੱਟ ਗਏ ਤੇ ਉਹਨਾਂ ਨੇ ਅੱਗੋਂ ਕੁਝ ਹੋਰ ਬੋਲਣ ਦੀ ਹਿੰਮਤ ਨਹੀਂ ਕੀਤੀ ਤੇ ਉਹ ਕੋਰਟ ਦੇ ਪਿਛਲੇ ਦਰਵਾਜ਼ੇ ਵੱਲ ਦੀ ਬਾਹਰ ਨਿਕਲ ਗਏ। ਫਿਰ ਉਸ ਦਿਨ ਉਹਨਾਂ ਨੇ ਕੋਈ ਬਹਿਸ ਨਹੀਂ ਕੀਤੀ। ਇਸ ਤਰ੍ਹਾਂ ਦੇ ਹਾਜ਼ਰ-ਜਵਾਬ ਸਨ ਬਿਸਮਿੱਲਾ!

ਬਿਸਮਿਲ ਦੀ ਬਹਿਸ ਨਾਲ ਸਨਸਨੀ:- ਬਿਸਮਿਲ ਦੁਆਰਾ ਕੀਤੀ ਗਈ ਸਫਾਈ ਦੀ ਬਹਿਸ ਨਾਲ ਸਨਸਨੀ ਫੈਲ ਗਈ। ਮੁੱਲਾ ਜੀ ਨੇ ਸਰਕਾਰੀ ਵਕੀਲ ਦੀ ਹੈਸੀਅਤ ਦੇ ਤੌਰ 'ਤੇ ਪੈਰਵੀ ਕਰਨ ਤੋਂ ਆਨਾਕਾਨੀ ਕੀਤੀ। ਆਖੀਰ ਅਦਾਲਤ ਨੇ 'ਬਿਸਮਿਲ' ਦੀ 27 ਜੁਲਾਈ 1927 ਨੂੰ ਖੁਦ ਆਪਣੇ ਕੇਸ ਦੀ ਵਕਾਲਤ ਕਰਨ ਦੀ ਦਰਖਾਸਤ ਖਾਰਜ ਕਰ ਦਿੱਤੀ। ਉਸ ਤੋਂ ਬਾਅਦ ਉਹਨਾਂ ਨੇ 73 ਸਫ਼ਿਆਂ ਦੀ ਤਰਕਪੂਰਨ ਬਹਿਸ ਪੇਸ਼ ਕੀਤੀ, ਜਿਸ ਨੂੰ ਦੇਖ ਕੇ ਜੱਜਾਂ ਨੇ ਇਹ ਸ਼ੰਕਾ ਜ਼ਾਹਿਰ ਕੀਤੀ ਕਿ ਇਹ ਬਹਿਸ 'ਬਿਸਮਿਲ' ਨੇ ਖੁਦ ਨਾ ਲਿਖ ਕੇ ਕਿਸੇ ਬਹੁਤ ਹੀ ਕਾਬਲ ਆਦਮੀ ਤੋਂ ਲਿਖਵਾਈ ਹੈ। ਅਖੀਰ ਲਕਸ਼ਮੀ ਸ਼ੰਕਰ ਮਿਸਰ ਨੂੰ ਬਹਿਸ ਕਰਨ ਦੀ ਇਜਾਜ਼ਤ ਦਿੱਤੀ ਗਈ, ਜਿਸ ਨੂੰ ਲੈਣ ਤੋਂ 'ਬਿਸਮਿਲ' ਨੇ ਇਨਕਾਰ ਕਰ ਦਿੱਤਾ। ਇਹ ਵੀ ਅਦਾਲਤ ਤੇ ਸਰਕਾਰੀ ਵਕੀਲ ਜਗਤ ਨਰਾਇਣ ਮੁੱਲਾ ਦੀ ਮਿਲੀਭੁਗਤ ਨਾਲ ਕੀਤਾ ਗਿਆ, ਕਿਉਂਕਿ ਅਗਰ ਬਿਸਮਿਲ ਨੂੰ ਪੂਰਾ ਮੁਕੱਦਮਾ ਖੁਦ ਲੜਨ ਦੀ ਇਜਾਜ਼ਤ ਦਿੱਤੀ ਜਾਂਦੀ ਤਾਂ ਇਹ ਨਿਸ਼ਚਿਤ ਸੀ ਕਿ ਸਰਕਾਰ ਮੁਕੱਦਮਾ ਹਾਰ ਜਾਂਦੀ।

ਕਾਕੋਰੀ ਕਾਂਡ ਦਾ ਅੰਤਿਮ ਫੈਸਲਾ:- 22 ਅਗਸਤ 1927 ਨੂੰ ਜਿਹੜਾ ਫੈਸਲਾ ਸੁਣਾਇਆ ਗਿਆ, ਉਸ ਅਨੁਸਾਰ ਰਾਮ ਪ੍ਰਸਾਦ 'ਬਿਸਮਿਲ', ਰਾਜਿੰਦਰਨਾਥ ਲਹਿਰੀ ਤੇ ਅਸ਼ਫਾਕ ਉੱਲਾ ਖਾਂ ਨੂੰ ਆਈ. ਪੀ. ਸੀ. ਦੀ ਦਫਾ 121 (ਏ), 120 (ਬੀ) ਦੇ ਅੰਤਰਗਤ ਆਜੀਵਨ ਕਾਰਾਵਾਸ ਤਥਾ 302 ਅਤੇ 396 ਦੇ ਅਨੁਸਾਰ ਫਾਂਸੀ ਤੇ ਠਾਕੁਰ ਰੌਸ਼ਨ ਸਿੰਘ ਨੂੰ ਪਹਿਲੀਆਂ ਦੋ ਦਫਾਵਾਂ 'ਚੋਂ 5+5 ਕੁੱਲ 10 ਸਾਲ ਦੀ ਸਖ਼ਤ ਕੈਦ ਤੇ ਅਗਲੀਆਂ ਦੋ ਦਫਾਵਾਂ ਦੇ ਅਨੁਸਾਰ ਫਾਂਸੀ ਦਾ ਹੁਕਮ ਹੋਇਆ। ਸਚਿੰਦਰਨਾਥ ਸਾਨਿਆਲ, ਜਦੋਂ ਮੁਕੱਦਮਾ ਚੱਲ ਰਿਹਾ ਸੀ, ਉਦੋਂ ਲਿਖਤ ਰੂਪ 'ਚ ਆਪਣੇ ਕੀਤੇ ਦੀ ਗਲਤੀ ਮੰਨ ਕੇ ਭਵਿੱਖ 'ਚ ਕਿਸੇ ਵੀ ਕ੍ਰਾਂਤੀਕਾਰੀ ਕਾਰਵਾਈ 'ਚ ਹਿੱਸਾ ਨਾ ਲੈਣ ਦਾ ਵਚਨ ਦੇ ਚੁੱਕੇ ਸਨ, ਜਿਸ ਦੇ ਆਧਾਰ 'ਤੇ ਉਹਨਾਂ ਦੀ ਉਮਰ ਕੈਦ ਬਰਕਰਾਰ ਰਹੀ। ਉਹਨਾਂ ਦੇ ਛੋਟੇ ਭਰਾ ਭੁਪਿੰਦਰਨਾਥ ਸਾਨਿਆਲ ਤੇ ਬਨਬਾਰੀ ਲਾਲ ਨੇ ਆਪਣਾ-ਆਪਣਾ ਜੁਰਮ ਕਬੂਲ ਕਰਦੇ ਹੋਏ ਕੋਰਟ ਦੀ ਕੋਈ ਵੀ ਸਜਾ ਭੁਗਤਣ ਦੀ ਲਿਖਤੀ ਰੂਪ 'ਚ ਸਹਿਮਤੀ ਦੇ ਚੁੱਕੇ ਸਨ। ਇਸ ਲਈ ਉਹਨਾਂ ਨੇ ਅਪੀਲ ਨਹੀਂ ਕੀਤੀ ਤੇ ਦੋਹਾਂ ਨੂੰ 5-5 ਸਾਲ ਦੀ ਸਜਾ ਦੇ ਆਦੇਸ਼ ਉਸੇ ਤਰ੍ਹਾਂ ਹੀ ਰਹੇ। ਚੀਫ਼ ਕੋਰਟ 'ਚ ਅਪੀਲ ਕਰਨ ਦੇ ਬਾਵਜੂਦ ਯੋਗੇਸ਼ਚੰਦਰ ਚੈਟਰਜੀ, ਮੁਕੰਦੀ ਲਾਲ ਤੇ ਗੋਬਿੰਦਚਰਨ ਕਾਰ ਦੀ ਸਜ਼ਾ 10-10 ਸਾਲ ਤੋਂ ਵਧਾ ਕੇ ਉਮਰ ਕੈਦ 'ਚ ਬਦਲ ਦਿੱਤੀ ਗਈ। ਸੁਰੇਸ਼ਚੰਦਰ ਭੱਟਾਚਾਰੀਆ ਤੇ ਵਿਸ਼ਨੂਸ਼ਰਨ ਦੁਬਿਲਸ਼ ਦੀ ਸਜ਼ਾ ਭੀ 7 ਸਾਲ ਤੋਂ ਵਧਾ ਕੇ 10 ਸਾਲ ਕਰ ਦਿੱਤੀ ਗਈ।

ਰਾਮਕ੍ਰਿਸ਼ਨ ਖਤਰੀ ਨੂੰ ਭੀ 10 ਸਾਲ ਦੀ ਸਖ਼ਤ ਕਾਰਾਵਾਸ ਦੀ ਸਜ਼ਾ ਬਰਕਰਾਰ ਰਹੀ। ਖ਼ੂਬਸੂਰਤ ਲਿਖਾਈ 'ਚ ਅਪੀਲ ਦੇਣ ਦੇ ਕਾਰਨ ਕੇਵਲ ਪ੍ਰਣਵੇਸ਼ ਚੈਟਰਜੀ ਦੀ ਸਜ਼ਾ ਨੂੰ 5 ਸਾਲ ਤੋਂ ਘਟਾ ਕੇ 4 ਸਾਲ ਕਰ ਦਿੱਤਾ ਗਿਆ। ਇਸ ਕਾਂਡ 'ਚ ਸਭ ਤੋਂ ਘੱਟ ਸਜਾ 3 ਸਾਲ ਰਾਮਨਾਥ ਪਾਂਡੇ ਨੂੰ ਹੋਈ। ਮਨਮਨਾਥ ਗੁਪਤ, ਜਿਸ ਦੀ ਗੋਲੀ ਨਾਲ ਮੁਸਾਫ਼ਰ ਮਾਰਿਆ ਗਿਆ ਸੀ, ਦੀ ਸਜਾ ਵਧਾ ਕੇ 14 ਸਾਲ ਕਰ ਦਿੱਤੀ ਗਈ। ਇਕ ਹੋਰ ਕ੍ਰਾਂਤੀਕਾਰੀ ਰਾਮ ਦੁਲਾਰੇ ਤ੍ਰਵੇਦੀ ਨੂੰ ਇਸ ਮੁਕੱਦਮੇ 'ਚ ਪੰਜ ਸਾਲ ਦੀ ਕਠੋਰ ਕਾਰਾਵਾਸ ਦੀ ਸਜਾ ਦਿੱਤੀ ਗਈ।

ਮੁਆਫ਼ੀ ਦੇ ਯਤਨ: ਅਵਧ ਚੀਫ਼ ਕੋਰਟ ਦਾ ਫੈਸਲਾ ਆਉਂਦੇ ਹੀ ਖ਼ਬਰ ਜੰਗਲ ਦੀ ਅੱਗ ਵਾਂਗ ਸਾਰੇ ਭਾਰਤ 'ਚ ਫੈਲ ਗਈ। ਠਾਕੁਰ ਮਨਜੀਤ ਸਿੰਘ ਰਾਠੌਰ ਨੇ ਸੈਂਟਰਲ ਲੈਜਿਸਲੇਟਿਵ ਕੌਂਸਲ 'ਚ ਕਾਕੋਰੀ-ਕਾਂਡ ਦੇ ਚਾਰੋ ਮੌਤ ਦੀ ਸਜਾ ਪ੍ਰਾਪਤ ਕੈਦੀਆਂ ਦੀ ਸਜ਼ਾ ਘੱਟ ਕਰਾਉਣ ਲਈ ਤੇ ਉਸ ਨੂੰ ਉਮਰ ਕੈਦ ਵਿਚ ਬਦਲਣ ਦਾ ਪ੍ਰਸਤਾਵ ਪੇਸ਼ ਕੀਤਾ। ਕੌਂਸਲ ਦੇ ਕਈ ਮੈਂਬਰਾਂ ਨੇ ਸਰ ਬਿਲੀਅਮ ਮੋਰਿਸ ਨੂੰ ਜੋ ਉਸ ਸਮੇਂ ਸੰਯੁਕਤ ਪ੍ਰਾਂਤ ਦੇ ਗਵਰਨਰ ਹੁੰਦੇ ਸਨ, ਇਸ ਉਮੀਦ ਨਾਲ ਇਕ ਪ੍ਰਾਰਥਨਾ ਪੱਤਰ ਵੀ ਦਿੱਤਾ ਕਿ ਇਹਨਾਂ ਚਾਰਾਂ ਦੀ ਸਜਾ ਮੌਤ ਮੁਆਫ਼ ਕਰ ਦਿੱਤੀ ਜਾਵੇ ਪ੍ਰੰਤੂ ਉਸ ਨੇ ਇਸ ਪ੍ਰਾਰਥਨਾ ਪੱਤਰ ਨੂੰ ਖਾਰਜ ਕਰ ਦਿੱਤਾ।

ਸੈਂਟਰਲ ਕੌਂਸਲ ਦੇ 78 ਮੈਂਬਰਾਂ ਨੇ ਤਤਕਾਲੀਨ ਵਾਇਸਰਾਏ ਤੇ ਗਵਰਨਰ ਜਨਰਲ ਇਡਵਰਡ ਫਰੈਡਰਿਕ ਲਿੰਡੇ ਵੁਡ ਨੂੰ ਸ਼ਿਮਲਾ ਜਾ ਕੇ ਦਸਤਖਤਾਂ ਨਾਲ ਮੌਮੋਰੰਡਮ ਦਿੱਤਾ, ਜਿਸ 'ਤੇ ਪ੍ਰਮੁੱਖ ਰੂਪ 'ਚ ਪੰਡਤ ਮਦਨ ਮੋਹਨ ਮਾਲਵੀਆ, ਮੁਹੰਮਦ ਅਲੀ ਜਿਨਾਹ, ਐਨ. ਸੀ. ਕੇਲਕਰ, ਲਾਲਾ ਲਾਜਪਤ ਰਾਏ, ਗੋਬਿੰਦ ਬਲਵ ਪੰਤ ਆਦਿ ਨੇ ਆਪਣੇ ਹਸਤਾਖਰ ਕੀਤੇ ਸਨ, ਪ੍ਰੰਤੂ ਵਾਇਸਰਾਏ 'ਤੇ ਇਸ ਦਾ ਕੋਈ ਅਸਰ ਨਾ ਹੋਇਆ।

ਮਾਲਵੀਆ ਜੀ ਦੇ ਯਤਨ ਅਸਫਲ:- ਇਸ ਤੋਂ ਬਾਅਦ ਮਦਨ ਮੋਹਨ ਮਾਲਵੀਆ ਦੀ ਅਗਵਾਈ 'ਚ ਪੰਜ ਵਿਅਕਤੀਆਂ ਦਾ ਇਕ ਪ੍ਰਤੀਨਿਧੀ ਮੰਡਲ ਸ਼ਿਮਲਾ ਜਾ ਕੇ ਵਾਇਸਰਾਏ ਨੂੰ ਦੁਬਾਰਾ ਮਿਲਿਆ ਤੇ ਉਹਨਾਂ ਨੂੰ ਇਹ ਪ੍ਰਾਰਥਨਾ ਕੀਤੀ ਕਿ ਇਹਨਾਂ ਚਾਰਾਂ ਵਿਅਕਤੀਆਂ ਨੇ ਲਿਖਤ ਰੂਪ 'ਚ ਸਰਕਾਰ ਨੂੰ ਅੱਗੋਂ ਤੋਂ ਭਵਿੱਖ 'ਚ ਕੋਈ ਅਜਿਹੀ ਕਾਰਵਾਈ 'ਚ ਹਿੱਸਾ ਨਾ ਲੈਣ ਦਾ ਪ੍ਰਣ ਕੀਤਾ ਹੈ ਤੇ ਉਹਨਾਂ ਨੇ ਆਪਣੇ ਕੀਤੇ ਦੀ ਗਲਤੀ ਵੀ ਮੰਨ ਲਈ ਹੈ। ਅਖੀਰ ਉੱਚ ਨਿਆਇਆਲਿਆ ਦੇ ਫੈਸਲੇ 'ਤੇ ਪੁਨਰ ਵਿਚਾਰ ਕੀਤਾ ਜਾ ਸਕਦਾ ਹੈ, ਪ੍ਰੰਤੂ ਵਾਇਸਰਾਏ ਨੇ ਉਹਨਾਂ ਨੂੰ ਸਾਫ ਇਨਕਾਰ ਕਰ ਦਿੱਤਾ।

ਪ੍ਰੀਵੀ ਕੌਂਸਲ 'ਚ ਵੀ ਅਪੀਲ ਖਾਰਜ:- ਅਖੀਰ ਬਰਿਸਟਰ ਮੋਹਨ ਲਾਲ ਸਕਸੈਨਾ ਨੇ 'ਪ੍ਰੀਵੀ ਕੌਂਸਲ' ਰਹਿਮ ਦੀ ਅਪੀਲ ਦੇ ਕਾਗ਼ਜ਼ ਤਿਆਰ ਕਰਕੇ ਇੰਗਲੈਂਡ ਦੇ ਇਕ ਮਸ਼ਹੂਰ ਵਕੀਲ ਐਸ. ਐਲ. ਪੋਲਕ ਦੇ ਕੋਲ ਭੇਜੇ ਪ੍ਰੰਤੂ ਲੰਡਨ ਦੇ ਜੱਜਾਂ ਤੇ ਸਮਰਾਟ ਦੇ ਵਿਧਾਨਿਕ ਸਲਾਹਕਾਰਾਂ ਨੇ ਇਸ 'ਤੇ ਇਹੀ ਦਲੀਲ ਦਿੱਤੀ ਕਿ ਇਸ ਛੜਯੰਤਰ ਦਾ ਸੂਤਰਧਾਰ ਰਾਮ ਪ੍ਰਸਾਦ 'ਬਿਸਮਿਲ' ਬੜਾ ਹੀ ਖਤਰਨਾਕ ਤੇ ਪੇਸ਼ੇਵਰ ਅਪਰਾਧੀ ਹੈ, ਉਸ ਨੂੰ ਅਗਰ ਮੁਆਫ਼ੀ ਦਿੱਤੀ ਜਾਂਦੀ ਹੈ ਤਾਂ ਉਹ ਭਵਿੱਖ 'ਚ ਇਸ ਤੋਂ ਵੀ ਵੱਡਾ ਤੇ ਭਿਅੰਕਰ ਕਾਂਡ ਕਰ ਸਕਦਾ ਹੈ। ਇਸ ਸਥਿਤੀ 'ਚ ਬਰਤਾਨੀਆ ਸਰਕਾਰ ਨੂੰ ਹਿੰਦੋਸਤਾਨ 'ਤੇ ਹਕੂਮਤ ਕਰਨਾ ਅਸੰਭਵ ਹੋ ਜਾਵੇਗਾ। ਆਖਿਰਕਾਰ ਨਤੀਜਾ ਉਹੀ ਹੋਇਆ ਕਿ ਪ੍ਰੀਵੀ ਕੌਂਸਲ 'ਚ ਭੇਜੀ ਗਈ ਰਹਿਮ ਦੀ ਅਪੀਲ ਖਾਰਜ ਹੋ ਗਈ।

### ਮੈਂ ਇਤਿਹਾਸ 'ਚੋਂ ਗੁਜ਼ਰ ਰਿਹਾ ਹਾਂ

ਅੱਜਕਲ ਮੈਂ ਇਤਿਹਾਸ ਵਿੱਚ ਦੀ ਗੁਜਰ ਰਿਹਾ ਹਾਂ
ਓਹ ! ਮੁਆਫ ਕਰਨਾ
ਇਤਿਹਾਸ ਮੇਰੇ ਵਿਚ ਦੀ ਗੁਜਰ ਰਿਹਾ ਹੈ

ਹੜੱਪਾ ਦੀਆਂ ਖੰਡਰ ਬਸਤੀਆਂ 'ਚ
ਇਹ ਜੋ ਪਿੰਜਰ ਬਣੇ ਪਏ ਨੇ
ਮੇਰੇ ਹੀ ਵੱਡੇ ਵਡੇਰੇ ਨੇ '

ਕਦੇ ਧੂ-ਧੂ ਕਰਕੇ ਸੜਦਾ ਲੰਕਾ ਦੇਸ਼
ਪੰਨਿਆ 'ਤੇ ਉਕਰ ਜਾਂਦਾ ਹੈ
ਕਦੇ ਕਪਿਲਵਸਤੂ ਤੋਂ ਕਾਲਿੰਗਾ ਤੱਕ

ਨਵੇਂ ਮੋੜ 'ਤੇ ਆਕੇ ਖੜ ਜਾਂਦੀ ਹੈ ਤਵਾਰੀਖ
ਮੈਂ ਪੁਰਖਿਆਂ ਦੇ ਰਾਜ ਭਾਗੀ ਮੁਨਾਰਾਂ ਨੂੰ
ਬੇਦਰਦੀ ਨਾਲ ਭੁਰਦਿਆਂ ਦੇਖਦਾਂ ਹਾਂ

ਕਦੇ ਮੈਂ ਰਿਸ਼ੀ ਸ਼ੰਭੂਕ ਦੇ
ਕੱਟੇ ਪਏ ਸਿਰ ਕੋਲ ਦੀ ਗੁਜ਼ਰਦਾ ਹਾਂ
ਰਿਸ਼ੀ ਦੀਆਂ ਖੁੱਲੀਆਂ ਅੱਖਾਂ ਘੂਰਦੀਆਂ ਨੇ ,
ਗਿਆਨ ਪਰਾਪਤੀ ਦੀ ਭੁੱਖ
ਮਰਨੀ ਨਹੀਂ ਚਾਹੀਦੀ ਤੇਰੇ 'ਚੋਂ "

ਕਦੇ ਕਦੇ ਜਾਪਦਾ

ਦਰੋਣਾਚਾਰੀਆ ਨੇ ਗੁਰੂ ਦਕਸ਼ਣਾ ਦੇ ਰੂਪ 'ਚ
ਮੈਥੋਂ ਹੀ ਤਾਂ ਕੱਟੇ ਹੋਏ ਅਗੂੰਠੇ ਦੀ ਮੰਗ ਕੀਤੀ ਸੀ
ਜਿਸ ਵਿਚੋਂ ਅਜ ਵੀ ਟਪ- ਟਪ
ਖ਼ੂਨ ਚੋਅ ਰਿਹਾ ਹੈ

ਕਦੇ ਕਦੇ ਮੈਂ ਤਾਜ ਮਹੱਲਾਂ , ਲਾਲ ਕਿਲਿਆਂ
ਮੰਦਰਾਂ ,ਮੀਨਾਰਾਂ ਤੇ ਹਵੇਲੀਆਂ ਦੀਆਂ
ਕੰਧਾਂ ਨਾਲ ਕੰਨ ਲਾਉਂਦਾ ਹਾਂ
ਇਹਨਾਂ ਦੀਆਂ ਨੀਹਾਂ ਵਿੱਚ ਮੇਰੇ ਪੁਰਖਿਆਂ ਦੇ
ਕੱਟੇ ਹੋਏ ਕਿਰਤੀ ਹੱਥ ਤੜਫਦੇ ਪਏ ਨੇ
ਕਦੇ ਕਦੇ ਅਛੂਤ ਬਣਾ ਦਿਤੇ ਗਏ

ਪੁਰਖਿਆਂ ਦੇ ਪਰਛਾਵੇਂ ਤੱਕ ਨਿਰਾਸ਼ ਹੁੰਦਾ ਹਾਂ
ਤੇ ਕਦੇ ਜਾਪਦਾ ਜਿਵੇ ਬਾਬਾ
ਜਿਥੇ ਨੀਚੁ ਸਮਾਲੀਅਨ
ਤਿਥੇ ਨਦੁਰ ਤੇਰੀ ਬਖਸੀਸ " ਆਖਕੇ
ਮੇਰੇ ਮੋਢੇ ਹੱਥ ਧਰ ਦਿੰਦਾ ਹੋਵੇ


ਰਾਜਧਾਨੀ ਵੱਲ ਪਿੱਠ ਕਰਕੇ ਖੜੇ
ਆਪਣੇ ਪੁਰਖਿਆਂ ਦੀਆਂ
ਨਾਬਰੀ ਵਾਲੀਆਂ ਸੁਰਾਂ ਸੁਣਦਾ ਹਾਂ
ਮੇਰੇ ਇਹ ਪੁਰਖੇ ਕਦੇ ਵੀ
ਆਜ਼ਾਦੀ ਜ਼ਸ਼ਨਾ ਦਾ ਹਿੱਸਾ ਨਹੀਂ ਸਨ ਬਣੇ

ਆਜ਼ਾਦੀ ਇਹਨਾਂ ਲਈ
ਬਾਪੂ ਗਾਂਧੀ ਦੀ ਬੱਕਰੀ ਦੀਆਂ
ਮੀਂਗਣਾ ਤੋਂ ਵਧਕੇ ਕੁੱਝ ਵੀ ਨਹੀਂ ਸੀ

ਆਦੇਸ਼ ਮੈਨੂੰ ਆਜ਼ਾਦੀ ਜਸ਼ਨਾ 'ਚ
ਤਾੜੀਆਂ ਮਾਰਨ ਲਈ ਆਖਦੇ ਨੇ
ਇਤਿਹਾਸ ਕੁਝ ਹੋਰ ਹੀ ਆਖਦਾ ਹੈ
ਅੱਜਕਲ ਇਤਿਹਾਸ ਮੇਰੇ 'ਚੋਂ ਗੁਜਰ ਰਿਹਾ ਹੈ
ਮੈਂ ਇਤਿਹਾਸ ਰਾਹੀਂ ਹੀ
ਆਜ਼ਾਦੀ ਜਸ਼ਨਾ 'ਚ
ਸ਼ਾਮਲ ਹੋਣਾ ਚਾਹੁੰਦਾ ਹਾ।

**- ਗੁਰਮੀਤ ਕੜਿਆਲਵੀ**
**91-81461-00994**

# ਉੱਚੀਆਂ ਜਾਤੀਆਂ ਦੇ ਲੋਕ ਆਪਣੀ ਮਾਨਸਿਕਤਾ ਬਦਲਣ



ਕੁਲਦੀਪ ਨਈਅਰ

**ਵਿਦੇਸ਼ੀ ਲੋਕਾਂ ਦੀ ਹੈਰਾਨੀ ਵੇਖਣ ਲਾਇਕ ਹੁੰਦੀ ਹੈ ਕਿ ਜਿਸ ਜਮਹੂਰੀ ਦੇਸ਼ ਵਿਚ ਲੋਕ ਆਪਣਾ ਆਗੂ ਚੁਣਨ ਲਈ ਵੋਟਿੰਗ ਮਸ਼ੀਨਾਂ ਦੇ ਸਾਹਮਣੇ ਕਤਾਰ ਵਿਚ ਖੜ੍ਹੇ ਰਹਿੰਦੇ ਹਨ, ਉਹ ਆਪਣੇ ਉਨ੍ਹਾਂ ਤੁਅੱਸਬਾਂ ਨੂੰ ਖ਼ਤਮ ਨਹੀਂ ਕਰ ਸਕਿਆ, ਜੋ ਇਸ ਨੂੰ ਅੰਗਰੇਜ਼ਾਂ ਦੇ ਜ਼ਮਾਨੇ ਤੋਂ ਵਿਰਾਸਤ ਵਿਚ ਮਿਲੇ ਹਨ, ਜਦੋਂ ਲੋਕਾਂ ’ਤੇ ਆਸਾਨੀ ਨਾਲ ਰਾਜ ਕਰਨ ਲਈ ਸਮਾਜ ਨੂੰ ਜਾਤ ਅਤੇ ਧਰਮ ਦੇ ਨਾਂਅ ’ਤੇ ਵੰਡਿਆ ਗਿਆ ਸੀ।**

ਪਿਛਲੇ ਦਿਨੀ ਮੱਧ ਪ੍ਰਦੇਸ਼ ਵਿਚ ਇਕ ਵਾਰ ਫਿਰ ਕੁਝ ਔਰਤਾਂ ਦੀ ਇਸ ਕਰਕੇ ਕੁੱਟਮਾਰ ਕੀਤੀ ਗਈ ਕਿ ਉਨ੍ਹਾਂ ’ਤੇ ਗਊ ਮਾਸ ਲਿਜਾਣ ਦਾ ਸ਼ੱਕ ਸੀ। ਪ੍ਰਯੋਗਸ਼ਾਲਾ ਦੀ ਜਾਂਚ ਵਿਚ ਇਹ ਮਾਸ ਕਿਸੇ ਹੋਰ ਜਾਨਵਰ ਦਾ ਨਿਕਲਿਆ। ਕੁਝ ਸਮਾਂ ਪਹਿਲਾਂ ਦਿੱਲੀ ਵਿਚਲੇ ਕੇਰਲ ਹਾਊਸ ’ਤੇ ਗਊ ਰੱਖਿਅਕਾਂ ਨੇ ਇਹ ਕਹਿ ਕੇ ਹਮਲਾ ਕੀਤਾ ਸੀ ਕਿ ਉਥੇ ਗਊ ਮਾਸ ਪਰੋਸਿਆ ਜਾਂਦਾ ਹੈ। ਪਰ ਸਭ ਤੋਂ ਸ਼ਰਮਨਾਕ ਪਹਿਲੂ ਇਹ ਹੈ ਕਿ ਅਜਿਹੀਆਂ ਘਟਨਾਵਾਂ ਬਾਰੇ ਉੱਚ-ਜਾਤੀਆਂ ਅਤੇ ਇਥੋਂ ਤੱਕ ਕਿ ਆਰ.ਐਸ.ਐਸ. ਨੂੰ ਵੀ ਕੋਈ ਪਛਤਾਵਾ ਨਹੀਂ ਹੈ ਅਤੇ ਜਿਨ੍ਹਾਂ ਤੋਂ ਸਮਾਜ ਦੀ ਉੱਨਤੀ ਲਈ ਕੰਮ ਕਰਨ ਲਈ ਉਮੀਦ ਕੀਤੀ ਜਾਂਦੀ ਹੈ, ਉਨ੍ਹਾਂ ਨੇ ਨਿੰਦਾ ਜਾਂ ਦੁੱਖ ਦਾ ਇਕ ਸ਼ਬਦ ਵੀ ਨਹੀਂ ਕਿਹਾ। ਸਾਰੇ ਧਰਮ ਸਮਾਜਿਕ, ਆਰਥਿਕ ਜਾਂ ਰਾਜਨੀਤਕ ਭੇਦ-ਭਾਵ ਕਰਦੇ ਹਨ ਪਰ ਉਨ੍ਹਾਂ ਵਿਚ ਇਹ ਉਸ ਤਰ੍ਹਾਂ ਧਰਮ ਦਾ ਹਿੱਸਾ ਨਹੀਂ ਹੈ, ਜਿਵੇਂ ਹਿੰਦੂਆਂ ਵਿਚ ਹੈ। ਇਹ ਸਾਰਾ ਕੁਝ ਸਦੀਆਂ ਤੋਂ ਬਿਨਾਂ ਕਿਸੇ ਚੁਣੌਤੀ ਦੇ ਚਲਦਾ ਆ ਰਿਹਾ ਹੈ। ਅਜੇ ਵੀ ਭਾਰਤ ਦੇ ਕੁਝ ਹਿੱਸੇ ਅਜਿਹੇ ਹਨ ਜਿਥੇ ਦਲਿਤ ਉਨ੍ਹਾਂ ਸੜਕਾਂ ਜਾਂ ਖੂਹਾਂ ਦੀ ਵਰਤੋਂ ਨਹੀਂ ਕਰ ਸਕਦੇ, ਜਿਥੇ ਉੱਚੀਆਂ ਜਾਤੀਆਂ ਵਾਲਿਆਂ ਦਾ ਆਉਣ-ਜਾਣ ਰਹਿੰਦਾ ਹੈ। ਇਸ ਤੋਂ ਵੀ ਮਾੜੀ ਗੱਲ ਇਹ ਹੈ ਕਿ ਉੱਚੀਆਂ ਜਾਤੀਆਂ ਵਾਲਿਆਂ ਦੇ ਸ਼ਮਸ਼ਾਨਘਾਟ ਵੀ ਵੱਖਰੇ ਹਨ ਅਤੇ ਸਿਰਫ਼ ਉਨ੍ਹਾਂ ਲਈ ਹੀ ਰਾਖਵੇਂ ਹਨ। ਇਸਲਾਮ, ਜੋ ਬਰਾਬਰੀ ਦੀ ਸਿੱਖਿਆ ਦਿੰਦਾ ਹੈ, ਵੀ ਇਸ ਤੋਂ ਪ੍ਰਭਾਵਿਤ ਹੋਇਆ ਹੈ ਅਤੇ ਸਮਾਜਿਕ ਜੀਵਨ ’ਚ ਉੱਚੀ ਥਾਂ ਰੱਖਣ ਵਾਲੇ ਲੋਕਾਂ ਦੇ ਕਬਰਸਤਾਨ ਦੀ ਵਰਤੋਂ ਸਾਧਾਰਨ ਮੁਸਲਮਾਨ ਨਹੀਂ ਕਰ ਸਕਦੇ। ਅਸਲ ਵਿਚ ਇਸਲਾਮ ’ਚ ਵੱਖਰੀ ਕਿਸਮ ਦਾ ਜਾਤੀਵਾਦ ਹੈ। ਮੁਸਲਿਮ ਭਾਈਚਾਰੇ ਵਿਚ ਸਈਅਦ ਲੋਕਾਂ ਨੂੰ ਹਿੰਦੂਆਂ ਵਿਚਲੇ ਬ੍ਰਾਹਮਣਾਂ ਵਾਂਗ ਮੰਨਿਆ ਜਾਂਦਾ ਹੈ ਅਤੇ ਜਦੋਂ ਵਿਆਹ ਜਾਂ ਮੌਤ ਦਾ ਮਾਮਲਾ ਆਉਂਦਾ ਹੈ ਤਾਂ ਉਹ ਹਿੰਦੂਆਂ ਵਰਗਾ ਹੀ ਵਿਹਾਰ ਕਰਦੇ ਹਨ। ਉਹ ਆਪਣੇ ਲੋਕਾਂ ਦੀਆਂ ਮ੍ਰਿਤਕ ਦੇਹਾਂ ਵੀ ਸਾਂਝੇ ਕਬਰਸਤਾਨ ਵਿਚ ਨਹੀਂ ਲਿਜਾਂਦੇ। ਅਸਲ ਵਿਚ ਸਾਧਾਰਨ ਮੁਸਲਮਾਨਾਂ ਨੂੰ ਦੋਵਾਂ ਪਾਸਿਆਂ ਤੋਂ ਭੁਗਤਣਾ ਪੈਂਦਾ ਹੈ। ਇਕ ਤਾਂ ਉਹ ਗ਼ਰੀਬ ਹਨ ਅਤੇ ਦੂਜਾ ਉਨ੍ਹਾਂ ਨੂੰ ਉੱਚੇ ਰੁਤਬੇ ਵਾਲੇ ਮੁਸਲਮਾਨਾਂ ਦੇ ਬਰਾਬਰ ਨਹੀਂ ਸਮਝਿਆ ਜਾਂਦਾ। ਇਥੇ ਆਰਥਿਕ ਕਾਰਨ ਆਪਣੀ ਭੂਮਿਕਾ ਨਿਭਾਉਣ ਲਗਦੇ ਹਨ। ਫਿਰ ਪਸੰਦ ਅਤੇ ਪੱਖਪਾਤ ਵੀ ਇਸ ਵਿਚ ਸ਼ਾਮਿਲ ਹੋ ਕੇ ਸਾਧਾਰਨ ਮੁਸਲਮਾਨਾਂ ਦੀ ਹਾਲਤ ਵਧੇਰੇ ਤਰਸਯੋਗ ਬਣਾ ਦਿੰਦੇ ਹਨ। ਸਹੀ ਹੈ ਕਿ ਭਾਰਤੀ ਸੰਵਿਧਾਨ ਧਰਮ ਜਾਂ ਜਾਤ ਦੇ ਨਾਂਅ ’ਤੇ ਭੇਦ-ਭਾਵ ਦੀ ਆਗਿਆ ਨਹੀਂ ਦਿੰਦਾ ਪਰ ਅਜਿਹਾ ਹਰ ਥਾਂ ਹੁੰਦਾ ਹੈ ਅਤੇ ਇਥੋਂ ਤੱਕ ਕਿ ਪੁਲਿਸ ਬਲ ਵੀ ਦੂਸ਼ਿਤ ਹੋ ਗਏ ਹਨ, ਉਹ ਬਿਨਾਂ ਕਿਸੇ ਇਤਰਾਜ਼ ਦੇ ਸੰਵਿਧਾਨ ਦੀ ਉਲੰਘਣਾ ਵਿਚ ਉੱਚੀਆਂ ਜਾਤੀਆਂ ਦਾ ਸਾਥ ਦਿੰਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਆਉਣ ਦੇ ਬਾਅਦ ਤੋਂ ਇਹ ਸਾਰਾ ਕੁਝ ਵਧੇਰੇ ਉੱਭਰਵਾਂ ਅਤੇ ਨਿਰੰਤਰ ਨਜ਼ਰ ਆਉਣ ਵਾਲਾ ਬਣ ਗਿਆ ਹੈ। ਯੂਨੀਵਰਸਿਟੀਆਂ ਅਤੇ ਹੋਰ ਸੰਸਥਾਵਾਂ ਵਿਚ ਅਹਿਮ ਅਹੁਦਿਆਂ ’ਤੇ ਉੱਚੀ ਜਾਤੀ ਦੇ ਲੋਕਾਂ ਨੂੰ ਨਿਯੁਕਤ ਕੀਤੇ ਜਾਣ ਕਾਰਨ ਕਈ ਪ੍ਰਤਿਭਾਸ਼ਾਲੀ ਦਿਮਾਗ਼ ਰੁਲ਼ ਰਹੇ ਹਨ। ਆਰ.ਐਸ.ਐਸ. ਇਹ ਯਕੀਨੀ ਬਣਾਉਂਦਾ ਹੈ ਕਿ ’ਸਹੀ’ ਪਿਛੋਕੜ ਵਾਲੇ ਲੋਕਾਂ ਦੀ ਹੀ ਨਿਯੁਕਤੀ ਹੋਵੇ ਤਾਂ ਕਿ ਹਿੰਦੂਤਵ ਦੇ ਫ਼ਲਸਫ਼ੇ ਤੋਂ ਮਾਰਗਦਰਸ਼ਨ ਲਿਆ ਜਾਵੇ। ਵਧੇਰੇ ਸਮਾਂ ਨਹੀਂ ਹੋਇਆ ਕਿ ਪੂਣੇ ਦੀ ਫ਼ਿਲਮ ਸੰਸਥਾ ਵਿਚ ਮਹੀਨਿਆਂ ਤੱਕ ਹੜਤਾਲ ਰਹੀ, ਜਦੋਂ ਉਸ ਦੇ ਮੁਖੀ ਨੂੰ ਬਦਲ ਕੇ ਉਸ ਦੀ ਥਾਂ ’ਤੇ ਅਜਿਹੇ ਟੈਲੀਵਿਜ਼ਨ ਕਲਾਕਾਰ ਨੂੰ ਲਾ ਦਿੱਤਾ ਗਿਆ, ਜਿਸ ਨੂੰ ਆਰ.ਐਸ.ਐਸ. ਦਾ ਅਸ਼ੀਰਵਾਦ ਹਾਸਲ ਸੀ। ਇਸ ਦਾ ਹਰ ਪਾਸਿਉਂ ਵਿਰੋਧ ਹੋਣ ਦੇ ਬਾਵਜੂਦ ਸਰਕਾਰ ਨੇ ਆਪਣਾ ਫ਼ੈਸਲਾ ਨਹੀਂ ਬਦਲਿਆ।

ਅੰਤ ਵਿਚ ਵਿਦਿਆਰਥੀਆਂ ਨੂੰ ਹੀ ਹਾਰ ਮੰਨਣੀ ਪਈ ਕਿਉਂਕਿ ਉਨ੍ਹਾਂ ਦਾ ਭਵਿੱਖ ਬਰਬਾਦ ਹੋ ਰਿਹਾ ਸੀ। ਆਪਣੇ ਅੰਦਰ ਝਾਕਣ ਦਾ ਸਮਾਂ ਆ ਗਿਆ ਹੈ। ਉੱਚੀ ਜਾਤੀ ਵਾਲਿਆਂ ਨੇ ਦਲਿਤਾਂ ਜਾਂ ਇਥੋਂ ਤੱਕ ਕਿ ਹੋਰ ਪਛੜੇ ਵਰਗਾਂ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ। ਗੁਜਰਾਤ, ਉੱਤਰ ਪ੍ਰਦੇਸ਼ ਜਾਂ ਦੇਸ਼ ਦੇ ਹੋਰ ਹਿੱਸਿਆਂ ਵਿਚ ਹੋਏ ਢੇਰ ਸਾਰੇ ਅੰਦੋਲਨਾਂ ਨੇ ਵੀ ਉੱਚੀਆਂ ਜਾਤੀਆਂ ਦੀ ਅੰਤਰ ਆਤਮਾ ਨੂੰ ਝੰਜੋੜਿਆ ਨਹੀਂ ਹੈ। ਇਹ ਇਸ ਗੱਲ ਦਾ ਨਤੀਜਾ ਹੈ ਕਿ 1950 ਵਿਚ ਸੰਵਿਧਾਨ ਸਭਾ ਵੱਲੋਂ 10 ਸਾਲ ਦੀ ਸਮਾਂ ਹੱਦ ਤੈਅ ਕੀਤੇ ਜਾਣ ਦੇ ਬਾਵਜੂਦ ਰਾਖਵੇਂਕਰਨ ਨੂੰ ਸਰਕਾਰ ਵੱਲੋਂ ਅਜੇ ਤੱਕ ਜਾਰੀ ਰੱਖਿਆ ਗਿਆ ਹੈ। ਮੈਨੂੰ ਯਾਦ ਹੈ ਕਿ ਸੰਵਿਧਾਨ ਸਭਾ ਦੀ ਚਰਚਾ ਦੌਰਾਨ ਦਲਿਤਾਂ ਦੇ ਮਾਣਯੋਗ ਆਗੂ ਡਾ: ਬੀ.ਆਰ. ਅੰਬੇਡਕਰ ਨੇ ਕਿਹਾ ਸੀ ਕਿ ਉਹ ਰਾਖਵਾਂਕਰਨ ਨਹੀਂ ਚਾਹੁੰਦੇ। ਉਨ੍ਹਾਂ ਨੂੰ ਇਸ ਭਰੋਸੇ ’ਤੇ ਰਾਜ਼ੀ ਕੀਤਾ ਗਿਆ ਸੀ ਕਿ ਇਸ ਦਾ ਸਮਾਂ 10 ਸਾਲ ਤੋਂ ਵਧੇਰੇ ਨਹੀਂ ਹੋਵੇਗਾ। ਪਰ ਹੁਣ ਸਥਿਤੀ ਇਹ ਹੈ ਕਿ ਜਦੋਂ ਇਹ ਸਮਾਂ ਹੱਦ ਪੂਰੀ ਹੁੰਦੀ ਹੈ, ਤਾਂ ਸੰਸਦ ਇਸ ਨੂੰ ਸਰਬਸੰਮਤੀ ਨਾਲ ਦਸ ਹੋਰ ਸਾਲਾਂ ਲਈ ਅੱਗੇ ਵਧਾ ਦਿੰਦੀ ਹੈ। ਖੱਬੇ-ਪੱਖੀਆਂ ਸਮੇਤ ਕੋਈ ਵੀ ਸਿਆਸੀ ਪਾਰਟੀ ਇਸ ਨੂੰ ਰੋਕਣ ਅਤੇ ਇਹ ਕਹਿਣ ਲਈ ਉੱਠ ਕੇ ਖੜ੍ਹੀ ਨਹੀਂ ਹੁੰਦੀ ਕਿ ਹੁਣ ਬਹੁਤ ਹੋ ਗਿਆ ਹੈ।

ਹੁਣ ਜਦੋਂ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਵਿਚ ਥੋੜ੍ਹੇ ਸਮੇਂ ਵਿਚ ਵਿਧਾਨ ਸਭਾ ਚੋਣਾਂ ਹੋਣ ਵਾਲੀਆਂ ਹਨ ਤਾਂ ਦਲਿਤ ਆਗੂ ਕੁਮਾਰੀ ਮਾਇਆਵਤੀ ਨੂੰ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਰਿਝਾਇਆ ਜਾ ਰਿਹਾ ਹੈ। ਪਰ ਉਨ੍ਹਾਂ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਇਕੱਲੀ ਹੀ ਚੋਣਾਂ ਲੜੇਗੀ ਅਤੇ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਚੋਣਾਂ ਵਿਚ ਬਹੁਮਤ ਹਾਸਲ ਕਰੇਗੀ। ਉਨ੍ਹਾਂ ਨੂੰ ਇਹ ਸਹੂਲਤ ਹਾਸਲ ਹੈ ਕਿ ਦਲਿਤ ਵੋਟਰ ਉਨ੍ਹਾਂ ਦੇ ਆਦੇਸ਼ ਦੀ ਪਾਲਣਾ ਕਰਦੇ ਹਨ। ਉਹ ਇਕੱਲੀ ਆਗੂ ਹਨ ਜੋ ਦਲਿਤ ਵੋਟਾਂ ਕਿਸੇ ਹੋਰ ਪਾਰਟੀ ਨੂੰ ਤਬਦੀਲ ਕਰਵਾ ਸਕਦੀ ਹੈ। ਭਾਵੇਂ ਕਾਂਗਰਸ ਰਵਾਇਤੀ ਤੌਰ ’ਤੇ ਸਮਾਜਿਕ ਨਿਆਂ ਲਈ ਲੜਦੀ ਰਹੀ ਹੈ ਪਰ ਮਹਾਤਮਾ ਗਾਂਧੀ ਇਕੱਲੇ ਅਜਿਹੇ ਆਗੂ ਸਨ, ਜੋ ਦਲਿਤਾਂ ਨੂੰ ਬਰਾਬਰ ਦਾ ਦਰਜਾ ਦੇਣ ਵਿਚ ਵਿਸ਼ਵਾਸ ਰੱਖਦੇ ਸਨ। ਇਹ ਵੀ ਸਹੀ ਹੈ ਕਿ ਮਹਾਤਮਾ ਗਾਂਧੀ ਵੱਲੋਂ ਦਿੱਤਾ ਗਿਆ ਸ਼ਬਦ ‘ਹਰੀਜਨ’ ਦਲਿਤਾਂ ਨੇ ਪਸੰਦ ਨਹੀਂ ਕੀਤਾ, ਕਿਉਂਕਿ ਉਨ੍ਹਾਂ ਨੂੰ ਜਾਪਿਆ ਕਿ ਇਸ ਵਿਚ ਮਿਹਰਬਾਨੀ ਦਾ ਭਾਵ ਹੈ।

ਸੰਵਿਧਾਨ ਸਭਾ ਦੇ ਪ੍ਰਧਾਨ ਦੀ ਆਪਣੀ ਜ਼ਿੰਮੇਵਾਰੀ ਪੂਰੀ ਕਰਨ ਤੋਂ ਬਾਅਦ ਡਾ: ਰਾਜਿੰਦਰ ਪ੍ਰਸਾਦ ਨੂੰ ਸਿਹਤ ਮੰਤਰੀ ਨਿਯੁਕਤ ਕੀਤਾ ਗਿਆ ਸੀ। ਉਹ ਆਪਣੀ ਰਿਹਾਇਸ਼ ਬਾਰੇ ਸਲਾਹ ਲੈਣ ਲਈ ਗਾਂਧੀ ਜੀ ਕੋਲ ਗਏ। ਮਹਾਤਮਾ ਗਾਂਧੀ ਉਦੋਂ ਦਲਿਤਾਂ ਦੀ ਕਾਲੋਨੀ ਵਿਚ ਰਹਿੰਦੇ ਸਨ। ਉਨ੍ਹਾਂ ਨੇ ਰਾਜਿੰਦਰ ਪ੍ਰਸਾਦ ਨੂੰ ਆਪਣੇ ਨਾਲ ਵਾਲੀ ਰਿਹਾਇਸ਼ ਵਿਚ ਰਹਿਣ ਲਈ ਕਿਹਾ। ਰਾਜਿੰਦਰ ਪ੍ਰਸਾਦ ਇਸ ਵਿਚਾਰ ਤੋਂ ਏਨਾ ਡਰ ਗਏ ਕਿ ਉਹ ਤਤਕਾਲੀ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਕੋਲ ਗਏ ਅਤੇ ਗਾਂਧੀ ਜੀ ਦੀ ਸਲਾਹ ਬਾਰੇ ਸ਼ਿਕਾਇਤ ਕੀਤੀ। ਭਾਰਤ ਵਿਚ ਜੋ ਤਜਰਬਾ ਰਿਹਾ ਹੈ, ਉਸ ਦੇ ਮੱਦੇਨਜ਼ਰ ਕਿਹਾ ਜਾ ਸਕਦਾ ਹੈ ਕਿ ਕਿਸੇ ਵੀ ਕਾਨੂੰਨ ਨਾਲ ਫਾਇਦਾ ਨਹੀਂ ਹੋਵੇਗਾ। ਲੋੜ ਇਸ ਗੱਲ ਦੀ ਹੈ ਕਿ ਉੱਚੀ ਜਾਤੀ ਵਾਲੇ ਆਪਣੀ ਮਾਨਸਿਕਤਾ ਬਦਲਣ। ਉਹ ਲੋਕਤੰਤਰ ਵਿਚ ਵਿਸ਼ਵਾਸ ਕਰਦੇ ਹਨ ਪਰ ਬਰਾਬਰੀ ਵਿਚ ਨਹੀਂ, ਜੋ ਲੋਕਤੰਤਰੀ ਵਿਵਸਥਾ ਦਾ ਅਨਿੱਖੜਵਾਂ ਹਿੱਸਾ ਹੈ। ਦੁਨੀਆ ਵਿਚ ਲੋਕਾਂ ਨੂੰ ਥੋੜ੍ਹੇ ਕੀਤਿਆਂ ਇਹ ਯਕੀਨ ਹੀ ਨਹੀਂ ਹੁੰਦਾ ਕਿ ਮੰਗਲ ਗ੍ਰਹਿ ’ਤੇ ਰਾਕੇਟ ਭੇਜਣ ਵਾਲੇ ਦੇਸ਼, ਜਿਸ ਤੋਂ ਵਿਕਸਤ ਦੇਸ਼ਾਂ ਨੂੰ ਵੀ ਈਰਖਾ ਹੁੰਦੀ ਹੈ, ਵਿਚ ਲੋਕਾਂ ਨਾਲ ਭੇਦਭਾਵ ਕੀਤਾ ਜਾਂਦਾ ਹੈ। ਵਿਦੇਸ਼ੀ ਲੋਕਾਂ ਦੀ ਹੈਰਾਨੀ ਵੇਖਣ ਲਾਇਕ ਹੁੰਦੀ ਹੈ ਕਿ ਜਿਸ ਜਮਹੂਰੀ ਦੇਸ਼ ਵਿਚ ਲੋਕ ਆਪਣਾ ਆਗੂ ਚੁਣਨ ਲਈ ਵੋਟਿੰਗ ਮਸ਼ੀਨਾਂ ਦੇ ਸਾਹਮਣੇ ਕਤਾਰ ਵਿਚ ਖੜ੍ਹੇ ਰਹਿੰਦੇ ਹਨ, ਉਹ ਆਪਣੇ ਉਨ੍ਹਾਂ ਤੁਅੱਸਬਾਂ ਨੂੰ ਖ਼ਤਮ ਨਹੀਂ ਕਰ ਸਕਿਆ, ਜੋ ਇਸ ਨੂੰ ਅੰਗਰੇਜ਼ਾਂ ਦੇ ਜ਼ਮਾਨੇ ਤੋਂ ਵਿਰਾਸਤ ਵਿਚ ਮਿਲੇ ਹਨ, ਜਦੋਂ ਲੋਕਾਂ ’ਤੇ ਆਸਾਨੀ ਨਾਲ ਰਾਜ ਕਰਨ ਲਈ ਸਮਾਜ ਨੂੰ ਜਾਤ ਅਤੇ ਧਰਮ ਦੇ ਨਾਂਅ ’ਤੇ ਵੰਡਿਆ ਗਿਆ ਸੀ। ਇਸ ਰੋਗ ਨੂੰ ਦੂਰ ਕਰਨ ਲਈ ਸੰਸਦ ਕੁਝ ਵੀ ਕਰੇ, ਇਸ ਦਾ ਲਾਭ ਉਦੋਂ ਤੱਕ ਨਹੀਂ ਹੋਵੇਗਾ, ਜਦੋਂ ਤੱਕ ਉੱਚੀਆਂ ਜਾਤੀਆਂ ਵਾਲੇ ਇਹ ਮਹਿਸੂਸ ਨਹੀਂ ਕਰਦੇ ਕਿ ਜੋ ਉਹ ਕਰ ਰਹੇ ਹਨ, ਉਹ ਉਸ ਜਮਹੂਰੀ ਸ਼ਾਸਨ ਪ੍ਰਣਾਲੀ ਦੇ ਖਿਲਾਫ਼ ਹੈ, ਜਿਸ ਨੂੰ ਉਹ ਪਿਆਰ ਕਰਦੇ ਹਨ। ਜਿੰਨੀ ਛੇਤੀ ਇਹ ਅਹਿਸਾਸ ਪੈਦਾ ਹੋਵੇਗਾ, ਦੇਸ਼ ਅਤੇ ਇਥੋਂ ਦੀ ਸ਼ਾਸਨ ਪ੍ਰਣਾਲੀ ਲਈ ਓਨਾ ਹੀ ਚੰਗਾ ਹੋਵੇਗਾ।

# ਗਊ ਰੱਖਿਆ, ਸਿਆਸਤ ਅਤੇ ਫ਼ਿਰਕਾਪ੍ਰਸਤੀ

ਕੁਲਵੰਤ ਸਿੰਘ ਟਿੱਬਾ
91-92179-71379

ਅੱਜ ਅਸੀਂ ਦੇਸ ਦੀ ਆਜ਼ਾਦੀ ਦੀ 70ਵੀਂ ਵਰ੍ਹੇਗੰਢ ਮਨਾ ਰਹੇ ਹਾਂ ਪਰ ਸਾਡੀਆਂ ਸਰਕਾਰਾਂ ਅਜੇ ਤੱਕ ਭਾਰਤੀ ਸੰਵਿਧਾਨ ਨੂੰ ਸਹੀ ਢੰਗ ਨਾਲ ਲਾਗੂ ਨਹੀਂ ਕਰ ਸਕੀਆਂ। ਸੰਵਿਧਾਨ ਦੇ ਸਹੀ ਅਰਥਾਂ ਵਿੱਚ ਲਾਗੂ ਨਾ ਹੋਣ ਦੇ ਦੋ ਹੀ ਕਾਰਣ ਪ੍ਰਮੁੱਖ ਹਨ, ਪਹਿਲਾ ਇੱਛਾ ਸਕਤੀ ਦੀ ਘਾਟ ਅਤੇ ਦੂਜਾ ਕਿਰਤ ਵਿਰੋਧੀ ਵਿਵਸਥਾ ਨੂੰ ਟਿਕਾਊ ਬਣਾਈ ਰੱਖਣ ਦੀ ਮਨਸਾ ਹੈ। ਇਹੀ ਕਾਰਣ ਹੈ ਕਿ ਸੰਵਿਧਾਨ ਦੀ ਭਾਵਨਾ ਦੇ ਉਲਟ ਕਾਰਜ ਜੁਰਮ ਦੇ ਰੂਪ ਵਿੱਚ ਉਭਰਦਾ ਹੈ। ਅੱਜ-ਕੱਲ੍ਹ ਦੇਸ ਅੰਦਰ ਦਲਿਤ, ਮੁਸਲਿਮ ਅਤੇ ਪਛੜੇ ਵਰਗ ਦੇ ਲੋਕਾਂ ਤੇ ਅੰਨ੍ਹੇਵਾਹ ਤਸ਼ੱਦਦ ਹੋ ਰਿਹਾ ਹੈ, ਹੈਰਾਨੀਜਨਕ ਪਹਿਲੂ ਤਾਂ ਇਹ ਹੈ ਕਿ ਸਹਿਜੇ ਹੀ ਇਹ ਤਸ਼ੱਦਦ ਦੀ ਵਜ੍ਹਾ ਨਿਰਅਧਾਰ ਅਤੇ ਖੋਖਲੀ ਜਾਪਦੀ ਹੈ। ਗਊ ਰੱਖਿਆ ਕੋਈ ਮਾੜੀ ਗੱਲ ਨਹੀਂ ਹੈ, ਗਊ ਰੱਖਿਆ ਹੋਣੀ ਚਾਹੀਦੀ ਹੈ ਅਤੇ ਜੋ ਵੀ ਵਿਅਕਤੀ ਗਊ ਨੂੰ ਪੂਜਨੀਕ ਜਾਂ ਆਸਥਾ ਦਾ ਪ੍ਰਤੀਕ ਮੰਨਦਾ ਹੈ, ਮੰਨ ਲਵੇ ਪਰ ਗਊ ਰੱਖਿਆ ਦੀ ਆੜ ਹੇਠ ਦਲਿਤਾਂ ਅਤੇ ਮੁਸਲਿਮਾਂ ਤੇ ਕੀਤੇ ਜਾ ਰਹੇ ਹਮਲਿਆਂ ਨੂੰ ਕਿਸੇ ਵੀ ਤਰਾਂ ਜਾਇਜ਼ ਨਹੀਂ ਕਿਹਾ ਜਾ ਸਕਦਾ। ਗਊ ਰੱਖਿਆ ਦੀ ਆੜ ਹੇਠ ਦਲਿਤ ਅਤੇ ਮੁਸਲਿਮ ਲੋਕਾਂ ਤੇ ਨਿਰੰਤਰ ਹੋ ਰਹੇ ਹਮਲੇ ਚਿੰਤਾ ਦਾ ਸਬੱਬ ਹੋਣ ਤੋਂ ਇਲਾਵਾ ਭਾਰਤ ਦੇ ਮੱਥੇ ਤੇ ਕਲੰਕ ਸਮਾਨ ਹਨ। ਕੈਸੀ ਵਿਡੰਬਨਾਂ ਹੈ ਕਿ ਇਸ ਦੇਸ ਵਿੱਚ ਇਨਸਾਨ ਨਾਲੋਂ ਪਸ਼ੂ ਦਾ ਮਹੱਤਵ ਵੱਧ ਰਿਹਾ ਹੈ, ਬੇਸ਼ੱਕ ਉਹ ਆਵਾਰਾ ਅਤੇ ਮ੍ਰਿਤਕ ਹੀ ਕਿਉਂ ਨਾ ਹੋਵੇ। ਗੁਜਰਾਤ ਦੇ ਜ਼ਿਲ੍ਹਾ ਗਿਰ ਸੋਮਨਾਥ ਦੀ ਤਹਿਸੀਲ ਊਨਾ ਅਧੀਨ ਪੈਂਦੇ ਪਿੰਡ ਸਮਢਿਆਲਾ ਦੇ ਦਲਿਤ ਵਰਗ ਦੇ ਚਾਰ ਨੌਜਵਾਨਾਂ ਨੂੰ ਮਰੀ ਹੋਈ ਗਾਂ ਦੀ ਚਮੜੀ ਉਤਾਰਦੇ ਸਮੇਂ ਦਰਦਨਾਕ ਤਰੀਕੇ ਨਾਲ ਕੁੱਟਿਆ ਗਿਆ। ਗਊ ਰੱਖਿਆ ਬ੍ਰਿਗੇਡ ਦੇ ਗੁੰਡਿਆਂ ਵੱਲੋਂ ਇਨ੍ਹਾਂ ਦਲਿਤ ਨੌਜਵਾਨਾਂ ਤੇ ਕੀਤਾ ਗਿਆ ਇਹ ਤਸ਼ੱਦਦ ਅਕਹਿ ਅਤੇ ਅਸਹਿ ਸੀ। ਇਸ ਘਟਨਾ ਦੀ ਜਿੰਨੀ ਨਿੰਦਾ ਕੀਤੀ ਜਾਵੇ, ਘੱਟ ਹੈ। ਬਸਪਾ ਮੁਖੀ ਬੀਬੀ ਮਾਇਆਵਤੀ ਵੱਲੋਂ ਰਾਜ ਸਭਾ ਵਿੱਚ ਇਸ ਮਾਮਲੇ ਨੂੰ ਗੰਭੀਰਤਾ ਨਾਲ ਚੁੱਕਣ ਪਿੱਛੋਂ ਅਤੇ ਦੇਸ ਭਰ ਵਿੱਚ ਇਸ ਮਾਮਲੇ ਦੇ ਉਭਾਰ ਤੋਂ ਬਾਅਦ ਜਾਂਚ ਦੌਰਾਨ ਇਹ ਗੱਲ ਦਾ ਪਤਾ ਲੱਗਿਆ ਕਿ ਉਸ ਗਾਂ ਨੂੰ ਸੇਰ ਨੇ ਮਾਰਿਆ ਸੀ। ਗੁਜਰਾਤ ਦੀ ਇਸ ਸ਼ਰਮਨਾਕ ਘਟਨਾ ਦੇ ਤਿੰਨ ਹਫ਼ਤੇ ਬਾਅਦ ਪ੍ਰਧਾਨ ਮੰਤਰੀ ਨੇ ਹੈਦਰਾਬਾਦ ਵਿਖੇ ਸਿਆਸੀ ਇਕੱਠ ਦੌਰਾਨ ਦਿੱਤਾ ਇਹ ਬਿਆਨ ਸ਼ਰਮਸਾਰ ਕਰਨ ਵਾਲਾ ਹੈ ਕਿ ਗਊ ਰੱਖਿਅਕ ਦਲਿਤਾਂ ਨੂੰ ਕੁੱਝ ਨਾ ਕਹਿਣ ਪਰ ਮੇਰੇ ਗੋਲੀ ਮਾਰ ਲੈਣ। ਪ੍ਰਧਾਨ ਮੰਤਰੀ ਦੇ ਇਸ ਬਿਆਨ ਵਿੱਚ ਸੰਜੀਦਗੀ ਦੀ ਥਾਂ ਸਿਆਸਤ ਜ਼ਿਆਦਾ ਝਲਕਦੀ ਹੈ। ਪ੍ਰਧਾਨ ਮੰਤਰੀ ਦਾ ਇਹ ਕਹਿਣਾ ਕਿ ਨਕਲੀ ਗਊ ਰੱਖਿਅਕਾਂ ਤੋਂ ਸੁਚੇਤ ਹੋਣ ਦੀ ਲੋੜ ਹੈ। ਹੁਣ ਅਸਲੀ ਅਤੇ ਨਕਲੀ ਗਊ ਰੱਖਿਅਕਾਂ ਦੀ ਕੀ ਪ੍ਰੀਭਾਸਾ ਅਤੇ ਮਾਪਦੰਡ ਤਹਿ ਹਨ? ਇਸ ਗੰਭੀਰ ਮੁੱਦੇ ਦੇ ਸੰਜੀਦਾ ਹੱਲ ਦੀ ਥਾਂ ਅਜਿਹੀ ਬਿਆਨਬਾਜ਼ੀ ਕਰਕੇ ਉਸਨੂੰ ਟਾਲਿਆ ਜਾ ਰਿਹਾ ਹੈ। ਇਹ ਚਰਚਾ ਆਮ ਹੈ ਕਿ ਦੇਸ ਦੀ ਸੱਤਾਧਾਰੀ ਭਾਜਪਾ ਅਜਿਹੇ ਗਊ ਰੱਖਿਅਕਾਂ ਨੂੰ ਸਹਿ ਦਿੰਦੀ ਹੈ ਕਿਉਂਕਿ ਗਊ ਦੀ ਵਰਤੋਂ ਸਿਆਸੀ ਹਿਤਾਂ ਲਈ ਕੀਤੀ ਜਾਂਦੀ ਹੈ। ਮੱਧ ਪ੍ਰਦੇਸ ਦੇ ਸਾਬਕਾ ਮੁੱਖ ਮੰਤਰੀ ਦਿਗਵਿਜੈ ਸਿੰਘ ਨੇ ਖੁਲਾਸਾ ਕੀਤਾ ਕਿ ਭਾਰਤ ਵਿੱਚ ਬੀਫ ਦਾ ਕਾਰੋਬਾਰ ਕਰਨ ਵਾਲੀਆਂ ਚਾਰ ਵੱਡੀਆਂ ਸਨਅਤਾਂ ਭਾਵ ਸਰਕਾਰੀ ਮਾਨਤਾ ਪ੍ਰਾਪਤ ਬੁੱਚੜਖ਼ਾਨਿਆਂ ਦੇ ਮਾਲਕ ਹਿੰਦੂ ਹਨ ਅਤੇ ਉਹ ਭਾਜਪਾ ਦੇ ਹਮਾਇਤੀ ਹਨ। ਇਸ ਚਰਚਾ ਦਾ ਇੱਕ ਕਾਰਣ ਇਹ ਵੀ ਹੈ ਕਿ ਦੇਸ ਅੰਦਰ ਭਾਜਪਾ ਦੀ ਸਰਕਾਰ ਦੇ ਗਠਨ ਤੋਂ ਬਾਅਦ ਦਲਿਤ, ਮੁਸਲਿਮ ਲਗਾਤਾਰ ਨਿਸ਼ਾਨੇ ਤੇ ਚੱਲ ਰਹੇ ਹਨ। ਇਨ੍ਹਾਂ ਦੋਵੇਂ ਵਰਗਾਂ ਤੇ ਤਸ਼ੱਦਦ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਹੈ, ਜੋ ਹੁਣ ਸਹਿਣਯੋਗ ਨਹੀਂ ਰਿਹਾ। ਕੁਦਰਤ ਦਾ ਇਹ ਨਿਯਮ ਹੈ ਕਿ ਤੁਸੀ ਕਿਸੇ ਚੀਜ਼ ਨੂੰ ਜਿੰਨੀ ਸਕਤੀ ਨਾਲ ਦਬਾਉਣ ਦੀ ਕੋਸ਼ਿਸ਼ ਕਰੋਗੇ, ਉਹ ਉਸ ਤੋਂ ਦੁਗਣੀ ਤੇਜ਼ੀ ਨਾਲ ਉਭਰ ਆਵੇਗੀ। ਮੈਂ ਗੁਜਰਾਤ ਦੇ ਦਲਿਤ ਵਿਦਰੋਹ ਨੂੰ ਇਸੇ ਸੰਦਰਭ ਵਿੱਚ ਦੇਖਦਾ ਹਾਂ। ਉਂਜ ਭਾਵੇਂ ਹਿੰਸਾ ਨੂੰ ਕਿਸੇ ਵੀ ਤਰਾਂ ਜਾਇਜ਼ ਨਹੀਂ ਕਿਹਾ ਜਾ ਸਕਦਾ ਪਰ ਊਨਾ ਕਾਂਡ ਤੋਂ ਬਾਅਦ ਗੁਜਰਾਤ ਦੇ ਦਲਿਤ ਵਰਗ ਨੇ ਜਿਸ ਤਰਾਂ ਦਾ ਮੋੜਵਾਂ ਵਾਰ ਕਰਕੇ ਹਿੰਦੂਤਵ ਅਤੇ ਫ਼ਿਰਕਾਪ੍ਰਸਤੀ ਨੂੰ ਸਿੱਧੇ ਤੌਰ ਤੇ ਵੰਗਾਰਿਆ ਹੈ, ਉਨ੍ਹਾਂ ਦੀ ਹਿੰਮਤ ਨੂੰ ਸਲਾਮ ਕਰਨਾ ਬਣਦਾ ਹੈ। ਗੁਜਰਾਤ ਦੇ ਦਲਿਤਾਂ ਵੱਲੋਂ ਮਰੇ ਹੋਏ ਪਸ਼ੂ ਤਿੰਨ ਟਰੱਕਾਂ ਵਿੱਚ ਲੱਦ ਕੇ ਜਿਲ੍ਹਾ ਮੈਜਿਸਟ੍ਰੇਟ ਦੇ ਦਫ਼ਤਰਾਂ ਵਿੱਚ ਸੁੱਟ ਦੇਣ ਤੋਂ ਬਾਅਦ, ਮਰੇ ਹੋਏ ਪਸ਼ੂ ਨਾ ਚੁੱਕਣ ਦਾ ਕੀਤਾ ਐਲਾਨ ਇੱਕ ਕ੍ਰਾਂਤੀਕਾਰੀ ਫ਼ੈਸਲਾ ਹੈ। ਅਸਲ ਵਿੱਚ ਗੁਜਰਾਤ ਦੇ ਦਲਿਤਾਂ ਨੇ ਦੇਸ ਦੇ ਬਾਕੀ ਸੂਬਿਆਂ ਅੰਦਰ ਤਸ਼ੱਦਦ ਹੰਢਾ ਰਹੇ ਦਲਿਤ, ਮੁਸਲਿਮ ਅਤੇ ਪਛੜੇ ਵਰਗ ਦੇ ਲੋਕਾਂ ਨੂੰ ਇੱਕ ਸੰਦੇਸ਼ ਦਿੱਤਾ ਹੈ ਕਿ ਬੱਸ ਬਹੁਤ ਹੋ ਗਿਆ, ਹੁਣ ਹੋਰ ਨਹੀਂ।

ਇਸ ਤਰਾਂ ਦੇ ਅਨੇਕ ਮਾਮਲੇ ਸਾਹਮਣੇ ਆ ਚੁੱਕੇ ਹਨ। ਪੰਜਾਬ ਦੇ ਜ਼ਿਲ੍ਹਾ ਜਲੰਧਰ ਅਧੀਨ ਪੈਂਦੇ ਪਿੰਡ ਰਾਏਪੁਰ ਰਸੂਲਪੁਰ ਦਾ ਦਲਿਤ ਪਰਮਜੀਤ ਸਿੰਘ ਸੜਕ ਹਾਦਸੇ ਨਾਲ ਮਰੀ ਗਾਂ ਦੀ ਚਮੜੀ ਲਾਹ ਰਿਹਾ ਸੀ, ਤਾਂ ਮੌਕੇ ਤੇ ਬਜਰੰਗ ਦਲ ਦੇ ਆਗੂਆਂ ਨੇ ਪਹੁੰਚ ਕੇ ਉਸਦੀ ਕੁੱਟ ਮਾਰ ਕੀਤੀ ਅਤੇ ਉਸ ਦਲਿਤ ਤੇ ਪਰਚਾ ਵੀ ਦਰਜ ਕਰਵਾ ਦਿੱਤਾ। ਇਸੇ ਤਰਾਂ ਹੀ ਉਤਰ ਪ੍ਰਦੇਸ ਦੇ ਦਾਦਰੀ ਦੀ ਘਟਨਾ ਵੀ ਚਰਚਾ ਵਿੱਚ ਰਹੀ, ਜਿੱਥੇ ਇੱਕ ਇਖ਼ਲਾਕ ਨਾਂ ਦੇ ਮੁਸਲਿਮ ਵਿਅਕਤੀ ਨੂੰ ਇਹ ਕਹਿ ਕੇ ਭੀੜ ਨੇ ਕੁੱਟ ਕੁੱਟ ਕੇ ਮਾਰ ਦਿੱਤਾ ਕਿ ਉਸਦੇ ਘਰ ਗਾਂ ਦਾ ਮੀਟ ਪੱਕ ਰਿਹਾ ਹੈ। ਤੱਥ ਇਸ ਗੱਲ ਦੇ ਹਾਮੀ ਹਨ ਕਿ ਗਊ ਰੱਖਿਆ ਦਾ ਮੁੱਦਾ ਭਾਜਪਾ ਸਿਆਸੀ ਹਿਤਾਂ ਲਈ ਵਰਤਦੀ ਹੈ ਜਦਕਿ ਅਸਲ ਵਿੱਚ ਭਾਜਪਾ ਜਾਂ ਇਸ ਦੇ ਹਮਾਇਤੀ ਆਗੂਆਂ, ਵਰਕਰਾਂ ਦਾ ਗਊ ਰੱਖਿਆ ਨਾਲ ਦੂਰ ਦਾ ਵੀ ਵਾਹ- ਵਾਸਤਾ ਨਹੀਂ ਹੈ। ਗਊ ਰੱਖਿਆ ਦਾ ਦਮ ਭਰਨ ਵਾਲੀ ਭਾਜਪਾ ਦੇ ਸਾਸਨ ਵਾਲੇ ਸੂਬੇ ਰਾਜਸਥਾਨ ਦੇ ਜੈਪੁਰ ਦੀ ਸਰਕਾਰੀ ਮੋਨੀਆ ਗਊਸ਼ਾਲਾ ਵਿੱਚ ਕੰਮ ਕਰਦੇ ਕਾਮਿਆਂ ਨੂੰ ਪਿਛਲੇ ਤਿੰਨ ਮਹੀਨਿਆਂ ਤੋਂ ਤਨਖ਼ਾਹ ਨਹੀਂ ਦਿੱਤੀ, ਜਿਸ ਦੇ ਸਿੱਟੇ ਵਜੋਂ ਕਾਮੇ ਹੜਤਾਲ ਤੇ ਚਲੇ ਗਏ। ਇਨ੍ਹਾਂ ਗਊ ਭਗਤਾਂ ਦੀ ਸੰਜੀਦਗੀ ਦੇਖੋ ਕਿ ਗਊਸ਼ਾਲਾ ਦਾ ਮੈਨੇਜਰ ਵੀ ਕਾਮਿਆਂ ਦੇ ਹੜਤਾਲ ਤੇ ਜਾਣ ਤੋਂ ਬਾਅਦ ਛੁੱਟੀ ਤੇ ਚਲਾ ਗਿਆ। ਪ੍ਰਬੰਧਕ ਗਊ ਭਗਤਾਂ ਨੇ ਕਾਮਿਆਂ ਨੂੰ ਤਨਖ਼ਾਹ ਜਾਰੀ ਕਰਕੇ ਹੜਤਾਲ ਨੂੰ ਖ਼ਤਮ ਕਰਾਉਣ ਲਈ ਕੋਈ ਚਾਰਾਜੋਈ ਨਹੀਂ ਕੀਤੀ ਅਤੇ ਗਊ ਮਾਤਾਵਾਂ ਦੀ ਸਾਂਭ ਸੰਭਾਲ ਲਈ ਕੋਈ ਬਦਲਵੇਂ ਪ੍ਰਬੰਧ ਕਰਨ ਦੀ ਥਾਂ ਇਨ੍ਹਾਂ ਹਜ਼ਾਰਾਂ ਹੀ ਗਾਵਾਂ ਨੂੰ ਰੱਬ ਆਸਰੇ ਮਰਨ ਲਈ ਛੱਡ ਦਿੱਤਾ ਗਿਆ।

ਜਿਸ ਦਾ ਨਤੀਜਾ ਇਹ ਨਿਕਲਿਆ ਕਿ ਪਿਛਲੇ ਦਸ ਦਿਨਾਂ ਦੌਰਾਨ ਤਿੰਨ ਹਜਾਰ ਗਾਵਾਂ ਹਰੇ ਚਾਰੇ ਬਿਨ੍ਹਾਂ ਭੁੱਖੀਆਂ ਅਤੇ ਪਾਣੀ ਬਿਨ੍ਹਾਂ ਤਿਹਾਈਆਂ ਮਰ ਗਈਆਂ। ਮਾਮਲਾ ਤੂਲ ਫੜ ਲੈਣ ਉਪਰੰਤ ਹੋਈ ਸਰਕਾਰੀ ਜਾਂਚ ਦੌਰਾਨ ਪਤਾ ਲੱਗਿਆ ਕਿ ਗਊਸ਼ਾਲਾ ਦੇ ਪ੍ਰਬੰਧਕਾਂ ਵੱਲੋਂ ਪਿਛਲੇ ਪੰਜ ਸਾਲਾਂ ਦੌਰਾਨ ਹਰੇ ਚਾਰੇ ਦੀ ਆੜ ਹੇਠ ਫ਼ਰਜ਼ੀ ਬਿੱਲਾਂ ਰਾਹੀਂ ਭੁਗਤਾਨ ਕਰਕੇ 20 ਕਰੋੜ ਰੁਪੈ ਦਾ ਘਪਲਾ ਕੀਤਾ ਗਿਆ ਹੈ। ਇਹ ਵੀ ਖ਼ਬਰ ਹੈ ਕਿ ਇਸ ਗਊਸ਼ਾਲਾ ਵਿੱਚ ਚਾਰ ਹਜਾਰ ਗਾਵਾਂ ਸਨ ਜਦਕਿ ਸਰਕਾਰੀ ਕਾਗ਼ਜ਼ਾਂ ਵਿੱਚ ਇਨ੍ਹਾਂ ਗਾਵਾਂ ਦੀ ਗਿਣਤੀ ਸੱਤ ਹਜਾਰ ਦਿਖਾਈ ਗਈ ਸੀ।

ਮਨਮੋਹਨ ਸਿੰਘ ਦੀ ਸਰਕਾਰ ਸਮੇਂ ਬੀਫ ਨਿਰਯਾਤ ਦੇ ਮਾਮਲੇ ਵਿੱਚ ਭਾਰਤ ਦੀ ਨੰਬਰ ਇੱਕ ਪੁਜ਼ੀਸ਼ਨ ਤੇ ਨਰਿੰਦਰ ਮੋਦੀ (ਜੋ ਉਸ ਸਮੇਂ ਗੁਜਰਾਤ ਦੇ ਮੁੱਖ ਮੰਤਰੀ ਸਨ) ਨੇ ਕਿੰਤੂ ਕੀਤਾ ਸੀ ਪਰ ਹੁਣ ਉਹ ਖ਼ੁਦ ਦੇਸ ਦੇ ਪ੍ਰਧਾਨ ਮੰਤਰੀ ਹਨ ਅਤੇ ਭਾਰਤ ਹੁਣ ਵੀ ਬੀਫ ਦੇ ਨਿਰਯਾਤ ਦਾ ਨੰਬਰ ਇੱਕ ਦੇਸ ਹੈ। ਅਮਰੀਕਾ ਦੇ ਖੇਤੀਬਾੜੀ ਵਿਭਾਗ (ਯੂਨੀਟਿਡ ਸਟੇਟ ਡਿਪਾਰਟਮੈਂਟ ਆਫ਼ ਐਗਰੀਕਲਚਰ) ਦੀ ਇੱਕ ਰਿਪੋਰਟ ਦੇ ਅੰਕੜਿਆਂ ਅਨੁਸਾਰ ਸਾਲ 2015 ਦੌਰਾਨ ਭਾਰਤ ਬੀਫ ਦਾ ਨੰਬਰ ਇੱਕ ਨਿਰਯਾਤਕ ਦੇਸ ਹੈ। ਸਾਲ 2015 ਦੌਰਾਨ ਭਾਰਤ ਨੇ 2082 ਮੀਟਰਿਕ ਟਨ ਬੀਫ ਪੈਦਾ ਕਰਕੇ ਮੋਹਰੀ ਰਿਹਾ ਜਦਕਿ ਬਰਾਜ਼ੀਲ ਨੇ 1909 ਮੀਟਰਿਕ ਟਨ ਬੀਫ ਨਿਰਯਾਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ। ਆਸਟ੍ਰੇਲੀਆ ਨੇ 1851 ਮੀਟਰਿਕ ਟਨ ਅਤੇ ਅਮਰੀਕਾ ਨੇ 1166 ਮੀਟਰਿਕ ਟਨ ਨਾਲ ਕ੍ਰਮਵਾਰ ਤੀਜੇ ਅਤੇ ਚੌਥੇ ਸਥਾਨ ਤੇ ਰਹੇ। ਭਾਰਤ ਵਿਸ਼ਵ ਵਿੱਚ ਬੀਫ ਨਿਰਯਾਤ ਦੇ ਮਾਮਲੇ ਵਿੱਚ ਮੋਹਰੀ ਹੈ, ਜਦਕਿ ਭਾਰਤ ਦੇ 18 ਸੂਬਿਆਂ ਵਿੱਚ ਬੁੱਚੜਖ਼ਾਨਿਆਂ ਤੇ ਕਾਨੂੰਨੀ ਤੌਰ ਤੇ ਪਾਬੰਦੀ ਹੈ, ਜਿਨ੍ਹਾਂ ਵਿੱਚ ਆਂਧਰਾ ਪ੍ਰਦੇਸ, ਤੇਲੰਗਾਨਾ,ਬਿਹਾਰ, ਛੱਤੀਸਗੜ੍ਹ, ਪੰਜਾਬ, ਹਰਿਆਣਾ, ਗੋਆ, ਦਿੱਲੀ, ਗੁਜਰਾਤ, ਹਿਮਾਚਲ ਪ੍ਰਦੇਸ, ਜੰਮੂ ਕਸ਼ਮੀਰ, ਝਾਰਖੰਡ, ਕਰਨਾਟਕ, ਮੱਧ ਪ੍ਰਦੇਸ, ਮਹਾਰਾਸ਼ਟਰ, ਰਾਜਸਥਾਨ, ਉੱਤਰਾਖੰਡ ਅਤੇ ਉਤਰ ਪ੍ਰਦੇਸ ਦੇ ਨਾਂ ਸ਼ਾਮਿਲ ਹਨ।

ਅਰੁਣਾਚਲ ਪ੍ਰਦੇਸ ਅਤੇ ਕੇਰਲਾ ਵਿੱਚ 10 ਸਾਲ ਦੀ ਉਮਰ ਤੋਂ ਵੱਡੇ ਪਸ਼ੂਆਂ ਨੂੰ ਵੱਢਣ ਦੀ ਆਗਿਆ ਹੈ। ਆਸਾਮ , ਤਾਮਿਲਨਾਡੂ ਅਤੇ ਪੱਛਮੀ ਬੰਗਾਲ ਵਿੱਚ ਸਰਕਾਰ ਦੀ ਸਹਿਮਤੀ ਪ੍ਰਾਪਤ ਕਰਨ ਤੋਂ ਬਾਅਦ ਪਸ਼ੂਆਂ ਨੂੰ ਵੱਢਿਆ ਜਾ ਸਕਦਾ ਹੈ ਜਦਕਿ ਮਨੀਪੁਰ, ਮੇਘਾਲਿਆ, ਮਿਜ਼ੋਰਮ, ਨਾਗਾਲੈਂਡ, ਸਿੱਕਮ ਅਤੇ ਤ੍ਰਿਪੁਰਾ ਹੀ ਪਾਬੰਦੀ ਰਹਿਤ ਹਨ।

ਹਾਲ ਹੀ ਵਿੱਚ ਇੱਕ ਹਿੰਦੀ ਨਿਊਜ਼ ਚੈਨਲ ਨੇ ਗਊ ਰੱਖਿਆ ਬ੍ਰਿਗੇਡ ਨਾਲ ਸਬੰਧਿਤ ਹਿੰਦੂਤਵ ਆਗੂ ਨੂੰ ਖ਼ੁਫ਼ੀਆ ਕੈਮਰੇ ਰਾਹੀਂ ਸਟਿੰਗ ਅਪ੍ਰੇਸ਼ਨ ਕਰਕੇ ਪ੍ਰਤੀ ਟਰੱਕ ਵੀਹ ਹਜਾਰ ਰੁਪੈ ਰਿਸ਼ਵਤ ਦੀ ਮੰਗ ਕਰਦੇ ਦਿਖਾਇਆ ਗਿਆ ਹੈ, ਜੋ ਗਊ ਰੱਖਿਆ ਪ੍ਰਤੀ ਅਖੌਤੀ ਗਊ ਭਗਤਾਂ ਦੀ ਮਾਨਸਿਕਤਾ ਅਤੇ ਦੋਹਰੇ ਮਾਪਦੰਡ ਨੂੰ ਪੇਸ਼ ਕਰਦਾ ਹੈ। ਭਾਜਪਾ ਗਊ ਰੱਖਿਆ ਦੇ ਮਾਮਲੇ ਸਬੰਧੀ ਦੋਹਰੇ ਮਾਪਦੰਡ ਅਪਣਾ ਰਹੀ ਹੈ, ਕਿਉਂਕਿ ਇੱਕ ਪਾਸੇ ਤਾਂ ਭਾਜਪਾ ਅਤੇ ਉਸਦੀ ਵਿਚਾਰਧਾਰਾ ਨਾਲ ਸਬੰਧਿਤ ਸੰਗਠਨ ਗਾਂ ਨੂੰ ਧਾਰਮਿਕ ਤੌਰ ਤੇ ਮਹੱਤਵ ਦਿੰਦੇ ਹਨ, ਜਦਕਿ ਦੂਜੇ ਪਾਸੇ ਭਾਜਪਾ ਅਜਿਹੇ ਲੋਕਾਂ ਤੋਂ ਵਿੱਤੀ ਮਦਦ ਲੈ ਰਹੀ ਹੈ ਜੋ ਭਾਰਤ ਵਿੱਚ ਸਰਕਾਰੀ ਤੌਰ ਤੇ ਬੀਫ ਦਾ ਕਾਰੋਬਾਰ ਕਰਦੇ ਹਨ। ਭਾਰਤੀ ਚੋਣ ਕਮਿਸ਼ਨ ਦੀ ਵੈੱਬਸਾਈਟ ਅਨੁਸਾਰ ਸਾਲ 2013-14 ਦੀ ਫ਼ੰਡ ਸੂਚੀ ਤਹਿਤ ਭਾਜਪਾ ਨੂੰ ਦੇਸ ਦੀਆਂ ਤਿੰਨ ਬੀਫ ਨਿਰਯਾਤ ਕੰਪਨੀਆਂ ਨੇ ਫੰਡ ਦੇਕੇ ਨਿਵਾਜਿਆ ਹੈ। ਫ੍ਰਾਈਗੋਰੀਫਿਕੋ ਅੱਲਾਨਾ ਲਿਮਟਿਡ ਨੇ 75 ਲੱਖ, ਫ੍ਰਾਈਗੋਰੀਓ ਕਨਵੇਰਵਾ ਲਿਮਟਿਡ ਨੇ 50 ਲੱਖ ਅਤੇ ਇਨਡਾਗਰੋ ਫੂਡਜ਼ ਲਿਮਟਿਡ ਨੇ 75 ਲੱਖ ਰੁਪੈ ਦੇ ਫ਼ੰਡ ਭਾਜਪਾ ਨੂੰ ਦਿੱਤੇ ਹਨ।

ਗਊ ਰੱਖਿਆ ਦੀ ਇਸ ਮੁਹਿੰਮ ਕਾਰਣ ਪੰਜਾਬ ਦੇ ਕਿਸਾਨਾਂ, ਪਸ਼ੂ ਵਪਾਰੀਆਂ ਅਤੇ ਡੇਅਰੀ ਫਾਰਮਿੰਗ ਨਾਲ ਜੁੜੇ ਲੋਕਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਹੱਲ ਦੀ ਥਾਂ ਪੰਜਾਬ ਸਰਕਾਰ ਵੀ ਫ਼ਿਰਕਾਪ੍ਰਸਤੀ ਦੇ ਪ੍ਰਭਾਵ ਤਹਿਤ ਅਜਿਹੇ ਵਰਤਾਰੇ ਨੂੰ ਹਲਾਸ਼ੇਰੀ ਦੇ ਰਹੀ ਹੈ।

ਪੰਜਾਬ ਦਾ ਸਾਬਣ ਉਦਯੋਗ ਤਬਾਹ ਹੋ ਚੁੱਕਿਆ ਹੈ। ਪਰ ਪੰਜਾਬ ਸਰਕਾਰ ਖ਼ੁਦ ਨੂੰ ਸਭ ਤੋਂ ਵੱਡਾ ਅਤੇ ਸੱਚਾ ਸਰਕਾਰ ਗਊ ਭਗਤ ਸਾਬਤ ਕਰਨ ਲਈ ਕਾਹਲੀ ਜਾਪ ਰਹੀ ਹੈ। ਗਊ ਰੱਖਿਆ ਦੀ ਇਸ ਮੁਹਿੰਮ ਕਾਰਣ ਕਿਸਾਨਾਂ ਦੀਆਂ ਫ਼ਸਲਾਂ ਦੇ ਉਜਾੜੇ, ਪਸ਼ੂ ਵਪਾਰੀਆਂ ਦੇ ਹੋ ਰਹੇ ਨੁਕਸਾਨ ਅਤੇ ਡੇਅਰੀ ਫਾਰਮਿੰਗ ਨਾਲ ਜੁੜੇ ਲੋਕਾਂ ਦੀ ਨਿੱਘਰ ਰਹੀ ਆਰਥਿਕਤਾ ਨੂੰ ਰੋਕਣਾ ਵੀ ਸੂਬਾ ਸਰਕਾਰ ਦਾ ਫ਼ਰਜ਼ ਹੈ, ਪਰ ਵੋਟ ਰਾਜਨੀਤੀ ਵਿੱਚ ਆ ਚੁੱਕੇ ਨਿਘਾਰ ਸਦਕਾ ਲੋਕ ਮਸਲਿਆਂ ਦੇ ਹੱਲ ਲਈ ਸਰਕਾਰਾਂ ਸੰਜੀਦਾ ਨਹੀਂ ਹਨ।

ਮੁੱਕਦੀ ਗੱਲ ਤਾਂ ਇਹ ਹੈ ਕਿ ਗਊ ਵਿੱਚ ਬੇਸ਼ੱਕ ਇੱਕ ਵਿਸ਼ੇਸ਼ ਵਰਗ ਦੀ ਧਾਰਮਿਕ ਆਸਥਾ ਹੋ ਸਕਦੀ ਹੈ ਪਰ ਗਊ ਰੱਖਿਆ ਦੇ ਨਾਂ ਤੇ ਦਲਿਤਾਂ, ਮੁਸਲਿਮਾਂ ਅਤੇ ਪਛੜੇ ਵਰਗ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਲਈ ਦੇਸ ਅੰਦਰ ਫ਼ਿਰਕੂ ਮਾਹੌਲ ਨਾ ਪੈਦਾ ਕੀਤਾ ਜਾਵੇ ਤਾਂ ਕਿ ਦੇਸ ਦੀ ਏਕਤਾ, ਅਖੰਡਤਾ ਅਤੇ ਭਾਈਚਾਰਾ ਕਾਇਮ ਰੱਖਿਆ ਜਾ ਸਕੇ, ਇਸ ਵਿੱਚ ਸਭ ਦੀ ਭਲਾਈ ਹੈ।

ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ 20ਵੀਂ ਸਦੀ ਦੇ ਸੱਤਵੇਂ ਦਹਾਕੇ ਤੋਂ ਲਗਾਤਾਰ ਸਾਹਿਤਕ ਅਤੇ ਸਮਾਜਿਕ ਸਰੋਕਾਰਾਂ ਨਾਲ ਜੁੜ ਕੇ ਕੰਮ ਕਰ ਰਹੀ ਹੈ। ਹਰ ਮਹੀਨੇ ਵਿਚ ਸਭਾ ਵੱਲੋਂ ਸਾਹਿਤ ਅਤੇ ਸਮਾਜ ਦੇ ਭਖਦੇ ਮੁੱਦਿਆਂ ਸਬੰਧੀ ਵਿਸ਼ੇ ਤੇ ਮੀਟਿੰਗ ਕਰਵਾਈ ਜਾਂਦੀ ਹੈ। ਸਾਲ ਵਿਚ ਦੋ ਵਾਰ ਕੇਂਦਰੀ ਪੰਜਾਬੀ ਲੇਖਕ ਸਭਾ ਨਾਲ ਮਿਲ ਕੇ ਕਲਾ ਅਤੇ ਭਾਸ਼ਾ ਬਾਰੇ ਵੱਡੇ ਸੈਮੀਨਾਰ ਕੀਤੇ ਜਾਂਦੇ ਹਨ। ਇਸਦੇ ਪਹਿਲੇ ਪ੍ਰਧਾਨ ਡਾ. ਰੌਸ਼ਨ ਲਾਲ ਅਹੂਜਾ ਤੇ ਜਨਰਲ ਸਕੱਤਰ ਪ੍ਰੋ. ਐਸ. ਐਨ. ਸੇਵਕ ਅਤੇ ਪ੍ਰੋ. ਪ੍ਰਿਤਪਾਲ ਸਿੰਘ ਮਹਿਰੋਕ, ਡਾ. ਮਨਮੋਹਨ ਸਿੰਘ ਤੀਰ, ਮਨਮੋਹਨ ਸਿੰਘ ਬੁੱਧੀਰਾਜਾ, ਗਿਆਨੀ ਪ੍ਰਦੁਮਨ ਸਿੰਘ, ਗਿਆਨ ਸਿੰਘ ਅਟਵਾਲ, ਡਾ. ਠਾਕਰ ਭਾਰਤੀ, ਮਹਿੰਦਰ ਸਿੰਘ ਜੋਸ਼, ਮਹਿੰਦਰ ਦਿਵਾਨਾ, ਜਸਬੀਰ ਸਿੰਘ ਧੀਮਾਨ, ਮਦਨ ਵੀਰਾ ਮੈਂਬਰ ਰਹਿ ਚੁੱਕੇ ਹਨ ਤੇ ਹੁਣ ਵੀ ਹਨ। ਸਭਾ ਦੇ ਸਰਪ੍ਰਸਤ ਡਾ. ਕਰਮਜੀਤ ਸਿੰਘ, ਕੁਲਤਾਰ ਸਿੰਘ ਕੁਲਤਾਰ, ਡਾ. ਮਨਮੋਹਨ ਸਿੰਘ ਤੀਰ ਹਨ। ਪ੍ਰਧਾਨ ਜਸਬੀਰ ਸਿੰਘ ਧੀਮਾਨ ਤੇ ਜਨਰਲ ਸਕੱਤਰ ਡਾ. ਜਸਵੰਤ ਰਾਏ ਹਨ।

'ਦੇਸ਼ ਦੁਆਬਾ' ਦੇ ਹਥਲੇ ਅੰਕ ਵਿਚ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ ਦੇ ਕਵੀਆਂ ਦੀਆਂ ਰਚਨਾਵਾਂ ਉਹਨਾਂ ਦੇ ਅਗਾਂਹਵਧੂ, ਮਾਨਵਵਾਦੀ, ਕਲਿਆਣਕਾਰੀ ਅਤੇ ਸਮਾਜਿਕ ਸਰੋਕਾਰਾਂ ਨਾਲ ਜੁੜੇ ਹੋਣ ਦੀ ਗੱਲ ਕਰਦੀਆਂ ਹਨ। ਉਹ ਸਮਾਜ ਵਿਚ ਕਾਣੀ ਵੰਡ ਅਤੇ ਭ੍ਰਿਸ਼ਟਾਚਾਰੀ ਸਿਸਟਮ ਪ੍ਰਤੀ ਚਿੰਤਤ ਹਨ। ਮਾਨਵੀ ਪਿਆਰ, ਸੰਵੇਦਨਾ ਨਾਲ ਓਤ-ਪੋਤ ਰਚਨਾਵਾਂ ਰਾਹੀਂ ਕਵੀਆਂ ਨੇ ਬੌਧਿਕ ਅਤੇ ਸੁਹਜਾਤਮਕ ਦੋਵਾਂ ਪੱਖਾਂ ਤੇ ਵਿਕਾਸ ਕੀਤਾ ਹੈ। ਸਾਰੀਆਂ ਰਚਨਾਵਾਂ ਲੋਕਾਚਾਰ ਨਾਲ ਪ੍ਰਤੀਬੱਧਤਾ ਜ਼ਾਹਿਰ ਕਰਦੀਆਂ ਹਨ।

– ਡਾ. ਜਸਵੰਤ ਰਾਏ



ਡਾ. ਜਸਵੰਤ ਰਾਏ
91-98158 25999

## ਸੋਹਣਾ ਮਨਮੋਹਣਾ ਪੰਜਾਬ

### ਜਸਵੰਤ ਰਾਏ
(18-05-1975)

ਜਿਹਦਾ ਜ਼ੱਰ੍ਹਾ ਜ਼ੱਰਾ ਮਹਿਕਦਾ ਗੁਲਾਬ ਦੀ ਤਰ੍ਹਾਂ
ਜਿਹਦਾ ਹਰ ਨੌਜਵਾਨ ਮਹਿਤਾਬ ਦੀ ਤਰ੍ਹਾਂ।
ਸੋਹਣੀ ਸੁੰਦਰ ਸਰੂਪ ਜਿਉਂ ਬਹੂ ਨਵੇਲੀ ਓ,
ਕਿੰਨਾ ਸੋਹਣਾ-ਮਨਮੋਹਣਾ ਏ ਪੰਜਾਬ ਬੇਲੀਓ।

ਲਹੂ ਭਿੱਜਾ ਇਤਿਹਾਸ ਕੁਰਬਾਨੀ ਭਰਿਆ,
ਹਰ ਹਾਕਮ ਦਾ ਹੱਲਾ ਹਿਕੜੀ ਤੇ ਜਰਿਆ।
ਇਹ ਤਾਂ ਰੱਖਦਾ ਹੈ ਸੀਸ ਨੂੰ ਸਦਾ ਹਥੇਲੀ ਓ,
ਕਿੰਨਾ ਸੋਹਣਾ-ਮਨਮੋਹਣਾ ਏਂ ਪੰਜਾਬ ਬੇਲੀਓ।

ਸੰਮੀ, ਲੁੱਡੀ, ਭੰਗੜੇ ਦਾ ਨਾ ਕੋਈ ਸਾਨੀ ਜੱਗ ਤੇ,
ਮਾਹੀਏ ਢੋਲੇ ਟੱਪੇ ਛੰਦ ਗਾਏ ਜਾਂਦੇ ਫੱਬ ਕੇ।
ਸ਼ਾਇਰਾਂ ਸੂਫੀਆਂ ਸ਼ਿੰਗਾਰਿਆ ਸ਼ਬਾਬ ਮੇਲੀਓ,
ਕਿੰਨਾ ਸੋਹਣਾ-ਮਨਮੋਹਣਾ ਏਂ ਪੰਜਾਬ ਬੇਲੀਓ।

ਇਹਦੇ ਸੂਰਬੀਰਾਂ ਦੇਸ਼ ਨੂੰ ਆਜ਼ਾਦੀ ਹੈ ਦੁਆਈ,
ਭਗਤ ਰਾਜਗੁਰੂ ਸੁਖਦੇਵ ਊਧਮ ਭਾਈ ਭਾਈ।
ਰਾਣੀ ਮੌਤ ਨੂੰ ਵਿਆਹ ਕੇ ਜਾਣ ਖੇਲ੍ਹ-ਖੇਲ੍ਹੀ ਓ,
ਕਿੰਨਾ ਸੋਹਣਾ-ਮਨਮੋਹਣਾ ਏਂ ਪੰਜਾਬ ਬੇਲੀਓ।

ਸੰਤਾਲੀ ਵਾਲੀ ਮੁੜ ਤੱਤੀ ਵਗੇ ਨਾ ਹਵਾ।
ਰਹੇ ਮੁਹੱਬਤਾਂ ਦਾ ਰੰਗ ਲਾਲ, ਹੋਵੇ ਨਾ ਸਿਆਹ।
ਮੁੱਠਾਂ ਭਰ ਜਸਵੰਤ ਵੰਡੀ ਜਾਣ ਭੇਲੀ ਓ।
ਕਿੰਨਾ ਸੋਹਣਾ-ਮਨਮੋਹਣਾ ਏਂ ਪੰਜਾਬ ਬੇਲੀਓ।

## ਝੂਠੀ ਆਜ਼ਾਦੀ ਦਾ ਗੀਤ

ਬੈਠ ਕੇ ਤ੍ਰਿੰਜਣਾਂ 'ਚ ਨਾਲ ਦੀਆਂ ਸਖੀਆਂ ਤਾਂ,
ਉੱਡੀ ਜਾਣ ਵਿੱਚੀਂ ਨੀ ਹਵਾਵਾਂ।
ਦੱਸ ਮੇਰੀ ਅੰਮੀਏ, ਤੂੰ ਦੱਸ ਮੇਰੀ ਅੰਮੀਏ
ਕਿੰਝ ਮੈਂ ਆਜ਼ਾਦੀ ਗੀਤ ਗਾਵਾਂ। ...

ਬਾਪੂ ਮੇਰਾ ਝੰਬਿਆ ਗਰੀਬੀ ਵਾਲੀ ਮਾਰ ਨੇ,
ਖੂਨ ਉਹਦਾ ਚੂਸ ਲਿਆ ਧੰਨੇ ਸ਼ਾਹੂਕਾਰ ਨੇ,
ਚੌਂਕ 'ਚ ਖੜ੍ਹੇ ਨੂੰ ਜਦ ਮਿਲੇ ਨਾ ਦਿਹਾੜੀ
ਫਿਰ ਸੋਚਦਾ ਹੈ ਕਿੱਧਰ ਨੂੰ ਜਾਵਾਂ।
ਦੱਸ ਮੇਰੀ ਅੰਮੀਏ ...

ਗੋਹਾ ਕੂੜਾ ਚੁਕਦਿਆਂ ਹੀ ਢੱਲ ਗਈ ਜੁਆਨੀ ਏ,
ਪੱਲੇ ਸਾਡੇ ਦੇਖ ਲੈ ਦੁਆਨੀ ਨਾ ਚੁਆਨੀ ਏ।
ਨਾ ਹੀ ਖਾਣੀ ਜੁਠ ਨਾ ਹੀ ਪਹਿਨਣੇ ਉਤਾਰ ਹੁਣ
ਸੁਣ ਲੈ ਮੈਂ ਸੱਚੀਆਂ ਸੁਣਾਵਾਂ।
ਦੱਸ ਮੇਰੀ ਅੰਮੀਏ ....

ਦੇਸ਼ ਸਾਰਾ ਖਾ ਲਿਆ ਲੋਟੂ ਸਰਕਾਰਾਂ ਨੇ
ਆਮ ਬੰਦੇ ਲਈ ਦੱਸ ਕਾਹਦੀਆਂ ਬਹਾਰਾਂ ਨੇ।
ਚਾਂਦੀ ਦੀ ਮੈਂ ਜੁੱਤੀ ਕਿੰਜ ਮਾਰਾਂ ਦੱਸ ਨੌਕਰੀ ਲਈ
ਮੇਰੇ ਕੋਲ ਜਦ ਨੇ ਖੜਾਵਾਂ।
ਦੱਸ ਮੇਰੀ ਅੰਮੀਏ .....

ਕੱਲ੍ਹੇ ਕੱਲ੍ਹੇ ਕਾਸਤੋਂ ਇਹ ਖਾਈ ਜਾਣ ਕੁੱਟ ਨੀ
ਕੱਠੇ ਹੋ ਕੇ ਦੇਣਾ ਏ ਝਮੂਟੀਆਂ ਨੂੰ ਪੁੱਟ ਨੀ।
ਰਲ 'ਜਸਵੰਤ' ਸੰਗ ਚੁੱਕ ਹਥਿਆਰ ਖੁੰਢੇ
ਚੇਤਨਾ ਦੀ ਸਾਣ੍ਹ ਉੱਤੇ ਲਾਵਾਂ
ਦੱਸ ਮੇਰੀ ਅੰਮੀਏ .....

## ਗਜ਼ਲ

### ਸੋਮਦੱਤ ਦਿਲਗੀਰ
(18-8-1979)

ਇਨ੍ਹਾਂ ਅੰਦਰ ਵੀ ਹੁਣ ਜਜ਼ਬਾਤ ਪੈਦਾ ਹੋਣ ਲੱਗੇ ਨੇ,
ਮੇਰੇ ਗਲ ਲੱਗਕੇ ਮੇਰੇ ਪਿੰਡ ਦੇ ਪੱਥਰ ਰੋਣ ਲੱਗੇ ਨੇ।

ਜ਼ਮੀਂ ਵਾਂਗੂੰ ਜ਼ਮੀਰਾਂ ਦੇ ਵੀ ਸੌਦੇ ਹੋਣ ਲੱਗੇ ਨੇ,
ਤੇ ਲੋਕੀਂ ਰਿਸ਼ਤਿਆਂ ਨੂੰ ਬੋਝ ਵਾਗੂੰ ਢੋਣ ਲੱਗੇ ਨੇ।

ਕਰਿਸ਼ਮੇ ਕਿਸ ਤਰ੍ਹਾਂ ਦੇ ਗਾਇਕੀ ਵਿਚ ਹੋਣ ਲੱਗੇ ਨੇ
ਸੁਬ੍ਹਾ ਦੇ ਰਾਗ, ਰਾਤਾਂ ਨੂੰ ਗਵਈਏ ਛੇੜ੍ਹ ਲੱਗੇ ਨੇ।

ਕਦੇ ਬੂਹਾ, ਕਦੇ ਕੰਧਾਂ ਤੇ ਫਿਰ ਬਿਸਤਰ ਤੇ ਹੁਣ ਸ਼ੀਸ਼ਾ,
ਕਿਸੇ ਨੂੰ ਯਾਦ ਕਰਕੇ ਵਾਰੋ-ਵਾਰੀ ਰੋਣ ਲੱਗੇ ਨੇ।

ਮੇਰੇ ਰੱਬਾ! ਨਦੀ ਸੁੱਕੀ ਨੂੰ ਪਾਣੀ ਬਖਸ਼ ਦੇ ਹੁਣ ਤਾਂ,
ਮੁਸਾਫਿਰ ਰੇਤਿਆਂ ਦੇ ਨਾਲ ਚਿਹਰੇ ਧੋਣ ਲੱਗੇ ਨੇ।

ਜਿਨ੍ਹਾਂ ਅੰਦਰ ਕਦੇ ਪਾਣੀ ਦਾ ਇਕ ਤੁਪਕਾ ਨਹੀਂ ਟਿਕਿਆ,
ਤਿੜਕ ਕੇ ਸ਼ੀਸ਼ਿਆਂ ਹੱਥੋਂ, ਉਹ ਪੱਥਰ ਚੋਣ ਲੱਗੇ ਨੇ।

ਤੁਰੇ ਕਿੱਥੋਂ, ਕਿਧਰ ਜਾਣਾ, ਵਿਚਾਲੇ ਭੁੱਲ ਗਏ ਆ ਕੇ
ਮੁਸਾਫਿਰ ਰਸਤਿਆਂ ਨੂੰ ਸਿਰ 'ਤੇ ਚੁੱਕ ਕੇ ਰੋਣ ਲੱਗੇ ਨੇ।

ਮੇਰੀ 'ਕੰਢੀ ਦੇ ਲੋਕੀਂ ਵੀ ਨੇ ਕਰਦੇ ਕੀ ਪਏ ਵੇਖੋ,
ਗਲੀ ਵਿਚ ਫਿਰ ਰਿਹਾ ਚਾਨਣ, ਇਹ ਬੂਹੇ ਢੋਣ ਲੱਗੇ ਨੇ।

## ਗਜ਼ਲ

### ਕੁਲਤਾਰ ਸਿੰਘ 'ਕੁਲਤਾਰ'
(11-02-1940)

ਤੜਫੜਾਉਂਦੇ ਰਹੇ ਪ੍ਰਿੰਦੇ ਆਹਲਣਾ ਜਲਦਾ ਰਿਹਾ।
ਜ਼ਿੰਦਗੀ ਦਾ ਇਸ ਤਰ੍ਹਾਂ ਕੁਝ ਸਿਲਸਿਲਾ ਚਲਦਾ ਰਿਹਾ।

ਝੁਲਸਿਆ ਪਿੰਡਾ ਹਵਾ ਦਾ ਫੁੱਲ ਫੱਲ ਮੁਰਝਾਅ ਗਏ,
ਕਰ ਨਾ ਸਕਿਆ ਕੁਝ ਵੀ ਮੌਸਮ ਹੱਥ ਹੀ ਮਲਦਾ ਰਿਹਾ।

ਸਹਿਮ ਦੇ ਸਾਏ ਅਤੇ ਇਸ ਮੌਤ ਵਰਗੀ ਚੁੱਪ ਵਿਚ,
ਗੋਲੀਆਂ ਦਾ ਸ਼ੋਰ ਵਾਤਾਵਰਣ ਨੂੰ ਸਲਦਾ ਰਿਹਾ।

ਤੜਫਦੇ ਨੂੰ ਵੇਖ ਕੇ ਮੂੰਹ ਮੋੜ ਕੋਲੋਂ ਲੰਘ ਗਿਆ,
ਰੇਡੀਓ ਤੇ ਰੋਜ਼ ਜੋ ਹਮਦਰਦੀਆਂ ਘੱਲਦਾ ਰਿਹਾ।

ਭਸਮ ਹੋ ਜਾਵੇਗੀ ਤੇਰੀ ਬੰਸਰੀ ਦੀ ਤਾਨ ਵੀ,
ਯਾਦ ਰੱਖ ਜੇ ਰੋਮ ਤੇਰਾ ਇੰਜ ਹੀ ਜਲਦਾ ਰਿਹਾ।

ਰੌਸ਼ਨੀ ਦੇ ਕੇ ਸਦਾ ਹੀ ਰਾਹ ਵਿਖਾਇਆ ਓਸਨੇ,
ਹਿੱਕ 'ਚ ਸੂਰਜ ਦੀ ਤਰ੍ਹਾਂ ਜੋ ਤਪਸ਼ ਨੂੰ ਝੱਲਦਾ ਰਿਹਾ।

ਜੀਣਗੇ 'ਕੁਲਤਾਰ' ਆਪਣੇ ਹੀ ਭਰੋਸੇ ਜੀਣਗੇ,
ਲੋਕਤਾ ਨੂੰ ਜੇ ਗਜ਼ਲ 'ਚੋਂ ਹੌਸਲਾ ਮਿਲਦਾ ਰਿਹਾ।

## ਗਜ਼ਲ

### ਸੁਰਿੰਦਰ ਸੱਲਣ
(21-01-1985)

ਹੋਏ ਹਾਂ ਰੌਸ਼ਨ ਬਲ ਕੇ
ਆ ਤੂੰ ਵੀ ਦੇਖ ਲੈ ਜਲ ਕੇ

ਬਦਲੋ ਪਰ ਖੁਦ ਨੂੰ ਬਦਲੋ,
ਦੇਖੋ ਨਾ ਸ਼ੀਸ਼ੇ ਬਦਲ ਕੇ।

ਰੇਤ ਉਤੇ ਲੀਕਾਂ ਵਾਂਗੂੰ
ਮਿੱਟ ਹੀ ਜਾਵਾਂਗੇ ਭਲਕੇ

ਆਵਾਂਗੇ ਨਗਰੀ ਤੇਰੀ
ਸੰਗ ਮਹਿਕਾਂ ਦੇ ਰਲ ਕੇ

ਜਜ਼ਬਾਤਾਂ ਦੇ ਫੁੱਲਾਂ ਨੂੰ
ਲੰਘਦੇ ਉਹ ਰੋਜ਼ ਮਸਲ ਕੇ।

## ਸਫ਼ਰ

### ਡਾ. ਸੁਖਦੇਵ ਸਿੰਘ ਢਿੱਲੋਂ
(20-10-1953)

ਅਕਸਰ ਓਹਨੂੰ ਦੇਖਦਾਂ
ਆਉਂਦੇ ਜਾਂਦੇ ਰਾਹ ਤੇ।
ਰਹਿੰਦਾ ਮੰਜ਼ਿਲ ਢੂੰਡਦਾ
ਚੜ੍ਹਦੇ ਲਹਿੰਦੇ ਸਾਹ ਤੇ।

ਕੋਈ ਸਿਰਜ ਕੇ ਮੰਜ਼ਿਲਾਂ
ਜਾਂਦਾ ਰਿਹਾ ਦੂਰ ਦੂਰ
ਖਿੱਚ ਲਿਆਈਏ ਕਿਸ ਤਰ੍ਹਾਂ
ਧਿੰਗੋਜ਼ੋਰੀ ਰਾਹ ਤੇ।

ਉਸ ਚੰਦਰੀ ਬਸਤੀ
ਕਿਉਂ ਤੂੰ ਮੈਨੂੰ ਧੱਕਿਆ
ਜਿੱਥੇ ਰਹਿੰਦਾ ਕਰਫਿਊ
ਆਉਂਦੇ ਜਾਂਦੇ ਸਾਹ ਤੇ।

ਬਿੰਦ ਕੁ ਬਹਿਣਾ ਅਟਕਣਾ
ਸਾਹ ਸੌਖੇਰਾ ਕਰਕੇ
ਝੱਟ ਲੰਘਾਈਏ ਟਹਿਕਦੇ
ਜੀਵੀਏ ਏਸ ਚਾਹ ਤੇ।

ਯਾਦ ਕੀਤਾ ਕਿ ਨਾ
ਕੋਈ ਰੰਜ ਨਾ ਰਿਹਾ
ਮੰਜ਼ਿਲ ਅਧਵਾਟੇ ਰਹੀ
ਸਫ਼ਰ ਆਖਰੀ ਸਾਹ ਤੇ।

## ਹਾਥੀ ਦੇ ਦੰਦ

### ਮਦਨ ਵੀਰਾ
(15-11-1962)

ਸਾਡੇ ਲਈ ਹੱਕ ਦਾ ਚਿਹਰਾ
ਨਿਆਂ ਦਾ ਮੁਹਾਂਦਰਾ
ਸਾਖੀ ਵਿਚ ਸਿਰਜੇ
ਸੱਜਣ ਠੱਗ ਵਰਗਾ ਹੈ
ਜਿਸ ਦੇ ਬੋਲਾਂ 'ਚ
ਪਿਘਲ੍ਹ ਪਿਘਲ੍ਹ ਜਾਂਦਾ ਹੈ
ਸਤਹੀ ਸ਼ਬਦਾਂ-ਮਸਨੂਈ ਹਰਫ਼ਾਂ ਦਾ
ਨਰਮ ਨਰਮ ਮੱਖਣ
ਪਰ ਜਿਸਦੀ ਨੀਤ 'ਚ
ਵਸਿਆ ਹੋਇਆ ਹੈ
ਡੂੰਘਾ ਧਸਿਆ ਹੋਇਆ ਹੈ
ਕੌੜੇ ਰਾਖਸ਼ ਦਾ ਬਿੰਬ
ਜੋ ਹੱਕ ਦੇ ਨਾਂ 'ਤੇ
ਤਪਾਉਂਦਾ ਰਹਿੰਦਾ ਹੈ
ਤੇਲ ਦੇ ਕੜਾਹੇ ਨੂੰ ...
ਅਸੀਂ ਹੱਕ ਨੂੰ ਜਿੰਨਾ ਕੁ ਜਾਣਿਆਂ
ਨਿਆਂ ਨੂੰ ਜਿੰਨਾ ਕੁ ਪਛਾਣਿਆਂ
ਲਗਦਾ ਹੈ
ਉਹ ਮਰਦਾਨੇ ਨੂੰ ਡਰਾਉਂਦਾ ਹੈ
ਬੰਦੇ ਤੋਂ ਜਾਨਵਰ ਬਣਾਉਂਦਾ ਹੈ
ਕੋਈ ਕੌਤਕੀ-ਕੋਈ ਮਾਇਆਵੀ ਹੈ
ਤੇ ਮਜ਼ਲੂਮਾਂ ਦੇ ਸਿਰ ਤੇ
ਬਿੱਜ ਵਾਂਗ ਗਿਰਦੀ ਕੋਈ ਭਾਵੀ ਹੈ ....
ਬਦਲੀ ਦਿੱਖ 'ਤੇ ਬਦਲੇ
ਜ਼ਮਾਨਿਆਂ ਵਿਚ
ਜਮਹੂਰੀਅਤ ਦੇ ਫ਼ਸਾਨਿਆਂ ਵਿਚ
ਇਹ ਲੋਧੀ ਦੇ ਮੋਦੀ ਦਾ ਸੇਵਕ ਨਹੀਂ
ਮਲਕ ਭਾਗੋ ਦਾ ਚਾਕਰ ਹੈ
ਲਾਲਸਾ ਦੀ
ਲਹੂ ਲਿੱਬੜੀ ਲਲਸਾਈ 'ਤੇ
ਲਲਚਾਈ ਰੂਹ ਹੈ
ਠੁਕਰਾਈ ਇੱਛਰਾਂ ਦੇ
ਹੱਥ-ਪੈਰ ਕੱਟੇ ਪੂਰਨ ਲਈ
ਇਹ ਅੰਨ੍ਹਾ ਖੂਹ ਹੈ
ਇੱਥੇ ਮਰਦਾਨੇ ਦੇ ਵਾਰਿਸ
ਤੜਫ਼ਦੇ ਤਲੇ ਜਾਂਦੇ ਹਨ
ਹਰ ਲਾਲੋ ਦੇ ਸੁਪਨੇ ਛਲੇ ਜਾਂਦੇ ਹਨ
ਸਾਡੇ ਲਈ ਹੱਕ ਦਾ ਚਿਹਰਾ
ਨਿਆਂ ਦਾ ਰੂਪ
ਹਾਥੀ ਦੇ ਦੰਦ ਵਰਗਾ ਹੈ
ਟੁੱਟੇ ਹੋਏ ਸੰਦ ਵਰਗਾ ਹੈ।

## ਧੁੱਪ

### ਗੁਰਦਿਆਲ ਸਿੰਘ ਗਗਨੌਲੀ
(25-03-1952)

ਧੁੱਪ ਮੈਨੂੰ ਚੰਗੀ ਲੱਗਦੀ ਹੈ
ਚੜ੍ਹਦੇ ਸੂਰਜ ਨਾਲ ਅਠਖੇਲੀਆਂ ਕਰਦੀ
ਹਰਨੋਟੇ ਵਾਂਗ ਚੁੰਗੀਆਂ ਭਰਦੀ
ਦਰ-ਦਰਵਾਜ਼ੇ ਤੇ ਖਿੜਕੀਆਂ
ਤੇ ਦਸਤਕ ਦਿੰਦੀ
ਧੂੜ ਧੁੰਦ ਖਿੰਡਾਉਂਦੀ
ਜ਼ਿੰਦੀ ਨਿੱਕੀ ਬਾਲੜੀ ਵਾਂਗ
ਦੜੰਗੇ ਲਗਾਉਂਦੀ
ਮੈਨੂੰ ਧੁੱਪ ਚੰਗੀ ਲੱਗਦੀ ਹੈ।

ਇਹ ਕੁਦਰਤ ਦੇ ਸਾਦੇ ਪੰਨਿਆਂ ਤੇ
ਸੋਨ-ਰੰਗੀ ਇਬਾਰਤ ਲਿਖਦੀ ਹੈ
ਖੁਸ਼ਖਬਰੀ ਵਾਂਗ ਫੈਲਦੀ ਹੈ
ਤੇ ਫੁੱਲ ਵਾਂਗ ਖਿੜਦੀ
ਧਰਤੀ ਦੇ ਸਾਵੇ ਪੰਨਿਆਂ ਨੂੰ
ਸੁਨਹਿਰੀ ਕਰਦੀ ਹੋਈ
ਲੀਕਾਂ ਤੇ ਵਿੱਥਾਂ ਤੇ
ਕਾਟਾ ਫੇਰਦੀ ਲੀਕ ਮਾਰਦੀ ਹੈ
ਇਹ ਤੇਰ ਮੇਰ ਦੇ
ਚੱਕਰਵਿਊ ਤੋੜਦੀ ਹੈ
ਹੱਦਾਂ ਸਰਹੱਦਾਂ ਨੂੰ
ਇਕ ਦੂਜੇ ਨਾਲ ਜੋੜਦੀ ਹੈ।
ਧੁੱਪ ਚੜ੍ਹਦੀ ਹੈ
ਤਾਂ ਧਰਤੀ ਦਾ ਕਣ-ਕਣ ਧੜਕਦਾ ਹੈ
ਗਰਭ ਵਿਚ ਅੰਕੁਰ ਮੜਕਦਾ ਹੈ
ਆਓ ਇਹਦੇ ਸਵਾਗਤ ਲਈ
ਆਪਣੇ ਦਰ ਖੋਲ੍ਹੀਏ
ਨ੍ਹੇਰੇ ਤੇ ਸਲਾਬੇ ਘਰ ਖੋਲ੍ਹੀਏ ...।

## ਅਧੂਰਾ ਕਾਂਡ

### ਜਸਬੀਰ ਸਿੰਘ ਧੀਮਾਨ
(24-12-1946)

ਕਦੀ ਇਕ ਪਲ ਵਿਚ
ਤੁਹਾਡੇ ਲਈ ਸਮਾਂ ਬਦਲ ਜਾਂਦਾ ਏ
ਖੋਹ ਲੈਂਦਾ ਹੈ
ਤੁਹਾਥੋਂ ਤੁਹਾਡੇ ਬੋਲ
ਤੇ ਤੁਸੀਂ ਰੂਬਰੂ ਹੁੰਦੇ ਹੋ
ਇਕ ਚੁੱਪ ਦੇ
ਮਨ ਸੁਣਦਾ ਹੈ ਕਿਸੇ ਸੁਪਨੇ ਦੇ
ਟੁੱਟਣ ਦੀ ਆਵਾਜ਼

ਵੇਖਦੇ ਹੋ ਕੰਧ 'ਤੇ ਲੱਗੀ ਪੇਂਟਿੰਗ
ਜਿਸ ਵਿਚ ਚੀਲ੍ਹ ਇਕ ਬੱਚੇ ਦੇ
ਹੱਕ ਵਿਚ ਫੜੇ ਸੁਪਨੇ
ਝਪਟ ਕੇ ਲੈ ਜਾਂਦੀ ਹੈ
ਬੱਚਾ ਚੀਲ੍ਹ ਨੂੰ ਨਹੀਂ
ਅਸਮਾਨ ਨੂੰ ਘੂਰਦਾ ਹੈ

ਤੁਸੀਂ ਕਦੀ ਟੁੱਟੇ ਸੁਪਨੇ ਦੇ
ਟੁਕੜਿਆਂ ਨੂੰ ਘੂਰਦੇ ਹੋ
ਕਦੀ ਅਸਮਾਨ ਨੂੰ
ਤੇ ਪੜ੍ਹਨ ਲੱਗਦੇ ਹੋ
ਲਿਖੇ ਜਾ ਰਹੇ ਇਤਿਹਾਸ ਦੇ
ਕਿਸੇ ਅਧੂਰੇ ਕਾਂਡ ਨੂੰ।

## ਗਜ਼ਲ

### ਸੁਰਿੰਦਰ ਸਿੰਘ ਕੰਗਵੀ
(08-03-1957)

ਹਾਕਮਾਂ ਦੇ ਵਾਸਤੇ ਭਾਵੇਂ ਸਵੇਰਾ ਹੋ ਰਿਹਾ।
ਦੂਰ ਪਰ ਝੁੱਗੀਆਂ 'ਚੋਂ ਹਾਲੇ ਨਹੀਂ ਹਨੇਰਾ ਹੋ ਰਿਹਾ।

ਚੇਤਨਾ ਦੀ ਚਿਣਗ ਨੂੰ ਕੋਈ ਲੁਕਾਏਗਾ ਕਿਵੇਂ
ਰੌਸ਼ਨੀ ਦਾ ਬਹੁਤ ਹੀ ਵਿਸ਼ਾਲ ਘੇਰਾ ਹੋ ਰਿਹਾ।

ਕੀ ਪਤਾ ਕਿਹੜੀ ਘੜੀ, ਫਿਰ ਮਾਤਮੀ ਹੋ ਜਾਇਗੀ,
ਕਦਮ ਛੇਤੀ ਪੁੱਟ ਪਹਿਲਾਂ ਹੀ ਅਵੇਰਾ ਹੋ ਰਿਹਾ।

ਜਾਬਰਾ ਤੇਰੇ ਜਬਰ ਦਾ ਡਰ ਰਤਾ ਸਾਨੂੰ ਨਹੀਂ,
ਹਰ ਤਸ਼ੱਦਦ ਸਹਿਣ ਦਾ ਸਾਡਾ ਵੀ ਜੇਰਾ ਹੋ ਰਿਹਾ।

ਬਾਂਦਰਾਂ ਦੇ ਵਾਂਗ ਵੰਡ ਕੇ ਆਪ ਹੀ ਸਭ ਖਾ ਲਵੇਂ
ਇਹ ਤਮਾਸ਼ਾ ਦੇਰ ਤੋਂ ਏਥੇ ਬਥੇਰਾ ਹੋ ਰਿਹਾ।

ਸੋਚ ਸਾਰੇ ਲੋਟੂਆਂ ਦੀ ਹਰ ਜਗ੍ਹਾ ਜੇ ਇਕ ਹੈ
ਗਿਆਨ ਲੁੱਟ ਦਾ 'ਕੰਗਵੀ' ਨੂੰ ਵੀ ਬਥੇਰਾ ਹੋ ਰਿਹਾ।

## ਸ਼ੇਅਰ

ਤੇਰੇ ਮੇਰੇ ਦਰ ਤੇ, ਮੁਤਵਾਤਰ, ਖੁਸ਼ੀ ਦਿੰਦੀ ਰਹੀ ਦਸਤਕ, 'ਰਾਹੀ'
ਅਸੀਂ ਕਿੰਨੇ ਹਾਂ ਬਦਨਸੀਬ ਕਿ ਉੱਠ ਕੇ ਸਲਾਮ ਵੀ ਨਾ ਕਰ ਸਕੇ।

## ਗੀਤ ਦੇਸ਼ ਮੇਰੇ

### ਤੇਜਾ ਸਿੰਘ 'ਰਾਹੀ'
(01-04-1941)

ਐ ਦੇਸ਼ ਮੇਰੇ, ਅੱਗੇ ਤੇਰੇ, ਅਸੀਂ ਆਪਣਾ ਸੀਸ ਝੁਕਾਂਦੇ ਹਾਂ,
ਐ ਦੇਸ਼ ਮੇਰੇ, ਸ਼ਾਮ ਸਵੇਰੇ, ਅਸੀਂ ਤੇਰੇ ਗੀਤ ਹੀ ਗਾਂਦੇ ਹਾਂ।

ਸਾਡੀ ਸੂਰਮਤਾ ਤੋਂ ਸਾਰਾ ਜੱਗ ਡਰੇ,
ਜਿੱਤ ਚੁੰਮਦੀ ਪੈਰ ਸਾਡੇ, ਅਸੀਂ ਕਦੇ ਨਾ ਹਰੇ,
ਜਦੋਂ ਵੈਰੀ ਤੇਰੇ ਵੱਲ, ਕਹਿਰੀ ਅੱਖ ਕਰੇ,
ਤੇਰੀ ਰੱਖਿਆ ਖਾਤਰ,
ਅਸੀਂ ਸੀਸ ਤਲੀ ਤੇ ਟਿਕਾਂਦੇ ਹਾਂ।

ਅਸੀਂ ਸਿਧਾਇਆ, ਤੇਰੇ ਦਰਿਆਵਾਂ ਨੂੰ,
ਅਸੀਂ ਰੁਸ਼ਨਾਇਆ, ਉੱਚੀਆਂ ਨੀਵੀਆਂ ਥਾਵਾਂ ਨੂੰ,
ਅਸੀਂ ਅਮਨ ਸੁਨੇਹੇ ਦਿੱਤੇ, ਅਕਾਸ਼ੀ ਹਵਾਵਾਂ ਨੂੰ,
ਮਾਂ ਧਰਤੀ ਦੀ ਹਿੱਕ ਉਤੇ,
ਅਸੀਂ ਸੁਹਣੇ ਫੁੱਲ ਖਿੜਾਂਦੇ ਹਾਂ।

ਤੇਰੇ ਵੀਰਾਨਿਆਂ ਅੰਦਰ, ਟਹਿਕੀ ਹੈ ਜ਼ਿੰਦਗੀ,
ਤੇਰੇ ਕਣ ਕਣ ਨੇ, ਬਖਸ਼ੀ ਹੈ ਜ਼ਿੰਦਗੀ,
ਤੇਰੇ ਪਾਣੀਆਂ ਨੇ, ਦਿੱਤੀ ਹੈ ਤਾਜ਼ਗੀ।
ਪਾਕ ਖ਼ਾਕ ਤੇਰੀ, ਸੌ ਸੌ ਵਾਰੀ,
ਅਸੀਂ ਚੁੱਕ ਚੁੱਕ ਮਸਤਕ ਨੂੰ ਲਾਂਦੇ ਹਾਂ।

## ਨੇਤਾ ਜੀ

### ਸੁਖਦੇਵ ਕੌਰ 'ਚਮਕ'
(04-04-1941)

ਨੇਤਾ ਜੀ ਨੂੰ ਕੁਰਸੀ ਪਿਆਰੀ ਹੈ
ਦੇਸ਼ ਦੀ ਉਨਤੀ ਮਨੋ ਵਿਸਾਰੀ ਹੈ
ਲੱਤ ਇਕ ਦੂਜੇ ਦੀ ਖਿੱਚਦੇ ਨੇ
ਹੱਤਕ ਵਤਨ ਦੀ ਕੀਤੀ ਭਾਰੀ ਹੈ।

ਇਕ ਨਮਕ ਜ਼ਖਮਾਂ ਤੇ ਲਾਉਂਦੇ ਨੇ
ਤੇ ਕਾਣੀਆਂ ਵੰਡਾਂ ਪਾਉਂਦੇ ਨੇ
ਗਰੀਬੀ ਅਮੀਰੀ ਦੇ ਪਾੜੇ ਨੂੰ
ਲਾ ਜੁਗਤਾਂ ਪਏ ਵਧਾਉਂਦੇ ਨੇ।

ਈਸ਼ਵਰ ਤਾਂ ਸਰਵ-ਵਿਆਪਕ ਹੈ
ਸਭ ਜੀਆਂ ਦਾ ਪ੍ਰਿਤਪਾਲਕ ਹੈ
ਇਨ੍ਹਾਂ ਮੰਦਰ ਮਸਜਿਦ ਝਗੜੇ ਪਾ
ਭਰਾਵਾਂ ਵਿਚ ਪਾਇਆ ਪਾਟਕ ਹੈ।

ਚੰਦੇ ਰੱਬ ਦੇ ਨਾਂਅ ਉਗਰਾਉਂਦੇ ਨੇ
ਜੇਬਾਂ ਨੂੰ ਖੂਬ ਫੁਲਾਉਂਦੇ ਨੇ
ਸਭ ਦੀ ਅੱਖੀਂ ਘੱਟਾ ਪਾ ਕੇ
ਖੁਦ ਨੂੰ ਰਹਿਬਰ ਅਖਵਾਉਂਦੇ ਨੇ

ਅੰਦਰੋਂ ਚੌਧਰ ਦੇ ਭੁੱਖੇ ਨੇ
ਭੇਖੀ ਨੇ ਤੇ ਬੇ-ਮੁੱਖੇ ਨੇ
ਇਹ ਸੁਆਰਥ ਸਿੱਧੀ ਕਰਨ ਲਈ
ਮਜ਼ਹਬੀ ਦੰਗੇ ਭੜਕਾਉਂਦੇ ਨੇ।


ਸਨਮਾਨ ਸਭਾਵਾਂ ਲਾਉਂਦੇ ਨੇ
ਖੁਦ ਦੀ ਸ਼ੋਭਾ ਕਰਵਾਉਂਦੇ ਨੇ
'ਚਮਕ' ਹੱਕ ਪਰਾਇਆ ਖਾਣ ਲਈ
ਲੋਕਾਂ ਨੂੰ ਨੁਕਰੇ ਲਾਉਂਦੇ ਨੇ।

(ਛਾਪਕ ਤੇ ਪਤਾ)
ਲੋਕ ਗੀਤ ਪ੍ਰਕਾਸ਼ਨ
ਐੱਸ.ਸੀ.ਓ.26-27
ਸੈਕਟਰ-34 ਏ ਚੰਡੀਗੜ
ਫੋਨ-91-1725077427
91-1725077428

ਡਾ. ਜਸਵੰਤ ਰਾਏ (ਲੇਖਕ)
ਅਕਾਸ਼ ਕਲੋਨੀ
ਗੁਰੂ ਰਵਿਦਾਸ ਨਗਰ
ਸ਼ੇਰ ਗੜ੍ਹ ਰੋਡ,ਹੁਸ਼ਿਆਰਪੁਰ
ਮੋਬਾ. 91-98158-25999
ਮੋਬਾ. 91-99150-40888

ਪ੍ਰਕਾਸ਼ਕ 'ਦੇਸ਼ ਦੁਆਬਾ' (ਕੈਲੇਫੋਰਨੀਆ)

# ਕੌਮ ਦਾ ਸਿਤਾਰਾ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ




ਯੂਰਪ ਦੀ ਧਰਤੀ ਤੇ ਗ਼ਦਰ ਪਾਰਟੀ ਦੀਆਂ ਜੜ੍ਹਾਂ ਲਾਉਣ ਵਾਲੇ ਪ੍ਰਸਿੱਧ ਦੇਸ਼ ਭਗਤ ਬਾਬੂ ਹਰਨਾਮ ਸਿੰਘ ਸਾਹਰੀ ਨੂੰ 14 ਨਵੰਬਰ, 1916 ਈਸਵੀ ਨੂੰ ਮਾਂਡਲੇ ਜੇਲ੍ਹ ਵਿਚ ਅੰਗਰੇਜ਼ੀ ਹਕੂਮਤ ਦੁਆਰਾ ਫਾਂਸੀ ਦਿੱਤੀ ਗਈ ਸੀ। ਵਰ੍ਹਾ 2016 ਉਸ ਗ਼ਦਰੀ ਸੂਰਮੇ ਨੂੰ ਯਾਦ ਕਰਨ ਲਈ ਸ਼ਤਾਬਦੀ ਵਰ੍ਹਾ ਹੈ। ਮੈਂ ਤਿੰਨ ਸਾਲ ਦੇ ਖੋਜ ਕਾਰਜ ਉਪਰੰਤ ਬਾਬੂ ਹਰਨਾਮ ਸਿੰਘ ਸਾਹਰੀ ਦੇ ਜੀਵਨ ਅਤੇ ਸੰਘਰਸ਼ ਨੂੰ ਬਿਆਨ ਕਰਦਾ ਦਸਤਾਵੇਜ਼ "ਕੌਮ ਦਾ ਸਿਤਾਰਾ: ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਲਿਖਿਆ ਹੈ ਜਿਸਨੂੰ ਪੁਸਤਕ ਰੂਪ ਵਿਚ "ਦੇਸ ਦੁਆਬਾ" ਪ੍ਰਕਾਸ਼ਨ ਸਮੂਹ ਦੇ ਕਰਤਾ ਧਰਤਾ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕਰਵਾਇਆ ਹੈ। 'ਦੇਸ਼ ਦੁਆਬਾ' ਦੇ ਪਾਠਕਾਂ ਲਈ ਸ਼ਤਾਬਦੀ ਵਰ੍ਹੇ ਤੇ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੇ ਕੌਮੀ ਸੰਘਰਸ਼ ਦੀ ਗਾਥਾ ਨੂੰ ਲੜੀਵਾਰ ਛਾਪਣ ਦੇ ਵਡਮੁੱਲੇ ਸੁਝਾਅ ਨੂੰ ਪ੍ਰਵਾਨ ਕਰਦਿਆਂ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਜਿੱਥੇ ਗ਼ਦਰ ਲਹਿਰ ਦੇ ਸ਼ਹੀਦਾਂ ਨੂੰ ਸਨਮਾਨ ਦਿੱਤਾ ਹੈ ਉੱਥੇ ਸਾਡੇ ਮਾਣ ਨੂੰ ਵੀ ਵਧਾਇਆ ਹੈ। ਜਨਵਰੀ 2016 ਤੋਂ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਪਹਿਲੇ ਅੰਤਰਰਾਸ਼ਟਰੀ ਪੰਜਾਬੀ ਪੱਤਰਕਾਰ ਦੇ ਜੀਵਨ ਬਿਰਤਾਂਤ ਅਤੇ ਦੇਸ਼ ਪ੍ਰੇਮ ਦੇ ਰੰਗ ਵਿਚ ਰੰਗੀ ਸ਼ਖ਼ਸੀਅਤ ਬਾਰੇ ਡਾ. ਰਘਵੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਸੀਤਾ ਰਾਮ ਬਾਂਸਲ, ਪ੍ਰੇਮ ਕੁਮਾਰ ਚੁੰਬਰ ਅਤੇ ਮੇਰੇ ਸ਼ਬਦ "ਕਿੰਝ ਲਿਖ ਹੋਈ ਪੁਸਤਕ" ਲੇਖਾਂ ਤੋਂ ਬਾਅਦ ਲਗਾਤਾਰ ਇਸ ਦਸਤਾਵੇਜ਼ ਨੂੰ ਛਾਪਿਆ ਜਾ ਰਿਹਾ ਹੈ। ਇਹੀ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੀ ਯਾਦ ਵਿਚ ਸੱਚੀ ਸ਼ਰਧਾਂਜਲੀ ਹੋਵੇਗੀ।

-ਡਾ. ਜਸਵੰਤ ਰਾਏ

## ਗਦਰ ਲਹਿਰ ਦਾ ਇਤਿਹਾਸਕ ਪਿਛੋਕੜ

(ਆਖਰੀ ਕਿਸਤ)

ਠਾਕਰਦੁਆਰੇ ਦੀਆਂ ਸੀਮਿੰਟ ਵਾਲੀਆਂ ਪੱਕੀਆਂ ਕੰਧਾਂ ਵਿਚ ਵੀ ਗੋਲੀਆਂ ਲੱਗਣ ਨਾਲ ਖੁੱਤੀਆਂ ਬਣ ਗਈਆਂ ਸਨ। ਖੂਹ ਵਿਚੋਂ ਕਈ ਲਾਸ਼ਾਂ ਤੇ ਦੋ ਜਿਊਂਦੇ ਬੰਦੇ ਬਾਹਰ ਕੱਢੇ ਗਏ ਜਿਹੜੇ ਨਲਕੇ ਦੀ ਨਲ਼ ਨੂੰ ਫੜ ਕੇ ਸਾਰੀ ਰਾਤ ਬਰਫ ਵਰਗੇ ਪਾਣੀ ਵਿਚ ਲਾਸ਼ਾਂ ਸੰਗ ਆਪਣੇ ਸਾਹਾਂ ਦੀ ਗਤੀ ਨੂੰ ਚਲਦਾ ਰੱਖਣ ਵਿਚ ਕਾਮਯਾਬ ਰਹੇ ਸਨ।



ਡਾ.ਜਸਵੰਤ ਰਾਏ
91-98158 25999

ਉਧਰ ਸਰਕਾਰੀ ਪ੍ਰਾਇਮਰੀ ਸਕੂਲ ਦੇ ਖੇਡ ਦੇ ਮੈਦਾਨ ਵਿਚ ਲਾਸ਼ਾਂ ਚਿੱਟੇ ਕੱਢਣ ਨਾਲ ਢਕੀਆਂ ਹੋਈਆਂ ਸਨ। ਮਰਨੇ ਵਾਲੇ ਜ਼ਿਆਦਾ ਨੌਜਵਾਨ ਸਨ ਜੋ ਅੱਧੀ ਤੋਂ ਇਕ ਦਰਜਨ ਗੋਲੀਆਂ ਦਾ ਸ਼ਿਕਾਰ ਬਣੇ ਸਨ। ਸਾਰਾ ਪਿੰਡ ਪੁਲਿਸ ਛਾਉਣੀ ਵਿਚ ਬਦਲਿਆ ਹੋਇਆ ਸੀ। ਪੰਜਾਬ ਦਾ ਗਵਰਨਰ ਸ੍ਰੀ ਐਸ. ਐਸ. ਰੇਅ, ਏ. ਡੀ. ਜੀ. ਪੀ., ਸ੍ਰੀ ਕੇ. ਪੀ. ਐਸ. ਗਿੱਲ, ਡੀ. ਆਈ. ਜੀ. ਜਲੰਧਰ ਰੇਂਜ ਸ੍ਰੀ ਏ. ਏ. ਸਦੀਕੀ, ਐਸ. ਐਸ. ਪੀ., ਸ੍ਰੀ ਸੁਰੇਸ਼ ਅਰੋੜਾ, ਡਿਪਟੀ ਕਮਿਸ਼ਨਰ ਸ੍ਰੀ ਗੁਰਿੰਦਰਜੀਤ ਸਿੰਘ ਸੰਧੂ ਵਿਲਕਦੇ ਲੋਕਾਂ ਨਾਲ ਹਮਦਰਦੀ ਪ੍ਰਗਟ ਕਰ ਰਹੇ ਸਨ। ਜਦੋਂ ਇਕ ਬਜ਼ੁਰਗ ਕਬੱਡੀ ਖੇਡਣ ਆਏ ਆਪਣੇ ਦੋ ਸਰੂ ਵਰਗੇ ਪੋਤਿਆਂ ਦੀਆਂ ਲਾਸ਼ਾਂ ਟਰਾਲੀ 'ਚ ਰੱਖ ਕੇ ਤੁਰਿਆ ਤਾਂ ਉਥੇ ਖੜ੍ਹੇ ਹਰ ਸਖਸ਼ ਦੀਆਂ ਅੱਖਾਂ ਘਰਾਲ਼ਾਂ ਵਾਂਗ ਵਗ ਤੁਰੀਆਂ। ਕਈ ਸਾਰੀਆਂ ਲਾਸ਼ਾਂ ਤਾਂ ਅਗਲੇ ਦਿਨ ਕਣਕਾਂ ਦੇ ਖੇਤਾਂ 'ਚੋਂ ਮਿਲੀਆਂ। ਜ਼ਖਮੀ ਲੋਕ ਤੱਤੇ-ਤੱਤੇ ਘਾ ਜਾਨ ਬਚਾਉਣ ਲਈ ਦੌੜਦੇ ਗਏ ਤੇ ਫਿਰ ਜ਼ਖਮਾਂ ਦੀ ਤਾਬ ਨਾ ਝੱਲਦੇ ਹੋਏ ਠੰਡੇ ਮੌਸਮ ਵਿਚ ਸਦਾ ਲਈ ਠੰਡੇ ਹੋ ਗਏ। ਮਰਨ ਵਾਲਿਆਂ ਵਿਚ ਹਰ ਜਾਤ-ਮਜ਼ਹਬ ਦਾ ਬੰਦਾ ਸ਼ਾਮਲ ਸੀ। ਬਾਰਾਂ ਡਾਕਟਰਾਂ ਦੇ ਦਸਤੇ ਨੇ ਪਿੰਡ ਵਿਚ ਹੀ ਲਾਸ਼ਾਂ ਦਾ ਪੋਸਟ ਮਾਰਟਮ ਕੀਤਾ ਅਤੇ ਲਾਸ਼ਾਂ ਵਾਰਸਾਂ ਦੇ ਹਵਾਲੇ ਕਰ ਦਿੱਤੀਆਂ। ਹਰ ਵੇਖਣ ਵਾਲਾ ਹੈਰਾਨ ਪ੍ਰੇਸ਼ਾਨ ਸੀ ਕਿ ਇਹ ਕੀ ਭਾਣਾ ਵਰਤ ਗਿਆ। ਜ਼ਾਲਮਾਂ ਨੇ ਸੰਤਾਂ ਮਹਾਂਪੁਰਸ਼ਾਂ ਦੀ ਨਗਰੀ ਨੂੰ ਵੀ ਨਹੀਂ ਬਖਸ਼ਿਆ।

ਠਾਕਰਦੁਆਰਾ ਅਤੇ ਪਿੰਡ ਦੀਆਂ ਗਲੀਆਂ ਜਿਹੜੀਆਂ ਇਕ ਦਿਨ ਪਹਿਲਾਂ ਵੱਖ-ਵੱਖ ਤਰ੍ਹਾਂ ਦੇ ਰੰਗਾਂ ਨਾਲ ਭਰੀਆਂ ਪਈਆਂ ਸਨ, ਅੱਜ ਸਿਰਫ ਇਕੋ ਰੰਗ ਨਾਲ ਰੰਗੀਆਂ ਗਈਆਂ ਸਨ, ਉਹ ਸੀ ਇਨਸਾ-ਨੀਅਤ ਦਾ ਲਾਲ ਸੂਹਾ ਰੰਗ, ਖੂਨ। ਗਲੀਆਂ ਵਿਚ ਖਿੱਲਰੇ ਪਰਨੇ, ਚੁੰਨੀਆਂ, ਜੁੱਤੀਆਂ ਦੇਖ ਕੇ ਕਾਲਜੇ ਦਾ ਰੁੱਗ ਭਰਦਾ ਸੀ ਕਿ ਲੋਕ ਆਪਣੀ ਜਾਨ ਬਚਾਉਣ ਲਈ ਕਿੰਝ ਦੌੜੇ ਹੋਣਗੇ। ਇਸ ਘਟਨਾ ਤੋਂ ਬਾਅਦ ਪਿੰਡ ਦੇ ਲੋਕਾਂ ਵਿਚ ਇੰਨਾ ਡਰ ਤੇ ਸਹਿਮ ਪੈਦਾ ਹੋ ਗਿਆ ਸੀ ਕਿ ਉਹ ਹੱਸਣਾ ਖੇਡਣਾ ਵੀ ਭੁੱਲ ਗਏ ਸਨ। ਗ਼ਮਾਂ ਦੀਆਂ ਹਨ੍ਹੇਰੀਆਂ ਨੇ ਉਹਨਾਂ ਨੂੰ ਸਹਿਮ ਦੇ ਚੱਕਰਵਿਊ ਵਿਚ ਕੈਦ ਕਰ ਲਿਆ ਸੀ। ਇਸ ਮਾਹੌਲ ਤੋਂ ਪਹਿਲਾਂ ਅਸੀਂ ਸਕੂਲੋਂ ਸਾਰੀ ਛੁੱਟੀ ਹੁੰਦੇ ਸਾਰ ਹੀ ਬਸਤੇ ਘਰਾਂ ਵਿਚ ਰੱਖ ਕੇ, ਯਾਰਾਂ ਦੋਸਤਾਂ ਨੇ ਇਕੱਠਿਆਂ ਹੋ ਕੇ ਪਿੰਡ ਦੇ ਲਹਿੰਦੇ ਪਾਸੇ ਖੇਡ ਦੇ ਮੈਦਾਨ ਵਿਚ ਖੇਡਣ ਚਲੇ ਜਾਣਾ।

ਮਲ੍ਹਿਆਂ ਤੋਂ ਬੇਰ ਤੋੜ-ਤੋੜ ਕੇ ਖਾਣੇ ਅਤੇ ਮੂੰਹ ਹਨ੍ਹੇਰੇ ਘਰ ਵੜਨਾ। ਪਰ ਇਸ ਘਟਨਾ ਤੋਂ ਬਾਅਦ ਬੱਚੇ ਤਾਂ ਕੀ ਵੱਡੇ ਵੀ ਸੂਰਜ ਖੜ੍ਹੇ-ਖੜ੍ਹੇ ਘਰ ਵਾਪਸ ਆਉਣ ਲੱਗ ਪਏ। ਇਕ ਵਾਰ ਅਸੀਂ ਖੇਡ ਰਹੇ ਸਾਂ ਕਿ ਖੇਡ ਦੇ ਮੈਦਾਨ ਲਾਗਿਉਂ ਇਕ ਚਿੱਟੀ ਜਿਪਸੀ ਲੰਘੀ। ਅਸੀਂ ਡਰਦੇ ਮਾਰੇ ਦੌੜ ਕੇ ਮਲ੍ਹਿਆਂ ਦੇ ਉਹਲੇ ਲੰਮੇ ਪੈ ਗਏ। ਜਦੋਂ ਗੱਡੀ ਦੀ ਆਵਾਜ਼ ਸੁਣਨੋਂ ਹਟ ਗਈ ਤਾਂ ਫਿਰ ਉੱਠ ਕੇ ਘਰਾਂ ਵੱਲ ਦੌੜੇ। ਦਹਿਸ਼ਤ ਇੰਨੀ ਪਸਰੀ ਹੋਈ ਸੀ ਕਿ ਲੋਕਾਂ ਨੇ ਸ਼ਾਮ ਦਾ ਖਾਣਾ ਸੂਰਜ ਡਿਗਣ ਤੋਂ ਪਹਿਲਾਂ ਖਾਣਾ ਸ਼ੁਰੂ ਕਰ ਦਿੱਤਾ ਸੀ।

ਰਾਤ ਨੂੰ ਅੱਠ ਵਜੇ ਹੀ ਲੋਕ ਬੱਤੀਆਂ ਬੁਝਾ ਕੇ ਦਰਵਾਜ਼ਿਆਂ ਦੇ ਅੰਦਰੋਂ ਕੁੰਡੇ ਮਾਰ ਕੇ ਸੌਂ ਜਾਂਦੇ ਸਨ। ਜਦੋਂ ਰਾਤ ਨੂੰ ਗ਼ਲੀਆਂ ਵਿਚ ਕੁੱਤਿਆਂ ਦੇ ਭੌਂਕਣ ਦੀ ਆਵਾਜ਼ ਸੁਣਨੀ ਤਾਂ ਸਾਰਿਆਂ ਨੂੰ ਭੈਅ ਆਉਣਾ ਕਿ ਕੋਈ ਫਿਰ ਨਾ ਰਾਹਾਂ ਵਿਚ ਖੂਨ ਦਾ ਪਿਆਸਾ ਘੁੰਮਦਾ ਹੋਵੇ।

ਅਗਲੇ ਦਿਨ ਪਿੰਡ ਦੇ ਆਲੇ ਦੁਆਲੇ 13 ਸਿਵੇ ਬਲ਼ੇ ਸਨ। ਮੈਂ ਇੰਨੇ ਸਿਵੇ ਇਕੱਲੇ ਬਲਦੇ ਆਪਣੀ ਜ਼ਿੰਦਗੀ ਵਿਚ ਅੱਜ ਤੱਕ ਕਦੇ ਨਹੀਂ ਦੇਖੇ। ਅੱਜ ਵੀ ਜਦੋਂ ਇਹ ਦ੍ਰਿਸ਼ ਮੇਰੀਆਂ ਅੱਖਾਂ ਸਾਹਵੇਂ ਆਉਂਦਾ ਹੈ ਤਾਂ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਸੋਚਦਾ ਹਾਂ ਕੀ ਮਿਲਿਆ ਆਪਣਿਆਂ ਨੂੰ ਆਪਣਿਆਂ ਦੇ ਖੂਨ ਨਾਲ ਹੋਲੀ ਖੇਡ ਕੇ। ਅਸੀਂ ਜਨਰਲ ਡਾਇਰ ਦੁਆਰਾ ਕੀਤੇ ਜ਼ੁਲਮ ਨੂੰ ਅੱਜ ਤੱਕ ਨਿੰਦਦੇ ਹਾਂ। ਪਰ ਜਦੋਂ ਆਪਣੇ ਹੀ ਆਪਣਿਆਂ ਦਾ ਘਾਣ ਕਰ ਜਾਣ ਤਾਂ ਫਿਰ ਦੋਸ਼ ਕਿਸਦੇ ਸਿਰ ਮੜ੍ਹੀਏ। ਅਰਦਾਸ ਕਰਦੇ ਹਾਂ ਰੱਬ ਅੱਗੇ ਕਿ ਇਸ ਗੁਰੂਆਂ, ਪੀਰਾਂ, ਰਿਸ਼ੀਆਂ ਮੁਨੀਆਂ ਪੈਗੰਬਰਾਂ ਦੀ ਸਾਂਝੀ ਧਰਤੀ ਉਤੇ ਉਸ ਤਰ੍ਹਾਂ ਦੀ ਕੌੜ ਵਾ ਮੁੜ ਕਦੇ ਨਾ ਵੱਗੇ। ਇਸ ਸਰ-ਜ਼ਮੀਨ ਦਾ ਹਰ ਸ਼ਖਸ ਪਿਆਰ ਮੁਹੱਬਤ ਨਾਲ ਰਹੇ। ਭਾਈ ਭਾਈਆਂ ਦੀਆਂ ਬਾਹਵਾਂ ਬਣ ਕੇ ਨਿਭਦੇ ਰਹਿਣ ਅਤੇ ਇਕ ਦੂਜੇ ਦਾ ਜਾਨੀ ਮਾਲੀ ਨੁਕਸਾਨ ਕਰਨ ਬਾਰੇ ਕਦੇ ਨਾ ਸੋਚਣ। ਰੁਖਸਤ ਲੈਂਦਾ ਹਾਂ ਡਾ. ਜਗਤਾਰ ਦੇ ਸ਼ੇਅਰ ਨਾਲ:

ਭਾਈ ਤਾਂ ਹੁੰਦੇ ਨੇ ਬਾਹਵਾਂ ਬੇ-ਵਜ੍ਹਾ ਨਾ ਕਤਲ ਕਰ,
ਜੇ ਪਿਆ ਮਿਲਣਾ ਮਿਲੇਂਗਾ ਕਿਹੜੀਆਂ ਬਾਹਵਾਂ ਦੇ ਨਾਲ।

(ਸਮਾਪਤ)



ਸਤਵੰਤ ਕੌਰ ਕਲੋਟੀ
91-95011-98881

ਆਖਰੀ ਕਿਸਤ

# ਬ੍ਰਹਿਮੰਡ: ਇਕ ਨਜ਼ਰ (ਗਲੈਕਸੀਆਂ, ਤਾਰਿਆਂ ਅਤੇ ਗ੍ਰਹਿਆਂ ਦੀ ਦੁਨੀਆਂ)




### ਮਹੱਤਵਪੂਰਨ ਤੱਥ

1. ਸੂਰਜ ਦੇ ਪ੍ਰਕਾਸ਼ ਨੂੰ ਧਰਤੀ ਤੱਕ ਪਹੁੰਚਣ ਲਈ 8 ਮਿੰਟ ਅਤੇ 20 ਸਕਿੰਟ ਲੱਗਦੇ ਹਨ।
2. ਸੂਰਜ ਧਰਤੀ ਦਾ ਸਭ ਤੋਂ ਨੇੜਲਾ ਤਾਰਾ ਹੈ ਜੋ ਧਰਤੀ ਤੋਂ $1.496\times10^8$ ਕਿਲੋਮੀਟਰ ਦੂਰ ਹੈ।
3. ਧਰਤੀ ਦਾ ਦੂਜਾ ਸਭ ਤੋਂ ਨੇੜਲਾ ਤਾਰਾ ਪ੍ਰੌਕਸੀਮਾ ਸੈਂ-ਟੌਰੀ (Proxima Centauri) ਹੈ ਜੋ ਧਰਤੀ ਤੋਂ 4.24 ਪ੍ਰਕਾਸ਼ੀ ਸਾਲ ਦੂਰ ਹੈ।
4. ਅਕਾਸ਼ ਗੰਗਾ ਵਿਚ 200-400 ਅਰਬ (ਬਿਲੀਅਨ) ਤਾਰੇ ਹਨ।
5. ਜੇ ਪ੍ਰਕਾਸ਼ ਨੇ ਅਕਾਸ਼ ਗੰਗਾ ਨੂੰ ਪਾਰ ਕਰਨਾ ਹੋਵੇ, ਤਾਂ ਉਸ ਨੂੰ ਇਕ ਲੱਖ ਸਾਲ ਲੱਗਣਗੇ।
6. ਸੂਰਜ ਦੇ ਪ੍ਰਕਾਸ਼ ਨੂੰ ਗਲੈਕਸੀ ਕੇਂਦਰ ਤੱਕ ਪਹੁੰਚਣ ਲ ਈ 27000 ਸਾਲ ਲੱਗਦੇ ਹਨ।
7. ਬ੍ਰਹਿਮੰਡ ਵਿਚ ਗਲੈਕਸੀਆਂ ਦੀ ਅੰਦਾਜ਼ਨ ਗਿਣਤੀ 100 ਤੋਂ 200 ਅਰਬ (ਬਿਲੀਅਨ) ਹੈ।
8. ਬ੍ਰਹਿਮੰਡ ਵਿਚ ਤਾਰਿਆਂ ਦੀ ਅੰਦਾਜ਼ਨ ਗਿਣਤੀ $10^{22}$ ਹੈ।
9. ਬ੍ਰਹਿਮੰਡ ਲਗਾਤਾਰ ਪਸਾਰ ਕਰ ਰਿਹਾ ਹੈ।
10. ਬ੍ਰਹਿਮੰਡ ਦੀ ਉਮਰ ਦਾ ਅੱਜ ਤੱਕ ਦਾ ਸਭ ਤੋਂ ਨੇੜਲੇ ਅੰਦਾਜ਼ਾ 13.8 ਅਰਬ (ਬਿਲੀਅਨ) ਸਾਲ ਹੈ।
11. ਪ੍ਰੇਖਣਯੋਗ ਬ੍ਰਹਿਮੰਡ ਦਾ ਅੰਦਾਜ਼ਨ ਅਰਧ ਵਿਆਸ 46 ਬਿਲੀਅਨ ਪ੍ਰਕਾਸ਼ੀ ਸਾਲ ਹੈ।
12. ਹੱਬਲ ਖਗੋਲੀ ਦੂਰਬੀਨ ਪੁਲਾੜ ਵਿਚ ਸਥਾਪਿਤ ਦੂਰਬੀਨ ਹੈ, ਜੋ ਧਰਤੀ ਦੇ ਤਲ ਤੋਂ ਕਰੀਬ 560 ਕਿਲੋਮੀਟਰ ਉਚਾਈ 'ਤੇ ਇਸ ਦੁਆਲੇ ਪਰਿਕਰਮਾ ਕਰ ਰਹੀ ਹੈ। ਇਸ ਦਾ ਮੁੱਖ ਕੰਮ ਪੁਲਾੜ ਦੀ ਪੜਚੋਲ ਕਰਨਾ ਹੈ।
13. ਐਂਡਰੋਮੇਡਾ ਨਾਂ ਦੀ ਗਲੈਕਸੀ ਅਕਾਸ਼ ਗੰਗਾ ਵੱਲ ਨੂੰ ਗਤੀ ਕਰ ਰਹੀ ਹੈ। ਕਦੇ ਨਾ ਕਦੇ ਇਸ ਦਾ ਅਕਾਸ਼ ਗੰਗਾ ਵਿਚ ਰਲੇਵਾਂ ਹੋ ਜਾਣ ਦੀ ਸੰਭਾਵਨਾ ਹੈ।
14. ਗਲੈਕਸੀਆਂ ਲੱਗਭੱਗ 13.8 ਬਿਲੀਅਨ ਸਾਲ ਪਹਿਲਾਂ ਵਾਪਰੀ ਬਿੱਗ ਬੈਂਗ ਘਟਨਾ ਤੋਂ ਬਾਅਦ ਕੁਝ ਮਿਲੀਅਨ ਸਾਲਾਂ ਦੇ ਅੰਦਰ-ਅੰਦਰ ਹੀ ਹੋਂਦ ਵਿਚ ਆ ਗਈਆਂ ਸਨ।
15. ਸੂਰਜ ਦਰਮਿਆਨੀ ਚਮਕ ਵਾਲਾ G ਸ਼੍ਰੇਣੀ ਦਾ ਤਾਰਾ ਹੈ।
16. ਰਾਤ ਦੇ ਅਕਾਸ਼ ਦਾ ਸਭ ਤੋਂ ਵਧੇਰੇ ਚਮਕਦਾਰ ਤਾਰਾ ਸੀਰੀਅਸ (Sirius) ਹੈ ਜੋ A ਸ਼੍ਰੇਣੀ ਦਾ ਤਾਰਾ ਹੈ।
17. ਵੱਖ-ਵੱਖ ਸਮਿਆਂ ਤੇ ਵੱਖ-ਵੱਖ ਤਾਰੇ ਧਰੁਵ ਤਾਰੇ ਬਣਦੇ ਹਨ, ਕਿਉਂਕਿ ਸਮੇਂ ਦੇ ਨਾਲ ਧਰਤੀ ਦਾ ਘੁੰਮਣ-ਧੁਰਾ ਡਗਮਗਾਉਂਦਾ ਰਹਿੰਦਾ ਹੈ।
18. ਅੱਜ ਤੱਕ 88 ਤਾਰਾ-ਸਮੂਹਾਂ ਬਾਰੇ ਜਾਣਕਾਰੀ ਹਾਸਲ ਹੈ।

ਇਹਨਾਂ ਦੀ ਸੂਚੀ 1922 ਈ. ਵਿਚ ਇੰਟਰਨੈਸ਼ਨਲ ਐਸਟੋਨੋਮੀਕਲ ਯੂਨੀਅਨ (IAU) ਦੁਆਰਾ ਜਾਰੀ ਕੀਤੀ ਗਈ ਸੀ, ਜੋ ਅੱਜ ਵੀ ਸਵੀਕਾਰੀ ਜਾ ਰਹੀ ਹੈ।

19. ਸੂਰਜ ਦੇ ਦੁਆਲੇ ਅੱਠ ਗ੍ਰਹਿ ਪੱਛਮ ਤੋਂ ਪੂਰਬ ਦਿਸ਼ਾ ਵਿਚ ਚੱਕਰ ਲਾਉਂਦੇ ਹਨ।
20. ਸ਼ੁੱਕਰ ਅਤੇ ਯੂਰੇਨਸ ਨੂੰ ਛੱਡ ਕੇ ਬਾਕੀ ਛੇ ਗ੍ਰਹਿ ਆਪਣੇ ਧੁਰਿਆਂ ਦੁਆਲੇ ਵੀ ਪੱਛਮ ਤੋਂ ਪੂਰਬ ਦਿਸ਼ਾ ਵਿਚ ਘੁੰਮਦੇ ਹਨ, ਜਦਕਿ ਸ਼ੁੱਕਰ ਅਤੇ ਯੂਰੇਨਸ ਪੂਰਬ ਤੋਂ ਪੱਛਮ ਦਿਸ਼ਾ ਵਿਚ ਘੁੰਮਦੇ ਹਨ।
21. ਨੈਪਚੂਨ ਦੇ ਆਰਬਿੱਟ ਦੇ ਬਾਹਰਵਾਰ, ਡਿਸਕ ਅਕਾਰ ਦੀ ਬਰਫੀਲੀਆਂ ਵਸਤੂਆਂ ਦੀ ਇਕ ਸੰਘਣੀ ਪੱਟੀ ਮੌਜੂਦ ਹੈ, ਜਿਸ ਨੂੰ ਕਈਪਰ ਪੱਟੀ (Kuiper belt) ਕਿਹਾ ਜਾਂਦਾ ਹੈ।
22. ਸੂਰਜੀ ਮੰਡਲ ਅੱਜ ਤੋਂ ਕਰੀਬ 4.6 ਅਰਬ ਸਾਲ ਪਹਿਲਾਂ ਹੋਂਦ ਵਿਚ ਆਇਆ।
23. ਅੱਜ ਤੋਂ ਕਰੀਬ 5 ਅਰਬ ਸਾਲ ਬਾਅਦ ਸੂਰਜ ਦੀ ਮੌਤ ਹੋਵੇਗੀ।
24. ਬੁੱਧ, ਸ਼ੁੱਕਰ, ਧਰਤੀ ਅਤੇ ਮੰਗਲ ਠੋਸ (ਜਾਂ ਚਟਾਨੀ) ਗ੍ਰਹਿ ਹਨ, ਜਦਕਿ ਬ੍ਰਹਸਪਤੀ, ਸ਼ਨੀ, ਯੂਰੇਨਸ ਅਤੇ ਨੈਪਚੂਨ ਗੈਸੀ ਗ੍ਰਹਿ ਹਨ।
25. ਯੂਰੇਨਸ ਅਤੇ ਨੈਪਚੂਨ ਨੂੰ ਬਰਫੀਲੇ ਦਾਨਵ (Icy giants) ਵੀ ਕਿਹਾ ਜਾਂਦਾ ਹੈ।
26. ਬੁੱਧ ਸੂਰਜ ਦਾ ਸਭ ਤੋਂ ਨੇੜਲ ਗ੍ਰਹਿ ਹੈ, ਜਦਕਿ ਨੈਪਚੂਨ ਸਭ ਤੋਂ ਦੁਰੇਡਾ।
27. ਬੁੱਧ ਆਕਾਰ ਵਿਚ ਸੂਰਜੀ ਮੰਡਲ ਦਾ ਸਭ ਤੋਂ ਛੋਟਾ ਗ੍ਰਹਿ ਹੈ, ਜਦਕਿ ਬ੍ਰਹਸਪਤੀ ਸਭ ਤੋਂ ਵੱਡਾ।
28. ਬੁੱਧ ਸੂਰਜੀ ਮੰਡਲ ਦਾ ਸਭ ਤੋਂ ਘੱਟ ਪੁੰਜ ਵਾਲਾ ਗ੍ਰਹਿ ਹੈ, ਜਦਕਿ ਬ੍ਰਹਸਪਤੀ ਸਭ ਤੋਂ ਵਧੇਰੇ ਪੁੰਜ ਵਾਲਾ।
29. ਸ਼ੁੱਕਰ ਸੂਰਜੀ ਮੰਡਲ ਦਾ ਸਭ ਤੋਂ ਵਧੇਰੇ ਗਰਮ ਗ੍ਰਹਿ ਹੈ।
30. ਸ਼ੁੱਕਰ ਦਾ ਵਾਯੂਮੰਡਲ ਸਾਰੇ ਗ੍ਰਹਿਆਂ ਤੋਂ ਵਧੇਰੇ ਸੰਘਣਾ ਹੈ।
31. ਸ਼ੁੱਕਰ ਸੂਰਜੀ ਮੰਡਲ ਦਾ ਸਭ ਤੋਂ ਵਧੇਰੇ ਚਮਕਦਾਰ ਗ੍ਰਹਿ ਹੈ।
32. ਐਰਿਸ (Eris) ਸੂਰਜੀ ਮੰਡਲ ਦਾ ਸਭ ਤੋਂ ਅਧਿ-ਕਤਮ ਪੁੰਜ ਵਾਲਾ ਬੌਣਾ ਗ੍ਰਹਿ (Dwarf Planet) ਹੈ।
33. ਜੀਵਨ ਦੀ ਹੋਂਦ ਲਈ ਜ਼ਰੂਰੀ ਹਾਲਤਾਂ, ਸੂਰਜੀ ਮੰਡਲ ਦੇ ਗ੍ਰਹਿਆਂ ਵਿਚੋਂ ਕੇਵਲ ਧਰਤੀ ਉਤੇ ਹੀ ਮੌਜੂਦ ਹਨ।
34. ਸਪਤਨਿਕ-1 ਪੁਲਾੜ ਵਿਚ ਭੇਜਿਆ ਜਾਣ ਵਾਲਾ ਪਹਿਲਾ ਬਨ-ਾਉਟੀ ਉਪਗ੍ਰਹਿ ਸੀ ਜੋ ਸੋਵੀਅਤ ਯੂਨੀਅਨ ਦੁਆਰਾ 4 ਅਕਤੂਬਰ 1957 ਨੂੰ ਲਾਂਚ ਕੀਤਾ ਗਿਆ।
35. ਲਾਇਕਾ ਨਾਂ ਦੀ ਕੁੱਤੀ ਪੁਲਾੜ ਵਿਚ ਜਾਣ ਵਾਲਾ ਪਹਿਲਾ ਸਜੀਵ ਸੀ, ਜੋ 3 ਨਵੰਬਰ, 1957 ਨੂੰ ਸਪਤਨਿਕ-2 ਨਾਂ ਦੇ ਬਨਾਉਟੀ ਉਪਗ੍ਰਹਿ ਵਿਚ ਪੁਲਾੜ ਵਿਚ ਭੇਜੀ ਗਈ।
36. ਭਾਰਤ ਨੇ ਆਪਣਾ ਪਹਿਲਾ ਉਪਗ੍ਰਹਿ 'ਆਰੀਆ ਭੱਟ' 19 ਅਪ੍ਰੈਲ, 1975 ਨੂੰ ਲਾਂਚ ਕੀਤਾ।
37. ਭਾਰਤ ਦਸੰਬਰ 2014 ਤੱਕ ਲੱਗਭੱਗ 75 ਉਪਗ੍ਰਹਿ ਲਾਂਚ ਕਰ ਚੁੱਕਾ ਹੈ।
38. ਰਾਕੇਸ਼ ਸ਼ਰਮਾ ਪੁਲਾੜ ਵਿਚ ਜਾਣ ਵਾਲਾ ਪਹਿਲਾ ਭਾਰਤੀ ਸੀ।
39. ਯੂਰੀ ਗਾਗਰਿ ਪੁਲਾੜ ਵਿਚ ਜਾਣ ਵਾਲਾ ਪਹਿਲਾ ਮਨੁੱਖ ਸੀ।
40. ਨੀਲ ਆਰਮਸਟਰੌਂਗ ਚੰਨ ਦੀ ਸਤ੍ਹਾ ਉਤੇ ਉਤਰਨ ਵਾਲਾ ਪਹਿਲਾ ਮਨੁੱਖ ਸੀ।
41. 24 ਸਤੰਬਰ, 2014 ਨੂੰ ਭਾਰਤ ਨੇ ਮੰਗਲ ਆਰਬਿੱਟਰ ਮਿਸ਼ਨ (ਮੰਗਲਯਾਨ) ਆਪਣੀ ਪਹਿਲੀ ਕੋਸ਼ਿਸ਼ ਵਿਚ ਹੀ ਮੰਗਲ ਦੇ ਗ੍ਰਹਿ-ਪੰਧ ਵਿਚ ਸਥਾਪਤ ਕੀਤਾ।
42. 12 ਨਵਬੰਰ, 2014 ਨੂੰ ਫਿਲੇ (Philae) ਨਾਂ ਦਾ ਰੋਬੋਟਿਕ ਲੈਂਡਰ ਚੁਰੀਯੂਮੋਵ ਗੀਰਾਸੀਮੈਂਕੋ (67P) ਨਾਂ ਦੇ ਧੂਮਕੇਤੂ ਉਤੇ ਸਫਲਤਾ ਪੂਰਵਕ ਉਤਾਰਿਆ ਜਾ ਚੁੱਕਾ ਹੈ।

(ਸਮਾਪਤ)

## ਕਸਬ

ਹਰਵਿੰਦਰ ਸਾਹਬੀ (02-09-1970)

ਦਰਦਾਂ ਦੇ ਬੂਟੇ ਨੂੰ
ਲੱਗੇ, ਫੁੱਲ ਹਾਂ ਅਸੀਂ
ਸੁਰਖੀ ਅਸਾਡੀ
ਅਸਾਡੇ ਜ਼ਖਮਾਂ 'ਚੋਂ
ਰਿਸਦਾ ਲਹੂ ਹੈ

ਸੁਗੰਧੀਆਂ 'ਚ ਸ਼ਾਮਲ ਅਸਾਡੇ
ਹਉਕੇ ਤੇ ਆਹਾਂ
ਤੇ ਹਰਦਮ ਮੁਸਕਰਾਉਣਾ
ਕਸਬ ਅਸਾਡਾ।

ਮਲੂਕ ਪੱਤੀਆਂ
ਖਹਿਬੜਦਿਆਂ ਤੇ ਖਹਿੰਦਿਆਂ
ਕੰਡਿਆਂ ਦੇ ਨਾਲ
ਅਸਾਨੂੰ ਰਿਹਾ ਸਦਾ ਆਪਣੀ
ਕੋਮਲਤਾ ਦਾ ਖਿਆਲ

ਤਿੱਖੀਆਂ ਧੁੱਪਾਂ
ਤੇਜ਼ ਹਵਾਵਾਂ
ਝੁਲਦੇ ਝੱਖੜਾਂ ਨਾਲ
ਦੋ-ਦੋ ਹੱਥ ਹਮੇਸ਼ਾਂ ਕੀਤੇ
ਹਰ ਹੀਲੇ, ਹਰ ਸਾਲ।

ਮੁੱਖ ਨੇ ਸ਼ਾਂਤ ਸਮੁੰਦਰ
ਦਿਲ ਨੇ ਨਦੀਆਂ ਮੱਛੀਆਂ
ਅਸੀਂ ਆਪਣੇ ਫੁੱਲਾਂ ਦੀਆਂ
ਮਲੂਕ ਪੱਤੀਆਂ।

## ਕੰਜਕ

ਦਾਸ ਭਾਰਤੀ (01-01-1954)

ਨਾ ਜਾਣਾ ਕੌਣ ਅੰਮਾਂ ਮੇਰੀ
ਕਿਹੜਾ ਧਰਮੀ ਬਾਪ।
ਇਸ ਜੀਵਨ ਦੇ ਨਾਂ ਤੇ ਭੋਗਿਆ
ਸਖੀਏ ਨਿਰਾ ਸੰਤਾਪ।
ਕੰਜਕ ਕੁਆਰੀ ਕਾਇਆ ਮੇਰੀ
ਦੋ ਟੁੱਕ ਦੇ ਵਿਚ ਰੋਲੀ

ਹੱਡਾ ਰੋੜੀ ਦੇ ਵਹਿਸ਼ੀ ਕੁੱਤੇ
ਮੱਲ ਬੈਠੇ ਮੇਰੀ ਖੋਲ਼ੀ।
ਰਾਸ਼ਨ ਕਾਰਡ ਦੇ ਇਵਜ਼ 'ਚ ਮੈਨੂੰ
ਬਾਬੂ ਸਦਾ ਬੁਲਾਵੇ
ਥਾਣੇ ਅਤੇ ਕਚਹਿਰੀ ਦੇ 'ਚ
ਮੇਰੇ ਤਨ ਤੇ ਠੱਪੇ ਲਾਵੇ।


ਇਕ ਅਬਲਾ ਦੁਖਿਆਰੀ ਦੇ
ਤੂੰ ਕੇਹੇ ਲਿਖੇ ਨੇ ਲੇਖ
ਕੰਜਕ ਪੂਜਣ ਵਾਲੜਿਆ
ਕਿਤੇ ਕੰਜਕ ਬਣ ਕੇ ਦੇਖ।

# ਦੇਸ਼ ਦੀ ਅਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਦੇ ਅਧੂਰੇ ਪਏ ਸੁਪਨੇ



ਕੁਲਦੀਪ ਚੰਦ
9417563054

ਸਾਡਾ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ ਪਹਿਲਾਂ ਮੁਗਲਾਂ ਦਾ ਅਤੇ ਫਿਰ ਅੰਗਰੇਜਾਂ ਦਾ। ਇਸ ਗੁਲਾਮੀ ਤੋਂ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਅਣਗਣਿਤ ਦੇਸ਼ਭਗਤਾਂ ਨੇ ਲੜਾਈਆਂ ਲੜੀਆਂ ਤੇ ਕੁਰਬਾਨੀਆਂ ਦਿਤੀਆਂ। ਇਨ੍ਹਾਂ ਕੁਰਬਾਨੀਆਂ ਸਦਕਾ ਆਖਿਰ 15 ਅਗੱਸਤ 1947 ਨੂੰ ਸਾਨੂੰ ਅਜ਼ਾਦੀ ਹਾਸਲ ਹੋਈ। ਹਕੀਕਤ ਵਿੱਚ ਇਸ ਅਜ਼ਾਦੀ ਦੀ ਰੋਸ਼ਨੀ ਅਜੇ ਤੱਕ ਵੀ ਬਹੁਤੇ ਦੇਸ਼ਵਾਸੀਆਂ ਤੱਕ ਨਹੀਂ ਪਹੁੰਚੀ ਹੈ ਅਤੇ ਉਹ ਅਜੇ ਵੀ ਗੁਲਾਮਾਂ ਵਰਗਾ ਜੀਵਨ ਜੀਅ ਰਹੇ ਹਨ। ਭਾਰਤ ਦੇਸ਼ ਜਿਸਨੂੰ ਕਦੇ ਸੋਨੇ ਦੀ ਚਿੜੀ ਕਿਹਾ ਜਾਂਦਾ ਸੀ ਵਿੱਚ ਅਜ਼ਾਦੀ ਦੇ 69 ਸਾਲ ਬੀਤਣ ਦੇ ਬਾਬਜੂਦ ਬਹੁਤੇ ਲੋਕ ਮੁਢਲੀਆਂ ਸਹੂਲਤਾਂ ਲਈ ਤਰਸ ਰਹੇ ਹਨ। ਦੇਸ਼ ਦੀ ਜ਼ਿਆਦਾਤਰ ਜਨਤਾ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ ਦੀ ਸ਼ਿਕਾਰ ਹੈ। ਇਹਨਾਂ ਲੋਕਾਂ ਨੂੰ ਜੀਵਨ ਜਿਉਣ ਲਈ ਜ਼ਰੂਰੀ ਸਾਧਨ ਉਪਲਬੱਧ ਨਹੀਂ ਹੋਏ। ਆਰਥਿਕ ਵਿਕਾਸ ਦੇ ਦਾਅਵੇ ਕਰਨ ਵਾਲੀਆਂ ਸਰਕਾਰਾਂ ਨੂੰ ਇਹ ਸਭ ਨਜ਼ਰ ਨਹੀਂ ਆ ਰਿਹਾ ਅਤੇ ਵਿਕਾਸ ਦੇ ਦਾਅਵੇ ਕਰਦੀਆਂ ਵੱਡੀਆਂ-ਵੱਡੀਆਂ ਇਮਾਰਤਾਂ ਹੀ ਨਜਰ ਆਂਦੀਆਂ ਹਨ ਕਦੇ ਕਿਸੇ ਗਰੀਬ ਦੀ ਕੁਲੀ ਵੱਲ ਨਜਰ ਨਹੀਂ ਗਈ। ਜਦੋਂ ਵੀ ਕੋਈ ਜਨ ਸਮੱਸਿਆਵਾਂ ਦੀ ਗੱਲ ਕਰਦਾ ਹੈ ਤਾਂ ਸਰਕਾਰ ਆਰਥਿਕ ਵਿਕਾਸ ਦੇ ਵਾਧੇ ਦੀ ਦਰ ਦੇ ਗੁਣ ਗਾਣ ਲੱਗ ਪੈਂਦੀ ਹੈ। ਦੇਸ਼ ਦੀ ਜ਼ਿਆਦਾ ਆਬਾਦੀ ਨੂੰ ਅੱਜ ਵੀ ਪੀਣ ਵਾਲਾ ਸਾਫ ਪਾਣੀ ਅਤੇ ਸਿਹਤ ਸਹੂਲਤਾਂ ਪ੍ਰਾਪਤ ਨਹੀਂ ਹਨ। ਕਰੋੜਾਂ ਲੋਕਾਂ ਕੋਲ ਅੱਜ ਵੀ ਰਹਿਣ ਲਈ ਮਕਾਨ ਨਹੀਂ ਹਨ ਅਤੇ ਫੁੱਟਪਾਥਾਂ, ਰੇਲਵੇ ਸਟੇਸਨਾਂ ਆਦਿ ਤੇ ਰਾਤਾਂ ਕੱਟਦੇ ਹਨ, ਵਿਕਸਿਤ ਦੇਸ਼ਾਂ ਦੀ ਲੜੀ ਵਿੱਚ ਸ਼ਾਮਲ ਹੋਣ ਜਾ ਰਹੇ ਭਾਰਤ ਵਿੱਚ ਮਹਿਲਾਵਾਂ ਅਤੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, ਕਈ ਮਹਿਲਾਵਾਂ ਨੂੰ ਪਰਿਵਾਰ ਦਾ ਪੇਟ ਪਾਲਣ ਲਈ ਜਿਸਮ ਤੱਕ ਵੇਚਣੇ ਪੈਂਦੇ ਹਨ। ਬਹੁਤੇ ਲੋਕ ਦਵਾਈਆਂ ਨਾਂ ਮਿਲਣ ਕਾਰਨ ਇਲਾਜ਼ ਬਿਨਾਂ ਮਰ ਜਾਂਦੇ ਹਨ ਜਦਕਿ ਸਾਡੇ ਮੰਤਰੀ ਸੰਤਰੀ ਛੋਟੀ-ਛੋਟੀ ਬਿਮਾਰੀ ਹੋਣ ਤੇ ਵੀ ਵਿਦੇਸ਼ਾਂ ਵਿੱਚ ਸਰਕਾਰੀ ਖਰਚੇ ਤੇ ਇਲਾਜ਼ ਕਰਵਾਂਦੇ ਹਨ। ਹਰ ਸਾਲ ਲੱਖਾਂ ਟਨ ਆਨਾਜ ਗੋਦਾਮਾਂ ਵਿੱਚ ਸੜ ਰਿਹਾ ਹੈ ਪਰ ਸਰਕਾਰੀ ਮੰਤਰੀ ਕਿਸੇ ਗਰੀਬ ਦੇ ਮੂੰਹ ਵਿੱਚ ਨਹੀਂ ਪੈਣ ਦਿੰਦੇ ਹਨ, ਉਲਟਾ ਆਨਾਜ ਦੀ ਥੁੜ੍ਹ ਦੱਸ ਕੇ ਬਾਹਰਲੇ ਦੇਸ਼ਾਂ ਤੋਂ ਆਨਾਜ ਆਯਾਤ ਕਰਦੇ ਹਨ ਅਤੇ ਕਮੀਸ਼ਨ ਨਾਲ ਆਪਣੀਆਂ ਤਿਜੋਰੀਆਂ ਭਰਦੇ ਹਨ। ਇੱਕ ਗਰੀਬ ਵਿਅਕਤੀ ਦਿਨ ਭਰ ਦੀ ਹੱਡ ਭੰਨਵੀ ਮਿਹਨਤ ਕਰਕੇ ਦੋ ਵਕਤ ਦੀ ਰੋਟੀ ਬੜੀ ਮੁਸ਼ਕਿਲ ਨਾਲ ਖਾਂਦਾ ਹੈ ਦੂਸਰੇ ਪਾਸੇ ਕਈ ਸਰਕਾਰੀ ਅਫਸਰ ਸਰਕਾਰ ਤੋਂ ਤਨਖਾਹ ਵੀ ਲੈਂਦੇ ਹਨ ਅਤੇ ਲੋਕਾਂ ਦੇ ਕੰਮ ਕਰਨ ਦੇ ਬਦਲੇ ਰਿਸ਼ਵਤ ਵੀ ਲੈਂਦੇ ਹਨ। ਦੇਸ਼ ਵਿੱਚ ਕਾਨੂੰਨ ਇਸ ਤਰ੍ਹਾਂ ਲਾਗੂ ਕੀਤਾ ਜਾਂਦਾ ਹੈ ਕਿ ਅਮੀਰ ਜੁਰਮ ਕਰਕੇ ਵੀ ਬਚ ਜਾਂਦਾ ਹੈ ਪਰ ਗਰੀਬ ਜੁਰਮ ਨਾ ਕਰਕੇ ਵੀ ਫਸ ਜਾਂਦਾ ਹੈ। ਹਜਾਰਾਂ ਰੁਪਏ ਦੇ ਗਰੀਬ ਕਰਜ਼ਦਾਰ ਨੂੰ ਬੈਂਕ ਅਤੇ ਪ੍ਰਸ਼ਾਸ਼ਨ ਇੰਨਾ ਤੰਗ ਪ੍ਰੇਸ਼ਾਨ ਕਰਦਾ ਹੈ ਕਿ ਉਹ ਆਤਮਹੱਤਿਆ ਤੱਕ ਕਰ ਲੈਂਦਾ ਹੈ ਦੂਜੇ ਪਾਸੇ ਵਿਜੇ ਮਾਲੀਆ ਵਰਗੇ ਲੋਕ ਕਰੋੜ੍ਹਾਂ ਰੁਪਏ ਲੈਕੇ ਵਿਦੇਸ਼ਾਂ ਨੂੰ ਭੱਜ ਜਾਂਦੇ ਹਨ। ਅੱਜ ਦੀ ਪੁਲਿਸ ਅੰਗਰੇਜ਼ਾਂ ਨਾਲੋਂ ਵੀ ਵੱਧ ਜ਼ੁਲਮ ਜਨਤਾ ਤੇ ਕਰਦੀ ਹੈ। ਸਾਰੇ ਮੰਤਰੀ ਕਾਨੂੰਨ ਤੋਂ ਉਪਰ ਹਨ ਅਤੇ ਲੱਖਾਂ ਕਰੋੜ ਦੇ ਘੋਟਾਲੇ ਕਰਕੇ ਵੀ ਆਜ਼ਾਦ ਘੁੰਮਦੇ ਹਨ ਅਤੇ ਕਾਨੂੰਨ ਦਾ ਮਜ਼ਾਕ ਉਡਾਉਂਦੇ ਹਨ। ਬੱਚੇ ਅੱਜ ਵੀ ਸਿਰ ਤੇ ਮੈਲ ਢੋਕੇ ਆਪਣਾ ਢਿੱਡ ਭਰਦੇ ਹਨ ਕੂੜੇ ਦੇ ਢੇਰਾਂ ਤੇ ਕਾਗਜ ਇਕੱਠੇ ਕਰਦਿਆਂ ਬਚਪਨ ਗੁਜਾਰਦੇ ਹਨ, ਬਹੁਤੇ ਰਾਜਨੀਤਿਕ ਆਗੂ ਜੋ ਆਏ ਦਿਨ ਗਿਰਗਿਟ ਵਾਂਗ ਰੰਗ ਬਦਲਦੇ ਹਨ ਰਾਜਨੀਤਿਕ ਲਾਭ ਲੈਣ ਲਈ ਭੋਲੇ ਭਾਲੇ ਲੋਕਾਂ ਨੂੰ ਲੈਕੇ ਰੋਸ ਪ੍ਰਦਰਸ਼ਨ ਕਰਦੇ ਹਨ। ਇਹ ਆਗੂ ਅਕਸਰ ਰਾਜਨੀਤਿਕ ਪਾਰਟੀਆਂ ਵੀ ਬਦਲਦੇ ਹਨ ਅਤੇ ਰਾਤੋ ਰਾਤ ਇੱਕ ਨੰਬਰ ਦੀ ਦੁਸ਼ਮਣ ਅਤੇ ਦੇਸ਼ ਵਿਰੋਧੀ ਪਾਰਟੀ ਇਨ੍ਹਾਂ ਨੂੰ ਜਾਨ ਤੋਂ ਪਿਆਰੀ ਲੱਗਣ ਲੱਗ ਜਾਂਦੀ ਹੈ। ਬਹੁਤੇ ਪਰਿਵਾਰਾਂ ਵਿੱਚ ਤਾਂ ਵੱਖ-ਵੱਖ ਮੈਂਬਰ ਵੱਖ ਵੱਖ ਰਾਜਨੀਤਿਕ ਪਾਰਟੀਆਂ ਵਿੱਚ ਬੈਠੇ ਹੋਏ ਹਨ ਅਤੇ ਸਮੇਂ ਅਨੁਸਾਰ ਅਪਣਾ ਅਪਣਾ ਕੰਮ ਕਰਦੇ ਹਨ। ਸਾਡੇ ਦੇਸ ਵਿੱਚ ਫੈਲੀਆਂ ਸੈਕੜ੍ਹੇ ਸਮਾਜਿਕ ਕੁਰਿਤੀਆਂ ਨਸ਼ੇ, ਜਾਤਿ ਪ੍ਰਥਾ, ਦਾਜ ਪ੍ਰਥਾ, ਬਾਲ ਵਿਆਹ ਪ੍ਰਥਾ, ਸਤੀ ਪ੍ਰਥਾ, ਬਾਲ ਮਜਦੂਰੀ, ਧਰਮ, ਜਾਤਿ ਦੇ ਨਾਮ ਤੇ ਕੀਤੇ ਜਾ ਰਹੇ ਅਤਿਆਚਾਰ ਬਹੁਤੇ ਰਾਜਨੀਤਿਕ ਆਗੂਆਂ ਲਈ ਸਿਰਫ ਚੋਣ ਮੁੱਦਾ ਹੀ ਰਹਿੰਦੇ ਹਨ। ਬਹੁਤੇ ਸਰਕਾਰੀ ਸਿਹਤ ਕੇਂਦਰਾਂ ਵਿੱਚ ਡਾਕਟਰਾਂ ਵਲੋਂ ਮਚਾਈ ਜਾ ਰਹੀ ਲੁੱਟ, ਮੋਟੇ ਕਮਿਸ਼ਨ ਦੇ ਚੱਕਰ ਵਿੱਚ ਕਰਵਾਏ ਜਾਂਦੇ ਟੈਸਟਾਂ ਬਾਰੇ ਫਿਲਮੀ ਕਲਾਕਾਰ ਅਮੀਰ ਖਾਨ ਨੇ ਅਪਣੇ ਟੀ ਵੀ ਸ਼ੋਅ ਸਤਿਆਮੇਵ ਜਯਤੇ ਵਿੱਚ ਬਹੁਤ ਹੀ ਵਿਸਥਾਰ ਨਾਲ ਦੱਸਿਆ ਸੀ। ਉਸ ਸ਼ੋਅ ਵਿੱਚ ਸਮਾਜ ਵਿੱਚ ਫੈਲੀਆਂ ਕੁਰੀਤੀਆਂ ਖਾਪ ਪੰਚਾਇਤ ਦੇ ਨਜਾਇਜ ਫੈਸਲੇ, ਜਾਤਿ ਪ੍ਰਥਾ ਦੇ ਅਧਾਰ ਤੇ ਹੋ ਰਹੇ ਅਤਿਆਚਾਰ, ਲਿੰਗ ਅਧਾਰਤ ਚੱਲ ਰਹੇ ਆਬਰਸ਼ਨਜ਼ ਆਦਿ ਬਾਰੇ ਦੱਸਿਆ ਗਿਆ ਸੀ। ਉਸ ਸ਼ੋਅ ਵਿੱਚ ਰਾਜਨੀਤਿਕ ਆਗੂਆਂ ਦੀ ਸਚਾਈ ਵੀ ਸਾਹਮਣੇ ਆ ਰਹੀ ਸੀ ਕਿ ਇਨ੍ਹਾਂ ਦੀ ਕਹਿਣੀ ਅਤੇ ਕਥਨੀ ਵਿੱਚ ਕਿੰਨਾ ਅੰਤਰ ਹੈ। ਸਿਖਿਆ ਦਾ ਅਧਿਕਾਰ ਹਕੀਕਤ ਵਿੱਚ ਲਾਗੂ ਨਹੀਂ ਹੋ ਰਿਹਾ ਹੈ ਅਤੇ ਬੱਚੇ ਸਕੂਲ ਜਾਣ ਦੀ ਥਾਂ ਰੋਟੀ ਦੀ ਭਾਲ ਵਿੱਚ ਕੰਮ ਕਰਦੇ ਹਨ। ਪਰ ਇਹ ਸਭ ਕੁੱਝ ਬਹੁਤੇ ਰਾਜਨੀਤਿਕ ਆਗੂਆਂ ਨੂੰ ਨਜਰ ਨਹੀਂ ਆ ਰਿਹਾ। ਵਿਧਾਨ ਸਭਾਵਾਂ, ਸੰਸਦ ਵਿੱਚ ਬੈਠੇ ਹਜਾਰਾਂ ਵਿਧਾਇਕ ਅਤੇ ਸਾਂਸਦ ਅਪਣੀਆਂ ਸਹੂਲਤਾਂ ਲਈ ਇੱਕਮੁੱਠ ਹੋ ਜਾਂਦੇ ਹਨ ਜਦਕਿ ਲੋਕਾਂ ਦੀਆਂ ਸਹੂਲਤਾਂ ਵਾਲੇ ਬਿੱਲ ਸਾਲਾਂ ਵੱਧੀ ਲਟਕਦੇ ਰਹਿੰਦੇ ਹਨ। ਸਾਡੇ ਦੇਸ ਵਿੱਚ ਅੱਜ ਵੀ ਬਹੁਤੇ ਮਨੁਖਾਂ ਦੀ ਜਿੰਦਗੀ ਦੀ ਅਹਮੀਅਤ ਜਾਨਵਰਾਂ ਨਾਲੋਂ ਵੀ ਘਟ ਹੈ। ਧਰਮ ਦੇ ਅਧਾਰ ਤੇ ਜਾਨਵਰ ਮਰਨ ਤੇ ਬਹੁਤ ਵਾਰ ਬਬਾਲ ਮਚਦਾ ਹੈ ਪਰ ਕਈ ਵਿਅਕਤੀਆਂ ਦੇ ਮਰਨ ਤੇ ਕੋਈ ਅਫਸੋਸ ਵੀ ਪ੍ਰਗਟ ਨਹੀਂ ਕਰਦਾ ਹੈ। ਦੇਸ਼ ਵਿੱਚ ਮੰਤਰੀਆਂ ਨੂੰ ਘੋਟਾਲੇ ਕਰਨ ਦੀ ਆਜ਼ਾਦੀ, ਸਰਕਾਰੀ ਕਰਮਚਾਰੀਆਂ ਅਤੇ ਅਫਸਰਾਂ ਨੂੰ ਰਿਸ਼ਵਤ ਲੈਣ ਦੀ ਆਜ਼ਾਦੀ, ਮਿਲਾਵਟਖੋਰਾਂ ਨੂੰ ਮਿਲਾਵਟ ਕਰਨ ਦੀ ਆਜ਼ਾਦੀ, ਡਾਕਟਰਾਂ ਨੂੰ ਮਰੀਜ਼ਾਂ ਦੀ ਜਾਨ ਨਾਲ ਖੇਡਣ ਦੀ ਆਜ਼ਾਦੀ, ਪੁਲਿਸ ਨੂੰ ਜਨਤਾ ਤੇ ਅਤਿਆਚਾਰ ਕਰਨ ਦੀ ਆਜ਼ਾਦੀ, ਠੇਕੇਦਾਰਾਂ ਨੂੰ ਘਟੀਆਂ ਕੰਮ ਕਰਨ ਦੀ ਆਜ਼ਾਦੀ, ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਨੂੰ ਨਾ ਪੜ੍ਹਾਉਣ ਦੀ ਆਜ਼ਾਦੀ ਮਿਲੀ ਹੋਈ ਹੈ। ਹੁਣ ਸਰਕਾਰ ਸਾਰਾ ਕੁਝ ਪ੍ਰਾਈਵੇਟ ਕਰਕੇ ਆਪਣੀਆਂ ਸਾਰੀਆਂ ਜਿੰਮੇਵਾਰੀਆਂ ਤੋਂ ਮੁਕੱਤ ਹੋ ਜਾਣਾ ਚਾਹੁੰਦੀ ਹੈ। ਸਰਕਾਰੀ ਮਹਿਕਮਿਆਂ ਨੂੰ ਘਾਟੇ ਵਾਲੇ ਸਾਬਿਤ ਕਰਕੇ ਬੰਦ ਕੀਤਾ ਜਾ ਰਿਹਾ ਹੈ ਅਤੇ ਕੰਮ ਨਿੱਜੀ ਹੱਥਾਂ ਵਿੱਚ ਦਿਤਾ ਜਾ ਰਿਹਾ ਹੈ। ਸੜਕਾਂ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇ ਕੇ ਆਮ ਲੋਕਾਂ ਦੀ ਸੜਕਾਂ ਤੋਂ ਲੰਘਣ ਦੀ ਆਜ਼ਾਦੀ ਖੋਹ ਲਈ ਗਈ ਹੈ। ਸਰਵਜਨਿਕ ਕੰਪਨੀਆਂ ਨੂੰ ਜਿਹੜੀਆਂ ਕਿ ਜਨਤਾ ਦੇ ਦਿੱਤੇ ਟੈਕਸਾਂ ਨਾਲ ਬਣਾਈਆਂ ਗਈਆਂ ਹਨ ਨੂੰ ਪ੍ਰਾਈਵੇਟ ਹੱਥਾਂ ਕੋਲ ਕੋਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ। ਸਰਵਜਨਕ ਕੰਪਨੀਆਂ ਨੂੰ ਖਰੀਦਣ ਵਾਲੇ ਵੀ ਮੰਤਰੀਆਂ ਦੇ ਰਿਸ਼ਤੇਦਾਰ ਅਤੇ ਸੰਗੀ ਸਾਥੀ ਹੀ ਹਨ। ਦੇਸ਼ ਦੇ ਵਿਕਾਸ ਵਿੱਚ ਵੱਡਾ ਹਿੱਸਾ ਪਾਣ ਵਾਲੇ ਕਿਸਾਨ ਅਤੇ ਮਜਦੂਰ ਸਰਕਾਰਾਂ ਦੀਆਂ ਬਦਨੀਤੀਆਂ ਕਾਰਨ ਆਤਮ ਹੱਤਿਆਵਾਂ ਕਰਨ ਲਈ ਮਜਬੂਰ ਹਨ ਅਤੇ ਸਰਕਾਰਾਂ ਫੋਕੇ ਵਿਕਾਸ ਦੇ ਦਾਅਵੇ ਕਰ ਰਹੀਆਂ ਹਨ। ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਧਰਮ ਅਧਾਰਿਤ ਅਤੇ ਜਾਤ ਅਧਾਰਿਤ ਹੋਏ ਦੰਗਿਆ ਕਾਰਨ ਬਹੁਤੇ ਲੋਕ ਅਪਣੇ ਆਪ ਨੂੰ ਹੁਣ ਵੀ ਗੁਲਾਮ ਹੀ ਸਮਝਣ ਲੱਗ ਪਏ ਹਨ ਜੋ ਸਾਡੇ ਸਭ ਲਈ ਚਿੰਤਾ ਦਾ ਵਿਸ਼ਾ ਹੈ। ਵਿਕਾਸ ਦਾ ਅਧਾਰ ਮੰਨੇ ਜਾਂਦੇ ਵਿਦਿਅਕ ਢਾਂਚੇ ਨੂੰ ਵੀ ਸਰਕਾਰਾਂ ਨੇ ਨਿੱਜੀ ਹੱਥਾਂ ਵਿੱਚ ਦੇਕੇ ਲੋਕਾਂ ਦੀ ਲੁੱਟ ਕਰਨ ਦੀ ਖੁੱਲ ਦਿਤੀ ਹੋਈ ਹੈ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਸਾਰਿਆਂ ਨੂੰ ਬਰਾਬਰੀ ਦਾ ਹੱਕ ਮਿਲਣਾ ਚਾਹੀਦਾ ਸੀ ਪਰ ਅੱਜ ਅਮੀਰ ਹੋਰ ਅਮੀਰ ਹੁੰਦਾ ਜਾ ਰਿਹਾ ਹੈ ਅਤੇ ਗਰੀਬ ਹੋਰ ਗਰੀਬ। ਜਿੰਨੀ ਦੇਰ ਤੱਕ ਸਾਰੇ ਨਾਗਰਿਕਾਂ ਨੂੰ ਬਰਾਬਰੀ ਦਾ ਅਧਿਕਾਰ ਪ੍ਰਾਪਤ ਨਹੀਂ ਹੁੰਦਾ ਉਦੋ ਤੱਕ ਅਜਿਹੀ ਆਜ਼ਾਦੀ ਦਾ ਕੋਈ ਫਾਇਦਾ ਨਹੀਂ ਅਤੇ ਦੇਸ਼ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਦੇ ਸੁਪਨੇ ਅਧੂਰੇ ਰਹਿਣਗੇ ਅਤੇ ਇਹ ਉਦੋਂ ਹੀ ਪੂਰੇ ਹੋਣਗੇ ਜਦੋਂ ਦੇਸ ਦਾ ਆਮ ਵਿਅਕਤੀ ਸਮਾਜਿਕ, ਆਰਥਿਕ, ਰਾਜਨੀਤਿਕ ਤੋਰ ਤੇ ਅਜਾਦ ਹੋਵੇਗਾ। ਦੇਸ ਦਾ ਹਰ ਨਾਗਰਿਕ ਉਦੋਂ ਹੀ ਅਜ਼ਾਦੀ ਦੀ ਹਵਾ ਦਾ ਅਨੰਦ ਮਾਣ ਸਕੇਗਾ ਜਦੋਂ ਸਮਾਜਿਕ ਤੇ ਆਰਥਿਕ ਪਾੜਾ ਘੱਟ ਹੋਵੇਗਾ, ਆਮ ਲੋਕਾਂ ਦੀਆਂ ਸਮਸਿਆਵਾਂ ਦੇ ਹੱਲ ਅਤੇ ਵਿਕਾਸ ਲਈ ਸਰਕਾਰਾਂ ਤਨਦੇਹੀ ਨਾਲ ਕੰਮ ਕਰਨਗੀਆਂ, ਦੇਸ਼ ਵਿਚੋਂ ਭੁੱਖਮਰੀ ਖਤਮ ਹੋ ਜਾਵੇਗੀ, ਕੋਈ ਵੀ ਨਾਗਰਿਕ ਇਲਾਜ ਲਈ ਨਹੀਂ ਤਰਸੇਗਾ, ਜਾਤ ਅਤੇ ਧਰਮ ਦੇ ਅਧਾਰ ਤੇ ਹੋ ਰਿਹਾ ਵਿਤਕਰਾ ਖਤਮ ਹੋ ਜਾਵੇਗਾ। ਅੱਜ ਅਜ਼ਾਦੀ ਦਿਵਸ ਤੇ ਸਾਨੂੰ ਸਭਨੂੰ ਇਹ ਸਕੰਲਪ ਕਰਨਾ ਹੋਵੇਗਾ ਕਿ ਇਸ ਅਜ਼ਾਦੀ ਦੀ ਹਵਾ ਹਰ ਨਾਗਰਿਕ ਤੱਕ ਪਹੁੰਚਾਣ ਲਈ ਅਸੀਂ ਸਭ ਮਿਲਕੇ ਕੰਮ ਕਰਾਂਗੇ ਤਾਂ ਜੋ ਸਹੀ ਅਰਥਾਂ ਵਿੱਚ ਦੇਸ਼ ਵਿਕਸਿਤ ਹੋ ਸਕੇ ਤੇ ਭਾਰਤ ਮਹਾਨ ਬਣ ਸਕੇ।




## ਸੂਬਾ ਸਰਹੰਦ ਨੂੰ ਛੋਟੇ ਸਾਹਿਬਜ਼ਾਦੇ ਵੱਲੋਂ ਦਿੱਤਾ ਗਿਆ ਕਰਾਰਾ ਜੁਆਬ

ਅਵਤਾਰ 'ਲੰਗੇਰੀ'
(01-02-1962)

ਕੀ ਹੋਇਆ ਜੇ ਅਸੀਂ ਹਾਂ ਬਾਲ ਛੋਟੇ, ਝੰਡਾ ਸੱਚ ਦਾ ਅਸੀਂ ਝੁਲਾ ਦਿਆਂਗੇ,
ਪਾ ਕੇ ਜ਼ੁਲਮ ਦੀ ਜੜ੍ਹ ਵਿਚ ਖੂਨ ਆਪਣਾ, ਸਿਰੋਂ ਪੰਡ ਗੁਲਾਮੀ ਦੀ ਲਾਹ ਦਿਆਂਗੇ।

ਅਸੀਂ ਪੁੱਤਰ ਹਾਂ ਗੁਰੂ ਗੋਬਿੰਦ ਸਿੰਘ ਦੇ, ਜਿੰਨ੍ਹਾਂ ਕੌਮ ਲਈ ਸਭ ਕੁਝ ਲੁਟਾ ਦਿੱਤਾ,
ਈਨ ਮੰਨ ਕੇ ਜ਼ਿੰਦਗੀ ਨਹੀਂ ਜਿਊਣੀ, ਸਾਨੂੰ ਵਤਨ ਲਈ ਮਰਨਾ ਸਿਖਾ ਦਿੱਤਾ।

ਜਦੋਂ ਕੌਮ ਤੇ ਪਈ ਹੋਵੇ ਭੀੜ ਭਾਰੀ, ਅਸੀਂ ਜਾਨ ਤੇ ਖੇਡਣਾ ਜਾਣਦੇ ਹਾਂ,
ਪੈਣ ਭਾਜੜਾਂ ਵੈਰੀ ਨੂੰ ਜੱਗ ਅੰਦਰ, ਹਰ ਸੰਗਰਾਮ ਮੈਦਾਨਾਂ ਦੇ ਹਾਣ ਦੇ ਹਾਂ।

ਸਾਨੂੰ ਮਾਣ ਹੈ ਦਾਦੇ ਤੇ ਬਾਪ ਉਤੇ, ਐਵੇਂ ਪਾਪੀਆ ਨਾ ਡਰਾ ਸਾਨੂੰ,
ਦੇ ਕੇ ਲਾਲਚ ਤੂੰ ਮਹਿਲਾਂ ਤੇ ਸੁੰਦਰੀਆਂ ਦਾ, ਐਵੇਂ ਸੱਚ ਤੋਂ ਨਾ ਥਿੜਕਾ ਸਾਨੂੰ।

ਅਸੀਂ ਜੰਮੇ ਹਾਂ ਤੇਗਾਂ ਦੀ ਧਾਰ ਵਿਚੋਂ, ਗੁੜਤੀ ਮਿਲੀ ਏ ਸਾਨੂੰ ਕੁਰਬਾਨੀਆਂ ਦੀ,
ਮਾਤਾ ਗੁਜਰੀ ਤੋਂ ਸੁਣਿਐ ਜੋ ਬੁਰਜ ਅੰਦਰ, ਸਾਨੂੰ ਯਾਦ ਹੈ ਉਨ੍ਹਾਂ ਕਹਾਣੀਆਂ ਦੀ।

ਤੇਰਾ ਸੂਬਿਆ ਹੋਵੇਗਾ ਮੂੰਹ ਕਾਲਾ, ਸਾਨੂੰ ਬਾਲ ਸ਼ਹੀਦ ਲੋਕੀਂ ਕਹਿਣਗੇ ਓਇ,
ਅਸੀਂ ਆਪਣੇ ਜਿਸਮ ਤੇ ਖੇਡ ਜਾਣਾ, ਝੰਡੇ ਪੰਥ ਦੇ ਝੂਲਦੇ ਰਹਿਣਗੇ ਓਇ।

ਸ਼ਕਲ ਆਪਣੀ ਸਾਡੇ ਤੋਂ ਦੂਰ ਲੈ ਜਾਹ, ਐਵੇਂ ਮੌਤ ਤੋਂ ਨਾ ਡਰਾ ਸਾਨੂੰ,
ਲਾੜੀ ਮੌਤ ਨਾਲ ਲੈਣੀਆਂ ਕਿੰਝ ਲਾਵਾਂ, ਦਸਮ ਪਿਤਾ ਨੇ ਦਿੱਤਾ ਸਿਖਾ ਸਾਨੂੰ।

ਸਾਡੇ ਬਾਬਾ ਜੀ ਜਿਵੇਂ ਸ਼ਹੀਦ ਹੋਏ, ਉਵੇਂ ਅਸੀਂ ਸ਼ਹਾਦਤਾਂ ਪਾਉਣੀਆਂ ਨੇ,
ਬੂਟਾ ਪੁੱਟਣਾ ਜਬਰ ਤੇ ਜ਼ੁਲਮ ਵਾਲਾ, ਐਵੇਂ ਉਮਰਾਂ ਨਹੀਂ ਬਿਤਾਉਣੀਆਂ ਨੇ।

ਜਾਨ ਵਾਰ ਕੇ ਦੇਸ਼ ਤੇ ਕੌਮ ਉਤੇ, ਅਸੀਂ ਆਪਣਾ ਫਰਜ਼ ਨਿਭਾਅ ਚੱਲੇ,
ਝੰਡਾ ਸੱਚ ਦਾ ਸਦਾ ਹੀ ਰਹੇ ਉੱਚਾ, ਅਸੀਂ ਆਖਰੀ ਫਤਿਹ ਬੁਲਾਅ ਚੱਲੇ।

## ਲੋਕਤੰਤਰ ਜਾਂ ਮਜਬੂਰੀ

ਡਾ. ਸਰਦੂਲ ਸਿੰਘ

ਰਾਜ ਕਰਦਾ ਰਾਜਾ
ਜਾਂ ਰਾਜ ਕਰਨ ਦਾ ਚਾਹਵਾਨ
ਹਰ ਪੰਜ ਸਾਲ ਬਾਦ
ਪਹੁੰਚ ਜਾਂਦਾ ਹੈ ਮੇਰੇ ਦਰਵਾਜ਼ੇ
ਜਗਾ ਕੇ ਮੇਰੇ ਦਰ ਤੇ ਅਲਖ
ਯਾਦ ਕਰਾਉਂਦਾ ਹੈ ਮੈਨੂੰ ਮੇਰਾ ਅਧਿਕਾਰ
ਵੋਟ ਪਾਉਣ ਦਾ ਅਧਿਕਾਰ
ਆਪਣਾ ਰਾਜਾ ਚੁਨਣ ਦਾ ਅਧਿਕਾਰ
ਦੇਸ਼ ਦੀ ਤਕਦੀਰ ਲਿਖਣ ਦਾ ਅਧਿਕਾਰ
ਬੇਸ਼ੱਕ ਭਾਰਤ ਦੇ ਸੰਵਿਧਾਨ ਨੇ
ਮੈਨੂੰ ਦਿੱਤਾ ਹੈ ਵੋਟ ਦੇ ਰੂਪ ਵਿਚ ਬ੍ਰਹਮ ਅਸਤਰ
ਪਰ ਮੇਰੇ ਅੱਗੇ ਚੋਣ ਲਈ ਹੈ
ਚੋਰਾਂ, ਅਪਰਾਧੀਆਂ ਅਤੇ ਬੇਈਮਾਨਾਂ ਦੀ ਕਤਾਰ
ਜੋ ਦਿਖਾ ਕੇ ਵਿਕਾਸ ਦਾ ਖਾਕਾ
ਪੰਥ ਨੂੰ ਪਏ ਖਤਰੇ ਦਾ ਝਾਂਸਾ
ਪਾ ਕੇ ਰਾਮ ਮੰਦਰ ਦੀ ਦੁਹਾਈ
ਦਲਿਤਾਂ ਦੀ ਸਮਾਜਿਕ ਲੁੱਟ
ਮਹਿੰਗਾਈ ਦੀ ਪੈਂਦੀ ਆਮ ਬੰਦੇ ਨੂੰ ਕੁੱਟ
ਵਾਸਤਾ ਪਾ ਕੇ ਲੋਕਤੰਤਰ ਬਚਾਉਂਦਾ ਹਾਂ
ਅਤੇ ਕਿਸੇ ਇਕ ਨੂੰ ਵੋਟ ਪਾਉਣ ਦਾ
ਮੈਨੂੰ ਨਾ ਚਾਹੁੰਦੇ ਹੋਏ ਵੀ
ਕਿਸੇ ਇਕ ਨੂੰ ਵੋਟ ਪਾਉਂਦਾ ਹਾਂ
ਇਕ ਚੋਰ ਨੂੰ ਰਾਜਾ ਬਣਾਉਂਦਾ ਹਾਂ।
ਇੰਝ ਬਚ ਜਾਂਦਾ ਹੈ ਲੋਕਤੰਤਰ
ਅਤੇ ਮੈਂ ਬਣ ਜਾਂਦਾ ਹਾਂ
ਹੋਰ ਪੰਜ ਸਾਲ ਲਈ ਗੁਲਾਮ।


## ਚਰਚਿਤ ਕਿਤਾਬ

# ਕਰਕਰੇ ਦਾ ਕਾਤਲ ਕੌਣ?


ਤਖਤ 'ਤੇ ਬੈਠੇ ਅਤੇ ਤਖਤ ਵਿਹੂਣੇ ਲੋਕਾਂ ਵੱਲੋਂ ਸਿਆਸੀ ਖੂਨ ਖਰਾਬਾ ਅਤੇ ਅਤਿਵਾਦ ਦਾ ਭਾਰਤ ਵਿਚ ਇਕ ਲੰਬਾ ਇਤਿਹਾਸ ਰਿਹਾ ਹੈ। ਇਸ ਦੇਸ਼ ਨੇ ਭਾਰਤੀ ਮੁਸਲਮਾਨ, ਅਤਿਵਾਦ ਵਿਚ ਸ਼ਾਮਲ ਹਨ, 1990 ਦੇ ਦਹਾਕੇ ਦੇ ਅੱਧ ਵਿਚ ਹਿੰਦੂਵਾਦੀ ਤਾਕਤਾਂ ਦੀ ਚੜ੍ਹਤ ਨਾਲ ਜ਼ੋਰ ਫੜਿਆ ਅਤੇ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੇ ਰਾਜ ਸਮੇਂ ਇਹ ਦੇਸ਼ ਦੀ ਵਿਚਾਰਧਾਰਾ ਹੀ ਬਣ ਗਿਆ। ਇੱਥੋਂ ਤੱਕ ਕਿ ਧਰਮ ਨਿਰਪੱਖ ਮੀਡੀਆ ਨੇ ਸੁਰੱਖਿਆ ਏਜੰਸੀਆਂ ਦੇ ਸਟੈਨੋਗ੍ਰਾਫਰ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਮੁਸਲਮਾਨਾਂ ਦੇ ਅਤਿਵਾਦੀ ਹੋਣ ਦਾ ਪ੍ਰਚਾਰ, ਇਕ ਮੰਨਣ ਵਾਲੀ ਗੱਲ ਬਣ ਗਿਆ। ਹੱਦ ਤਾਂ ਉਦੋਂ ਹੋ ਗਈ ਜਦੋਂ ਬਹੁਤ ਸਾਰੇ ਮੁਸਲਮਾਨ ਵੀ ਇਸ ਕੂੜ ਪ੍ਰਚਾਰ ਦਾ ਅਸਰ ਕਬੂਲਣ ਲੱਗ ਪਏ।

ਸਾਬਕਾ ਸੀਨੀਅਰ ਪੁਲਿਸ ਅਫਸਰ ਐਸ. ਐਮ. ਮੁਸ਼ਰਿਫ (ਜਿਨ੍ਹਾਂ ਨੇ ਤੇਲਗੀ ਠੱਗੀ ਦਾ ਭਾਂਡਾ ਭੰਨਿਆ ਸੀ) ਇਸ ਝੂਠੇ ਪ੍ਰਚਾਰ ਦੀ ਜੜ੍ਹ ਤੱਕ ਪਹੁੰਚੇ ਅਤੇ ਇਸ ਲਈ ਆਮ ਜੀਵਨ ਤੇ ਆਪਣੇ ਲੰਬੇ ਪੁਲਿਸ ਤਜਰਬੇ ਨਾਲ ਪ੍ਰਾਪਤ ਕੀਤੀਆਂ ਜਾਣਕਾਰੀਆਂ ਦੀ ਵਰਤੋਂ ਕੀਤੀ। ਉਨ੍ਹਾਂ ਨੇ ਕੁਝ ਅਜਿਹੇ ਹੈਰਾਨ ਕਰਨ ਵਾਲੇ ਨੁਕਤਿਆਂ ਨੂੰ ਸਾਹਮਣੇ ਲਿਆਂਦਾ ਜਿਹਨਾਂ ਬਾਰੇ ਸੋਚ ਕੇ ਹੀ, ਆਮ ਆਦਮੀ ਸੁੰਨ ਹੋ ਜਾਂਦਾ ਹੈ। ਆਪਣੀ ਤਰ੍ਹਾਂ ਦੀ ਪਹਿਲੀ ਪੁਣ-ਛਾਣ ਕਥਿਤ 'ਇਸਲਾਮੀ ਅਤਿਵਾਦ' ਦੀ ਅਸਲੀਅਤ ਨੂੰ ਬਿਆਨ ਕਰਦੀ ਹੈ। ਇਹ ਉਹੀ ਤਾਕਤਾਂ ਹਨ ਜਿਹਨਾਂ ਨੇ ਮਹਾਰਾਸ਼ਟਰ ਦੇ ਅਤਿਵਾਦ ਵਿਰੋਧੀ ਦਸਤੇ ਦੇ ਲਾਣੇਦਾਰ (ਮੁਖੀ) ਹੇਮੰਤ ਕਰਕਰੇ ਦਾ ਕਤਲ ਕੀਤਾ ਸੀ। ਇਹ ਕਰਕਰੇ ਹੀ ਸਨ, ਜਿਹਨਾਂ ਨੇ ਅਜਿਹੇ ਲੋਕਾਂ ਨੂੰ ਨੰਗਾ ਕੀਤਾ ਜੋ ਦੇਸ਼ਧ੍ਰੋਹੀ ਅਖਵਾਉਣ ਦੇ ਹੱਕਦਾਰ ਹਨ। ਅਜਿਹਾ ਦਲੇਰੀ ਭਰਿਆ ਕੰਮ ਕਰਨ ਲਈ ਕਰਕਰੇ ਨੂੰ ਆਪਣੀ ਜਾਨ ਕੁਰਬਾਨ ਕਰਨੀ ਪਈ।

ਇਹ ਕਿਤਾਬ ਭਾਰਤ ਵਿਚ 'ਇਸਲਾਮੀ ਅਤਿਵਾਦ' ਨਾਲ ਜੋੜੇ ਗਏ ਵਾਕਿਆਂ 'ਤੇ ਰੌਸ਼ਨੀ ਪਾਉਂਦੀ ਹੈ ਤੇ ਸਾਬਤ ਕਰਦੀ ਹੈ ਕਿ ਇਹ ਬੇਤੁੱਕੀਆਂ ਗੱਲਾਂ ਹਨ।


ਪ੍ਰਕਾਸ਼ਕ
ਚੱਕ ਸਤਾਰਾਂ ਪ੍ਰਕਾਸ਼ਨ
ਦੇਵੀ ਮੰਦਰ ਰੋਡ
ਪੁਰਾਣਾ ਰਾਜਪੁਰਾ, ਪਟਿਆਲਾ (ਪੰਜਾਬ) 140401
ਭਾਰਤ
ਧਰਤੀ ਨੰਬਰ -01762-233223

ਛਾਪਕ
ਜਗਜੀਤ ਪ੍ਰਿੰਟਿਗ ਪ੍ਰੈੱਸ,
ਡੀ-12, ਫੇਜ਼ -1, ਇੰਡਸਟਰੀ ਏਰੀਆ, ਮੋਹਾਲੀ



# ਰਾਜਨੀਤੀ ਨਾਲ ਦੋਸ਼-ਪ੍ਰਤੀਦੋਸ਼ ਦਾ ਚੋਲੀ-ਦਾਮਨ ਦਾ ਸਾਥ



ਜਸਵੰਤ ਸਿੰਘ 'ਅਜੀਤ'
91-95827-198 90

**ਦਿੱਲੀ ਦੀ ਸਿੱਖ ਰਾਜਨੀਤੀ:** ਜਿਉਂ-ਜਿਉਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦਾ ਸਮਾਂ ਨੇੜੇ ਆਉਂਦਾ ਜਾ ਰਿਹਾ ਹੈ, ਤਿਉਂ-ਤਿਉਂ ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਭ੍ਰਿਸ਼ਟਾਚਾਰ ਦੇ ਵਧਦਿਆਂ ਜਾਣ 'ਤੇ ਇਸਦੇ ਪਿਛਲੇ ਪ੍ਰਬੰਧਕਾਂ ਪਾਸੋਂ ਵਿਰਾਸਤ ਵਿੱਚ ਮਿਲੇ ਹੋਣ ਦੇ ਦੋਸ਼-ਪ੍ਰਤੀਦੋਸ਼ ਲਾਏ ਜਾਣ ਦਾ ਸਿਲਸਿਲਾ ਕਗਾਤਾਰ ਜ਼ੋਰ ਪਕੜਦਾ ਵਿਖਾਈ ਦੇਣ ਲਗਾ ਹੈ। ਅੱਜਕਲ ਸ਼ਾਇਦ ਹੀ ਕੋਈ ਦਿਨ ਅਜਿਹਾ ਹੁੰਦਾ ਹੋਵੇ, ਜਿਸ ਦਿਨ ਦੋਹਾਂ ਧਿਰਾਂ ਵਲੋਂ ਇੱਕ-ਦੂਸਰੇ ਪੁਰ ਲਾਏ ਗਏ ਹੋਏ ਦੋਸ਼ਾਂ-ਪ੍ਰਤੀਦੋਸ਼ਾਂ ਪੁਰ ਅਧਾਰਤ ਦੋ-ਚਾਰ ਖ਼ਬਰਾਂ ਪੜ੍ਹਨ ਨੂੰ ਨਾ ਮਿਲਣ! ਇਨ੍ਹਾਂ ਖ਼ਬਰਾਂ ਦਾ ਇੱਕ ਦਿਲਚਸਪ ਪਹਿਲੂ ਇਹ ਵੀ ਹੈ ਕਿ ਇਨ੍ਹਾਂ ਵਿੱਚ ਕੋਈ ਨਵਾਂ-ਪਨ ਨਹੀਂ ਹੁੰਦਾ, ਉਹੀ ਘਿਸੇ-ਪਿਟੇ ਦੋਸ਼ ਹੁੰਦੇ ਹਨ, ਜੋ ਪਹਿਲਾਂ ਵੀ ਕਈ ਵਾਰ ਪੜ੍ਹਨ-ਸੁਣਨ ਨੂੰ ਮਿਲ ਚੁਕੇ ਹੁੰਦੇ ਹਨ। ਫਰਕ ਸਿਰਫ ਇਤਨਾ ਹੁੰਦਾ ਹੈ, ਕਿ ਇਨ੍ਹਾਂ 'ਨਵੀਆਂ' ਖ਼ਬਰਾਂ ਵਿੱਚ, ਪਹਿਲਿਆਂ ਕਈ ਵਾਰ ਛਪ ਚੁਕੀਆਂ ਖ਼ਬਰਾਂ ਦੀ ਤਾਰੀਖ ਬਦਲਿਆਂ ਹੋਣ ਦੇ ਨਾਲ, ਸ਼ਬਦਾਂ ਵਿੱਚ ਵੀ ਕੁਝ ਹੇਰ-ਫੇਰ ਕੀਤਾ ਗਿਆ ਹੁੰਦਾ ਹੈ, ਪਰ ਮਤਲਬ ਉਹੀ ਹੁੰਦਾ ਹੈ, ਜੋ ਪਹਿਲਾਂ ਵਾਲੀਆਂ ਖ਼ਬਰਾਂ ਦਾ ਹੁੰਦਾ ਸੀ। ਉਨ੍ਹਾਂ ਵਿੱਚ ਨਾ ਤਾਂ ਕੋਈ ਨਵੀਂ ਗਲ ਹੁੰਦੀ ਹੈ ਅਤੇ ਨਾ ਹੀ ਕੋਈ ਨਵਾਂ ਦੋਸ਼।

ਹਾਲਾਂਕਿ ਅਜਿਹੀਆਂ ਖ਼ਬਰਾਂ ਦੇ ਪਾਠਕ ਇਕੋ ਤਰ੍ਹਾਂ ਦੇ ਹੀ ਬਿਆਨਾਂ ਨੂੰ ਕੁਝ ਸ਼ਬਦਾਂ ਦੇ ਹੇਰ-ਫੇਰ ਦੇ ਨਾਲ ਵਾਰ-ਵਾਰ ਪੜ੍ਹਦਿਆਂ ਬੋਰ ਹੋ ਚੁਕੇ ਹੁੰਦੇ ਹਨ, ਫਿਰ ਵੀ ਅਜਿਹੇ ਬਿਆਨ ਜਾਰੀ ਕਰਨ ਵਾਲੇ ਇਹੀ ਮੰਨ, ਚਲ ਰਹੇ ਜਾਪਦੇ ਹਨ, ਜਿਵੇਂ ਉਨ੍ਹਾਂ ਦੇ ਬਿਆਨਾਂ ਨੂੰ ਵਾਰ-ਵਾਰ ਪੜ੍ਹਦਿਆਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ (ਸਿੱਖ) ਮਤਦਾਤਾਵਾਂ ਦੀ ਸੋਚ ਬਦਲ ਰਹੀ ਹੈ ਅਤੇ ਉਹ ਉਨ੍ਹਾਂ (ਜਿਨ੍ਹਾਂ ਪੁਰ ਦੋਸ਼ ਲਾਏ ਜਾ ਰਹੇ ਹਨ), ਨਾਲੋਂ ਕਿਨਾਰਾ ਕਰ, ਉਨ੍ਹਾਂ (ਜੋ ਦੋਸ਼ ਲਾ ਰਹੇ ਹਨ), ਨਾਲ ਜੁੜਨ ਲਈ ਤੇਜ਼ੀ ਨਾਲ ਅਗੇ ਆਉਣ ਲਗੇ ਹਨ। ਜਦਕਿ ਇਹ ਸੋਚ 'ਦਿਲ ਕੇ ਬਹਿਲਾਨੇ ਕੋ ਖ਼ਿਆਲ ਅੱਛਾ ਹੈ' ਵਾਲੀ ਹੀ ਗਲ ਹੁੰਦੀ ਹੈ। ਇਸਦੇ ਵਿਰੁਧ ਜ਼ਮੀਨੀ ਸੱਚਾਈ ਇਹ ਹੁੰਦੀ ਹੈ ਕਿ ਅਜਿਹੇ ਬਿਆਨ ਪੜ੍ਹ-ਸੁਣ ਕੇ ਨਾ ਤਾਂ (ਸਿੱਖ) ਮਤਦਾਤਾ ਆਪਣੀ ਸੋਚ ਬਦਲ ਰਿਹਾ ਹੈ ਅਤੇ ਨਾ ਹੀ ਉਹ ਇੱਕ ਧਿਰ ਨਾਲੋਂ ਨਾਤਾ ਤੋੜ ਦੂਸਰੇ ਨਾਲ ਜੁੜਨ ਲਈ ਅੱਗੇ ਆ ਰਿਹਾ ਹੈ। ਪ੍ਰੰਤੂ ਇਸ ਵਿੱਚ ਕਿਸੇ ਵੀ ਸ਼ਕ ਦੀ ਗੁੰਜਾਇਸ਼ ਨਹੀਂ ਹੁੰਦੀ ਕਿ ਅਜਿਹੇ ਦੋਸ਼ਾਂ ਵਿੱਚ ਕਿਸੇ ਹੱਦ ਤਕ ਸੱਚਾਈ ਤਾਂ ਜ਼ਰੂਰ ਹੁੰਦੀ ਹੈ, ਫਿਰ ਵੀ ਆਮ ਸਿੱਖਾਂ ਦੀ ਮਾਨਤਾ ਹੈ ਕਿ ਇਨ੍ਹਾਂ ਨੂੰ ਰਾਜਸੀ ਵਿਰੋਧ ਦੀ ਭਾਵਨਾ ਨਾਲ ਵੱਧਾ-ਚੜ੍ਹਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਥੋਂ ਤਕ ਕਿ ਸਿੱਖ ਤਾਂ ਕੀ ਗੈਰ-ਸਿੱਖ ਤਕ ਵੀ ਅਜਿਹੇ ਬਿਆਨਾਂ ਨੂੰ ਪੜ੍ਹ-ਸੁਣ, ਇਹ ਕਹਿੰਦੇ ਸੁਣੇ ਜਾਂਦੇ ਹਨ ਕਿ 'ਇਸ ਹਮਾਮ ਵਿੱਚ ਸਾਰੇ ਹੀ ਨੰਗੇ ਹਨ'। ਉਨ੍ਹਾਂ ਅਨੁਸਾਰ ਦੋਸ਼ ਲਾਉਣ ਵਾਲਾ ਇਸਲਈ ਖੁੰਦਕ ਖਾਈ ਬੈਠਾ ਹੈ, ਕਿਉਂਕਿ ਉਸਨੂੰ ਲਗਦਾ ਹੈ ਕਿ ਸੱਤਾਧਾਰੀ ਧਿਰ ਗੁਰੂ-ਗੋਲਕ ਨੂੰ ਇਕਲਿਆਂ ਹੀ ਲੁਟ ਆਪਣਾ ਘਰ ਭਰ ਰਹੀ ਹੈ ਤੇ ਉਸਨੂੰ ਉਸਦਾ ਬਣਦਾ ਹਿਸਾ ਨਹੀਂ ਦੇ ਰਹੀ।

ਆਮ ਸਿੱਖਾਂ ਦੀ ਅਜਿਹੀ ਸੋਚ ਬਣਨ ਦਾ ਕਾਰਣ ਇਹ ਹੈ ਕਿ ਦਿੱਲੀ ਗੁਰਦੁਆਰਾ ਕਮੇਟੀ ਵਿੱਚ ਭ੍ਰਿਸ਼ਟਾਚਾਰ ਹੋਣ ਅਤੇ ਉਸ ਵਿੱਚ ਸੱਤਾਧਾਰੀਆਂ ਦੇ ਲਿੱਪਤ ਹੋਣ ਦੇ ਦੋਸ਼, ਉਸ ਸਮੇਂ ਤੋਂ ਲਗਦੇ ਚਲੇ ਆ ਰਹੇ ਹਨ, ਜਦੋਂ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧ ਲਈ ਮਾਤ੍ਰ 11 ਮੈਂਬਰਾਂ ਦੀ ਹੀ ਕਮੇਟੀ ਹੋਇਆ ਕਰਦੀ ਸੀ, ਹੁਣ ਤਾਂ 'ਸੁਖ' ਨਾਲ ਪਪ ਮੈਂਬਰ ਹਨ। ਇਸਦੇ ਨਾਲ ਹੀ ਇਨ੍ਹਾਂ ਗੁਰਦੁਆਰਿਆਂ ਦੀ ਜੋ ਗੋਲਕ ਹਜ਼ਾਰਾਂ ਤੋਂ ਲੱਖਾਂ ਵਲ ਵੱਧ ਰਹੀ ਸੀ, ਉਹ ਹੁਣ ਕਰੋੜਾਂ ਨੂੰ ਪਾਰ ਕਰ ਅਰਬਾਂ ਤਕ ਪੁੱਜ ਗਈ ਹੋਈ ਹੈ।

ਦਿੱਲੀ ਦੇ ਸਿੱਖ ਜਾਣਦੇ ਹਨ ਕਿ 1960-81 ਵਿੱਚ ਇੱਕ ਪ੍ਰਮੁੱਖ ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਤ ਦਿੱਲੀ ਦੇ ਇੱਕ ਆਗੂ ਨੂੰ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਬਣਵਾਉਣ ਲਈ, ਸਰਕਾਰ ਵਲੋਂ ਮੈਂਬਰਾਂ ਨੂੰ ਉਦਯੋਗਕ ਪਲਾਟ, ਬਸਾਂ ਦੇ ਪ੍ਰਮਿਟ ਦੇਣ ਅਤੇ ਪਲਾਟ ਲੈਣ, ਉਨ੍ਹਾਂ ਪੁਰ ਨਿਰਮਾਣ ਕਰਵਾਣ ਅਤੇ ਬਸਾਂ ਖਰੀਦਣ ਆਦਿ ਲਈ ਬੈਂਕਾਂ ਤੋਂ 'ਵਿਸ਼ੇਸ਼ ਰਿਆਇਤੀ ਸ਼ਰਤਾਂ' ਪੁਰ ਕਰਜ਼ੇ ਦੁਆਏ ਗਏ ਸਨ। ਇਸੇ ਤਰ੍ਹਾਂ, ਸੰਨ 2000 ਵਿੱਚ ਇੱਕ ਹੋਰ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੁੱਖੀਆਂ ਨੇ ਆਪਣੇ ਦਲ ਦੇ ਇੱਕ ਮੁਖੀ ਵਿਸ਼ੇਸ਼ ਨੂੰ ਪ੍ਰਧਾਨ ਬਣਵਾ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੱਤਾ ਪੁਰ ਕਬਜ਼ਾ ਕਰਨ ਦੇ ਉਦੇਸ਼ ਨਾਲ ਪੰਜ ਲੱਖ ਤੋਂ ਅਠ ਲੱਖ ਰੁਪਏ ਤਕ ਦਾ ਮੂਲ ਤਾਰ, ਕਮੇਟੀ ਦੇ ਮੈਂਬਰਾਂ ਦੀਆਂ ਵਫਾਦਾਰੀਆਂ ਖਰੀਦੀਆਂ ਸਨ ਅਤੇ ਉਨ੍ਹਾਂ ਦੇ ਸਹਿਯੋਗ ਨਾਲ ਜਿੱਤ ਹਾਸਲ ਕਰ, ਉਨ੍ਹਾਂ 'ਜ਼ਮੀਰਫਰੋਸ਼ਾਂ' ਨੂੰ ਅੰਮ੍ਰਿਤਸਰ ਲਿਜਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਨਮਾਨਤ ਵੀ ਕਰਵਾਇਆ ਸੀ।

ਇਨ੍ਹਾਂ ਹਾਲਾਤ ਵਿੱਚ ਸਵੀਕਾਰ ਕਰਨਾ ਹੀ ਹੋਵੇਗਾ ਕਿ ਗੁਰਦੁਆਰਾ ਪ੍ਰਬੰਧ ਵਿੱਚ ਭ੍ਰਿਸ਼ਟਾਚਾਰ ਹੋਣ ਦੀ ਜੋ ਗਲ ਕੀਤੀ ਜਾਂਦੀ ਹੈ, ਉਸਤੋਂ ਨਾ ਤਾਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿਹੀਆਂ ਵੱਡੀਆਂ ਧਾਰਮਕ ਸੰਸਥਾਵਾਂ ਹੀ ਮੁਕਤ ਹਨ, ਸਗੋਂ ਦੇਸ਼-ਵਿਦੇਸ਼ ਦੇ ਵੱਖ-ਵੱਖ ਇਲਾਕਿਆਂ ਵਿੱਚ ਸਥਾਪਤ ਛੋਟੇ-ਵੱਡੇ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ, ਸਿੰਘ ਸਭਾਵਾਂ ਜਾਂ ਹੋਰ ਨਾਵਾਂ ਵਾਲੀਆਂ ਕਮੇਟੀਆਂ ਵੀ ਭ੍ਰਿਸ਼ਟਾਚਾਰ ਅਤੇ ਉਸਦੇ ਲਗਦੇ ਰਹਿੰਦੇ ਦੋਸ਼ਾਂ ਤੋਂ ਮੁਕਤ ਨਹੀਂ। ਫਰਕ ਸਿਰਫ ਇਤਨਾ ਹੈ ਕਿ ਭ੍ਰਿਸ਼ਟਾਚਾਰ ਹਰ ਕਮੇਟੀ ਦੀ 'ਗੋਲਕ' ਪੁਰ ਨਿਰਭਰ ਕਰਦਾ ਹੈ, ਜਿਥੇ ਜਿਤਨੀ ਛੋਟੀ-ਵੱਡੀ 'ਗੋਲਕ' ਉਥੇ ਉਤਨਾ ਹੀ ਛੋਟਾ-ਵੱਡਾ ਭ੍ਰਿਸ਼ਟਾਚਾਰ ਹੋ ਰਿਹਾ ਹੋਵੇਗਾ।

**ਸਿੱਖ ਜਗਤ ਲਈ ਚਿੰਤਾ ਦਾ ਵਿਸ਼ਾ:** ਅਜਕਲ ਜੇ ਵੀ ਅਖ਼ਬਾਰ ਚੁਕ ਵੇਖੋ, ਉਸ ਵਿੱਚ ਤੁਹਾਨੂੰ ਕੁਝ-ਇਕ ਅਜਿਹੀਆਂ ਖ਼ਬਰਾਂ ਜ਼ਰੂਰ ਪੜ੍ਹਨ ਨੂੰ ਮਿਲ ਜਾਣਗੀਆਂ, ਜਿਨ੍ਹਾਂ ਵਿਚ ਸਿੱਖਾਂ ਵਿਚ ਸਿਰ-ਫੁਟੋਲ ਅਤੇ ਜੁਤ-ਪਟਾਂਗ ਹੋਣ ਦਾ ਜ਼ਿਕਰ ਮੋਟੀਆਂ-ਮੋਟੀਆਂ ਸੁਰਖੀਆਂ ਨਾਲ ਕੀਤਾ ਗਿਆ ਹੁੰਦਾ ਹੈ। ਕੁਝ-ਇਕ ਸਿੱਖ ਮੁਖੀਆਂ ਨੂੰ ਤਾਂ ਇਹ ਬੀਮਾਰੀ ਹੀ ਹੋ ਗਈ ਹੋਈ ਹੈ ਕਿ ਜਦੋਂ ਤਕ ਉਹ ਆਪਣੇ ਵਿਰੋਧੀ ਵਿਰੁਧ ਦਾਗੇ ਬਿਆਨ ਨੂੰ ਅਖ਼ਬਾਰ ਵਿੱਚ ਛਪਿਆ ਪੜ੍ਹ, ਦੋ-ਚਾਰ ਸਾਥੀਆਂ ਨੂੰ ਸੁਣਾ ਜਾਂ ਉਸਦੇ ਛਪਣ ਬਾਰੇ ਪੁਛ ਨਾ ਲੈਣ, ਤਦ ਤਕ ਨਾ ਤਾਂ ਉਨ੍ਹਾਂ ਦੀ ਰੋਟੀ ਹਜ਼ਮ ਹੁੰਦੀ ਹੈ ਅਤੇ ਨਾ ਹੀ ਰਾਤ ਉਨ੍ਹਾਂ ਨੂੰ ਸੁਖਾਵੀਂ ਨੀਂਦ ਆਂਦੀ ਹੈ। ਕਈ ਅਖ਼ਬਾਰ ਅਜਿਹੇ ਵੀ ਮੈਦਾਨ ਵਿਚ ਹਨ, ਜਦੋਂ ਤਕ ਉਨ੍ਹਾਂ ਦੇ ਖ਼ਬਰਚੀ-ਸੰਪਾਦਕਾਂ ਨੂੰ ਆਪਣੇ ਅਖ਼ਬਾਰ ਵਿੱਚ ਛਾਪਣ ਲਈ ਦੋ-ਚਾਰ ਖ਼ਬਰਾਂ ਸਿੱਖਾਂ ਵਿਚ ਸਿਰ-ਫੁਟੋਲ ਅਤੇ ਜੁਤ-ਪਟਾਂਗ ਹੋਣ ਦੀਆਂ ਹੀ ਮੋਟੀਆਂ-ਮੋਟੀਆਂ ਸੁਰਖੀਆਂ ਨਾਲ ਛਾਪਣ ਲਈ ਨਾ ਮਿਲਣ, ਤਦ ਤਕ ਉਨ੍ਹਾਂ ਨੂੰ ਆਪਣਾ ਅਖ਼ਬਾਰ ਖਾਲੀ-ਖਾਲੀ ਲਗਦਾ ਰਹਿੰਦਾ ਹੈ। ਅਜਿਹੀਆਂ ਖ਼ਬਰਾਂ ਵਿੱਚ ਕਿਸੇ ਸਿੱਖ ਮੁੱਖੀ ਨੇ ਵਿਰੋਧੀ ਭਾਵਨਾ ਨਾਲ ਆਪਣੇ ਵਿਰੋਧੀ ਦੀ ਛਿਲ ਲਾਹੀ ਹੁੰਦੀ ਹੈ, ਕਿਸੇ ਨੇ ਧਾਰਮਕ ਮਾਨਤਾਵਾਂ ਨੂੰ ਲੈ ਕੇ ਵਿਰੋਧੀ ਨੂੰ ਕਟਿਹਰੇ ਵਿਚ ਖੜਾ ਕੀਤਾ ਹੁੰਦਾ ਹੈ ਤੇ ਕਿਸੇ ਨੇ ਵਿਰੋਧੀ ਦੇ ਆਚਰਣ ਤੇ ਹੀ ਹਮਲਾ ਕਰ ਉਸਦੀ ਛੱਬੀ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਹੁੰਦੀ ਹੈ।

ਇਹ ਸਭ ਕੁਝ ਪੜ੍ਹਦਿਆਂ-ਸੁਣਦਿਆਂ ਦਿਲ ਵਿਚ ਕਈ ਵਾਰ ਇਹ ਸੁਆਲ ਉਠਦਾ ਹੈ, ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਸਤਿਗੁਰਾਂ ਦੀਆਂ ਬਾਣੀਆਂ ਦੀ ਪਵਿਤ੍ਰਤਾ ਨਾਲ ਪਤਾਸਿਆਂ ਦੀ ਮਿਠਾਸ ਘੋਲ ਕੇ ਛਕਾ, ਜਿਸ ਖਾਲਸਾ-ਪੰਥ ਦੀ ਸਿਰਜਨਾ, ਇਸ ਵਿਸ਼ਵਾਸ ਨਾਲ ਕੀਤੀ ਸੀ, ਕਿ ਉਹ ਇਕ-ਜੁਟ ਅਤੇ ਆਪਸੀ ਪਿਆਰ ਵਿੱਚ ਗੜੁੰਦ ਹੋ ਸਿੱਖੀ ਦੀਆਂ ਸਥਾਪਤ ਮਰਿਯਾਦਾਵਾਂ, ਮਾਨਤਾਵਾਂ ਅਤੇ ਪਰੰਪਰਾਵਾਂ ਦੇ ਨਾਲ ਹੀ ਗ਼ਰੀਬ-ਮਜ਼ਲੂਮ ਦੀ ਰਖਿਆ ਪ੍ਰਤੀ ਵਚਨਬਧ ਰਹੇਗਾ, ਪ੍ਰੰਤੂ ਉਹੀ ਪੰਥ ਅਜ ਗਰੀਬ-ਮਜ਼ਲੂਮ ਦੀ ਰਖਿਆ ਕਰਨ ਪ੍ਰਤੀ ਵਚਨਬੱਧ ਰਹਿਣਾ ਤਾਂ ਦੂਰ ਦੀ ਗਲ ਰਿਹਾ, ਆਪ ਹੀ ਖੇਰੂੰ-ਖੇਰੂੰ ਹੋ, ਆਪਣੇ ਹਥੀਂ ਸਿੱਖੀ ਦੀਆਂ ਸਥਾਪਤ ਮਾਣ-ਮਰਿਯਾਦਾਵਾਂ ਅਤੇ ਪਰੰਪਰਾਵਾਂ ਦਾ ਘਾਣ ਕਰਨ ਤੇ ਤੁਲਿਆ ਹੋਇਆ ਹੈ। ਸਿੱਖ ਇਤਿਹਾਸ ਗੁਆਹ ਹੈ ਕਿ ਕਿਸੇ ਸਮੇਂ ਸਮੁਚਾ ਸਿੱਖ-ਪੰਥ ਸ਼੍ਰੋਮਣੀ ਅਕਾਲੀ ਦਲ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੋਇਆ ਕਰਦਾ ਸੀ ਅਤੇ ਅਕਾਲੀ ਆਗੂਆਂ, ਜਿਨ੍ਹਾਂ ਨੂੰ ਪੰਥਕ ਆਗੂ ਵਜੋਂ ਸਵੀਕਾਰਿਆ ਜਾਂਦਾ ਸੀ, ਦੇ ਸਦੇ ਤੇ ਆਪਣਾ ਸਭ-ਕੁਝ ਨਿਛਾਵਰ ਕਰਨ ਲਈ ਉਤਾਰੂ ਹੋ ਜਾਂਦਾ ਸੀ। ਪੰਜਾਬੀ ਸੂਬੇ ਲਈ ਕੀਤਾ ਗਿਆ ਸੰਘਰਸ਼, ਇਸ ਗਲ ਦਾ ਪ੍ਰਤਖ ਪ੍ਰਮਾਣ ਹੈ। ਪੰਜਾਬੀ ਸੂਬੇ ਦੀ ਮੰਗ ਨੂੰ ਲੈ ਕੇ ਜਿਤਨੇ ਵੀ ਮੋਰਚੇ ਲਾਏ ਗਏ, ਉਨ੍ਹਾਂ ਵਿਚ ਪੰਜਾਬ ਤੋਂ ਬਾਹਰ, ਦੇਸ਼-ਵਿਦੇਸ਼ ਵਿਚ ਵਸਦੇ ਸਿੱਖਾਂ, ਜਿਨ੍ਹਾਂ ਨੂੰ ਪੰਜਾਬੀ ਸੂਬੇ ਦੇ ਬਣਨ ਨਾਲ ਨਾ ਤਾਂ ਕੋਈ ਲਾਭ ਹੋਣਾ ਸੀ ਤੇ ਨਾ ਹੀ ਉਸਦੇ ਨਾ ਬਣਨ ਨਾਲ ਕੋਈ ਨੁਕਸਾਨ, ਨੇ ਵੀ ਤਨ-ਮਨ-ਧਨ ਰਾਹੀਂ ਪੂਰੇ ਉਤਸ਼ਾਹ ਤੇ ਜੋਸ਼ ਨਾਲ ਅਪਣਾ ਯੋਗਦਾਨ ਪਾਇਆ ਸੀ। ਪ੍ਰੰਤੂ ਅੱਜ ਹਾਲਾਤ ਇਹ ਹੋ ਗਏ ਹੋਏ ਹਨ ਕਿ ਕੋਈ ਵੀ ਅਕਾਲੀ ਨੇਤਾ, ਭਾਵੇਂ ਉਹ ਕਿਤਨਾ ਹੀ ਵੱਡਾ ਜਾਂ ਵੱਡੇ ਅਕਾਲੀ ਦਲ ਦਾ ਆਗੂ ਹੀ ਕਿਉਂ ਨਹੀਂ, ਛਾਤੀ ਤੇ ਹੱਥ ਮਾਰ, ਦਾਅਵੇ ਨਾਲ ਇਹ ਨਹੀਂ ਕਹਿ ਸਕਦਾ ਹੈ ਕਿ ਅਜ, ਜੇ ਕਿਸੇ ਵੀ ਛੋਟੇ ਜਾਂ ਵੱਡੇ ਸ਼੍ਰੋਮਣੀ ਅਕਾਲੀ ਦਲ ਵਲੋਂ ਕੋਈ ਮੋਰਚਾ ਲਾਇਆ ਜਾਂਦਾ ਹੈ, ਤਾਂ ਉਸਦੇ ਸਦੇ ਤੇ ਪੰਜਾਬ ਤੋਂ ਬਾਹਰ ਦੇ ਰਾਜਾਂ ਦੇ ਸਿੱਖਾਂ ਨੂੰ ਤਾਂ ਛਡੋ, ਪੰਜਾਬ ਦੇ ਸਿੱਖ ਹੀ ਇਕ-ਜੁਟ ਹੋ, ਉਸ ਮੋਰਚੇ ਵਿੱਚ ਗ੍ਰਿਫਤਾਰੀ ਦੇਣ ਜਾਂ ਕਿਸੇ ਵੀ ਤਰ੍ਹਾਂ ਦੀ ਹੋਰ ਕੁਰਬਾਨੀ ਕੋਈ ਕਰਨ ਲਈ ਤਿਆਰ ਹੋ ਸਕਣਗੇ?

**ਅਤੇ ਅੰਤ ਵਿੱਚ:** ਦੱਸਿਆ ਜਾਂਦਾ ਹੈ ਕਿ ਇੱਕ ਵਡੀ ਧਾਰਮਕ ਸਿੱਖ ਸੰਸਥਾ ਪੁਰ ਆਪਣੀ ਸੱਤਾ ਨੂੰ ਬਣਾਈ ਰਖਣ ਲਈ, ਸੱਤਾਧਾਰੀਆਂ ਵਲੋਂ ਕਮੇਟੀ ਦੇ ਮੈਂਬਰਾਂ ਲਈ, ਉਨ੍ਹਾਂ ਦੇ ਆਪੋ-ਆਪਣੇ ਇਲਾਕੇ ਦੇ ਇਤਿਹਾਸਕ ਗੁਰਦੁਆਰਿਆਂ ਅਤੇ ਉਨ੍ਹਾਂ ਨਾਲ ਲਗੀਆਂ ਹੋਈਆਂ ਜ਼ਮੀਨਾਂ ਦੀ ਆਮਦਨ ਵਿਚੋਂ ਹਿੱਸਾ ਰਾਖਵਾਂ ਕਰ ਕੇ ਰਖਿਆ ਗਿਆ ਹੋਇਆ ਹੈ, ਜਿਸਦੇ ਬਦਲੇ ਉਨ੍ਹਾਂ ਨੂੰ ਅਹੁਦੇਦਾਰਾਂ, ਵਰਕਿੰਗ ਕਮੇਟੀ ਦੇ ਮੈਂਬਰਾਂ ਦੀ ਚੋਣ ਅਤੇ ਬਜਟ ਪਾਸ ਕਰਨ ਲਈ ਹੋਣ ਵਾਲੇ ਇਜਲਾਸਾਂ ਵਿੱਚ ਸਹਿਮਤੀ ਦਾ ਕੇਵਲ ਜੈਕਾਰਾ ਲਾਉਣ ਦੀ ਹੀ ਜ਼ਿਮੇਂਦਾਰੀ ਨਿਭਾਉਣੀ ਹੁੰਦੀ ਹੈ। ਦਸਣ ਵਾਲੇ ਇਹ ਵੀ ਦਸਦੇ ਹਨ ਕਿ ਇਸ ਸੰਸਥਾ ਵਿੱਚ ਇਹ 'ਪਰੰਪਰਾ' ਬੀਤੇ ਕਈ ਦਹਾਕਿਆਂ ਤੋਂ ਚਲਦੀ ਆ ਰਹੀ ਹੈ। ਇਸ ਤਰ੍ਹਾਂ ਇਸ ਗਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਧਾਰਮਕ ਸੰਸਥਾਵਾਂ ਵਿੱਚ ਵੀ ਜੜ੍ਹਾਂ ਤਕ ਭ੍ਰਿਸ਼ਟਾਚਾਰ ਉਸੇ ਤਰ੍ਹਾਂ ਫੈਲਿਆ ਹੋਇਆ ਹੈ, ਜਿਵੇਂ ਕਿ ਰਾਜਸੀ ਅਤੇ ਦੂਸਰੀਆਂ ਸੰਸਥਾਵਾਂ ਵਿੱਚ ਵਿਖਾਈ ਦੇ ਰਿਹਾ ਹੈ।

# ਘਰਾਂ 'ਚੋਂ ਅਲੋਪ ਹੋ ਰਿਹਾ 'ਚਰਖਾ'



ਤਸਵਿੰਦਰ ਸਿੰਘ ਬੜੈਚ
91-98763-22677

ਪਹਿਲੇ ਸਮਿਆਂ ਵਿਚ ਜਦ ਹਰ ਕੰਮ ਹੱਥੀਂ ਕੀਤਾ ਜਾਂਦਾ ਸੀ, ਮਸ਼ੀਨੀ ਯੁੱਗ ਅਜੇ ਨਹੀਂ ਆਇਆ ਸੀ, ਉਸ ਸਮੇਂ ਤਨ ਢੱਕਣ ਲਈ ਕੱਪੜਾ ਤਿਆਰ ਕਰਨ ਲਈ ਰੂੰ ਵਿਚੋਂ ਧਾਗਾ ਚਰਖਿਆਂ ਰਾਹੀਂ ਕੱਤ ਕੇ ਬਣਾਇਆ ਜਾਂਦਾ ਸੀ। ਰੂੰ ਕਪਾਹ ਦੇ ਪੌਦੇ ਨੂੰ ਲੱਗਦਾ ਹੈ। ਚਰਖਾ ਲੱਕੜ ਦੇ ਗੋਲ ਚੱਕਰਾਂ, ਥੋੜ੍ਹੇ ਜਿਹੇ ਲੋਹੇ ਮਤਲਬ ਤਕਲੇ (ਤਕਲਾ ਲੋਹੇ ਦਾ ਸੂਆ ਹੁੰਦਾ ਹੈ) ਅਤੇ ਧਾਗੇ ਜਾਣੀ ਮਾਲ੍ਹ ਦੇ ਸੁਮੇਲ ਨਾਲ ਬਣਿਆ ਹੁੰਦਾ ਸੀ। ਇਹ ਹੱਥ ਨਾਲ ਗੇੜਾ ਦੇ ਕੇ ਚੱਲਦਾ ਸੀ। ਸਭ ਤੋਂ ਵਧੀਆ ਚਰਖਾ ਟਾਹਲੀ ਦੀ ਲੱਕੜ ਦਾ ਗਿਣਿਆ ਜਾਂਦਾ ਸੀ। ਦੂਜੀਆਂ ਲੱਕੜਾਂ ਦੇ ਵੀ ਚਰਖੇ ਬਣਾਏ ਜਾਂਦੇ ਸਨ:-

'ਕਿੱਕਰ ਦਾ ਮੇਰਾ ਚਰਖਾ ਮਾਏ,
ਟਾਹਲੀ ਦਾ ਕਰਵਾ ਦੇ।
ਏਸ ਚਰਖੇ ਦਾ ਹਿੱਲੇ ਮਝੇਰੂ,
ਮਾਲ੍ਹਾਂ ਬੜੀਆਂ ਖਾਵੇ।
ਮੇਰੇ ਨਾਲ ਦੀਆਂ ਕੱਤ ਕੇ ਸੌਂ ਗਈਆਂ, ਮੈਥੋਂ ਕੱਤਿਆ ਨਾ ਜਾਵੇ।
ਚਰਖਾ ਬੂ ਚੰਦਰਾ, ਮੇਰੀ ਨੀਂਦ ਗਵਾਵੇ।'



ਇਸ ਨੂੰ ਬਣਾਉਣ ਲਈ ਕਾਰੀਗਰ ਜਿਥੇ ਵਧੀਆ ਕਿਸਮ ਦੀ ਲੱਕੜ ਦੀ ਚੋਣ ਕਰਦਾ ਸੀ, ਉਥੇ ਉਹ ਇਸਦੇ ਹਾਰ-ਸ਼ਿੰਗਾਰ ਲਈ ਸੋਨੇ ਅਤੇ ਚਾਂਦੀ ਰੰਗੀਆਂ ਮੇਖਾਂ ਅਤੇ ਇਸ ਦੇ ਚੱਕਰੇ ਵਿਚ ਸ਼ੀਸ਼ੇ ਵੀ ਜੜਿਆ ਕਰਦਾ ਸੀ ਅਤੇ ਇਸ ਨੂੰ ਵੱਖ-ਵੱਖ ਰੰਗਾਂ ਦੁਆਰਾ ਰੰਗ ਕਰਕੇ ਰੰਗ-ਬਰੰਗੀਆਂ ਧਾਰੀਆਂ ਨਾਲ ਸਜਾਇਆ ਕਰਦਾ ਸੀ। ਆਮ ਤੌਰ 'ਤੇ ਹਰ ਘਰ ਵਿਚ ਤਿੰਨ-ਤਿੰਨ, ਚਾਰ-ਚਾਰ ਚਰਖੇ ਹੁੰਦੇ ਸਨ। ਕੁੜੀਆਂ, ਬਹੂਆਂ ਅਤੇ ਬੁੜੀਆਂ ਘਰਾਂ ਵਿਚ ਚਰਖੇ ਕੱਤਦੀਆਂ ਹੁੰਦੀਆਂ ਸਨ। ਚਰਖਾ ਮਹਿਲਾਵਾਂ ਦੇ ਵਰਤਣ ਵਾਲੀ ਚੀਜ਼ ਹੋਣ ਕਰਕੇ ਇਹ ਇਸਤਰੀ ਵਰਗ ਦੇ ਬਹੁਤ ਜ਼ਿਆਦਾ ਨਜ਼ਦੀਕ ਰਿਹਾ ਹੈ। ਸੁਆਣੀਆਂ ਚੁਗੀ ਹੋਏ ਰੂੰ ਨੂੰ ਵੇਲਣੇ ਵਿਚ ਪਿੰਜ ਕੇ ਕਾਨ੍ਹੇ ਦੀ ਤੀਲ ਨਾਲ ਇਸ ਦੀਆਂ ਪੂਣੀਆਂ ਬਣਾ ਲੈਂਦੀਆਂ ਸਨ। ਪੂਣੀਆਂ ਬਣਾਉਣ ਤੋਂ ਬਾਅਦ ਇਸ ਨੂੰ ਕੱਤਣ ਲਈ ਸੁਆਣੀਆਂ ਆਪਣਾ ਕੰਮ ਧੰਦਾ ਨਬੇੜ ਕੇ ਚਰਖਾ ਡਾਹ ਲਿਆ ਕਰਦੀਆਂ ਸਨ ਅਤੇ ਦੇਰ ਰਾਤ ਤੱਕ ਕੱਤਿਆ ਕਰਦੀਆਂ ਸਨ। ਗਰਮੀਆਂ ਦੀਆਂ ਦੁਪਹਿਰਾਂ ਨੂੰ ਜਾਂ ਸਰਦੀਆਂ ਦੀਆਂ ਰਾਤਾਂ ਨੂੰ ਆਮ ਤੌਰ 'ਤੇ ਕਿਸੇ ਖੁੱਲ੍ਹੇ ਘਰ ਦੇ ਵਿਹੜੇ, ਦਰਵਾਜ਼ਿਆਂ, ਬੋਹੜਾਂ, ਨਿੰਮਾਂ ਦੀ ਘਣੀ ਸੰਘਣੀ ਛਾਂ ਹੇਠ ਜਾਂ ਸਬਾਤ ਵਿਚ ਤ੍ਰਿੰਝਣ ਲੱਗਦੇ ਹੁੰਦੇ ਸਨ। ਗਲੀ-ਗੁਆਂਢ ਦੀਆਂ ਕੁੜੀਆਂ 'ਕੱਠੀਆਂ ਹੋ ਕੇ ਤ੍ਰਿੰਝਣ ਲਾਉਂਦੀਆਂ ਸਨ। ਜਿਥੇ ਬੈਠ ਕੇ ਚਰਖਾ ਕੱਤਿਆ ਜਾਂਦਾ ਸੀ। ਉਸ ਜਗ੍ਹਾਂ ਨੂੰ ਤ੍ਰਿੰਝਣ ਕਿਹਾ ਜਾਂਦਾ ਸੀ। ਸੁਆਣੀਆਂ ਆਪਣੇ-ਆਪਣੇ ਚਰਖੇ, ਬੋਹੀਏ ਵਿਚ ਪੂਣੀਆਂ 'ਤੇ ਬੈਠਣ ਲਈ ਪੀੜ੍ਹੀਆਂ ਲੈ ਕੇ ਇਕ ਮਿਥੀ ਹੋਈ ਥਾਂ 'ਤੇ ਪਹੁੰਚ ਜਾਂਦੀਆਂ ਸਨ। ਜਦ ਕੁੜੀਆਂ ਤ੍ਰਿੰਝਣ 'ਚ ਕੱਤਦੀਆਂ ਸਨ ਤਾਂ ਉਨ੍ਹਾਂ ਦੀ ਆਪਸ ਵਿਚ ਨੋਕ-ਝੋਕ ਵੀ ਚੱਲਦੀ ਰਹਿੰਦੀ ਸੀ। ਗੀਤ ਵੀ ਗਾਉਂਦੀਆਂ ਸਨ। ਭੁੰਜੇ ਦਾਣੇ, ਗੁੜ ਤੇ ਮੂੰਗਫਲੀ ਵੀ ਖਾਂਦੀਆਂ ਰਹਿੰਦੀਆਂ ਸਨ ਅਤੇ ਨਾਲ ਹੀ ਹੋਰ ਕੰਮ ਜਿਵੇਂ ਕਢਾਈ, ਬੁਣਾਈ ਦਾ ਕੰਮ ਵੀ ਕਰਦੀਆਂ ਰਹਿੰਦੀਆਂ ਸਨ। ਜਦ ਇਨ੍ਹਾਂ ਤ੍ਰਿੰਝਣ ਕੱਤਦੀਆਂ ਕੁੜੀਆਂ ਦੇ ਵਿਆਹ ਹੋ ਜਾਂਦੇ ਸਨ, ਫੇਰ ਤਾਂ ਇਨ੍ਹਾਂ ਦਾ ਕਦੇ-ਕਦਾਈ ਹੀ ਮੇਲ ਹੁੰਦਾ ਸੀ-

'ਬੇੜੀ ਦਾ ਪੂਰ, ਤ੍ਰਿੰਝਣ ਦੀਆਂ ਕੁੜੀਆਂ,
ਸਬੱਬ ਨਾਲ ਹੋਣ ਕੱਠੀਆਂ,

ਵਿਆਹ ਤੋਂ ਬਾਅਦ ਕਈ ਵਾਰ ਮਾਵਾਂ ਨੂੰ ਆਪਣੀ ਕੁੜੀ ਦੀਆਂ ਸਹੇਲੀਆਂ ਨੂੰ ਤ੍ਰਿੰਝਣਾਂ ਵਿਚ ਕੱਤਦੀਆਂ ਦੇਖ ਕੇ ਆਪਣੀਆਂ ਧੀਆਂ ਯਾਦ ਆ ਜਾਂਦੀਆਂ ਸਨ-

ਤ੍ਰਿੰਝਣਾਂ ਦੇ ਵਿੱਚ ਕੱਤਣ ਸਹੇਲੀਆਂ, ਗੁੱਡੀਆਂ ਨਾਲ ਗੁੱਡੀਆਂ ਜੋੜ।
ਹੁਣ ਕਿਉਂ ਰੋਨੀ ਏ, ਧੀਆਂ ਨੂੰ ਸਹੁਰੇ ਤੋਰ।

ਦਹੇਜ ਵਿਚ ਆਏ ਚਰਖੇ ਨੂੰ ਕੱਤਦੀਆਂ ਸੁਆਣੀਆਂ ਆਪਣੇ ਮਾਪਿਆਂ ਨੂੰ ਯਾਦ ਕਰਦੀਆਂ ਉਦਾਸੀ ਦੇ ਬੋਲ ਗਾਉਂਦੀਆਂ ਸਨ-

ਚਰਖਾ ਮੇਰਾ ਰੰਗਲਾ-ਧੋਣਾ ਵਿਚ ਸੋਨੇ ਦੀਆਂ ਮੇਖਾਂ।
ਮਾਂ ਮੈਂ ਤੈਨੂੰ ਯਾਦ ਕਰਾਂ ਜਦ ਚਰਖੇ ਵੱਲ੍ਹ ਵੇਖਾਂ।

ਦਾਜ ਵਿਚ ਸੰਦੂਕ ਵਾਂਗ ਚਰਖਾ ਵੀ ਇਕ ਮੁੱਖ ਚੀਜ਼ ਹੁੰਦੀ ਸੀ। ਗੱਲ ਕੀ ਚਰਖੇ ਤੋਂ ਬਿਨ੍ਹਾਂ ਦਾਜ ਨੂੰ ਅਧੂਰਾ ਗਿਣਿਆ ਜਾਂਦਾ ਸੀ ਅਤੇ ਕਿਹਾ ਜਾਂਦਾ ਸੀ ਕਿ ਇਸ ਦੀ ਮਾਂ ਇਸ ਨੂੰ ਚਰਖਾ ਕੱਤਣਾ ਵੀ ਨਹੀਂ ਸਿਖਾਇਆ ਜਿਹੜਾ ਇਹ ਆਪਣੇ ਦਾਜ ਵਿਚ ਚਰਖਾ ਨੀ ਲੈ ਕੇ ਆਈ। ਸਿਆਣੀ ਉਮਰ ਦੀਆਂ ਔਰਤਾਂ ਚਰਖੇ ਨਾਲ ਆਪਣਾ ਸਮਾਂ ਵੀ ਵਧੀਆ ਢੰਗ ਨਾਲ ਬਤੀਤ ਕਰ ਲਿਆ ਕਰਦੀਆਂ ਸਨ। ਸੌ ਪੂਣੀਆਂ ਨੂੰ ਕੱਤ ਕੇ ਗਲੋਟੇ ਕੀਤੇ ਜਾਂਦੇ ਸੀ ਅਤੇ ਅਟੇਰਲੇ ਦੀ ਮਦਦ ਨਾਲ ਗਲੋਟੇ ਨੂੰ ਲੱਛਿਆਂ ਦਾ ਰੂਪ ਦੇ ਕੇ ਇਨ੍ਹਾਂ ਤੋਂ ਸੂਤ ਤਿਆਰ ਕਰ ਲਿਆ ਜਾਂਦਾ ਸੀ। ਇਸੇ ਸੂਤ ਤੋਂ ਹੀ ਦਰੀਆਂ, ਖੇਸ-ਖੇਸੀਆਂ, ਚਾਦਰਾਂ, ਦੋਲੇ, ਹੱਥ-ਪੱਖੇ, ਮੰਜੇ, ਪੀੜ੍ਹੀਆਂ ਅਤੇ ਪਹਿਨਣ ਲਈ ਖੱਦਰ ਆਦਿ ਬਣਾਇਆ ਜਾਂਦਾ ਸੀ।

ਕੱਤਣ ਵਾਲੀਆਂ ਕਮਾਲ ਕਰ ਦਿੰਦੀਆਂ ਸਨ, ਬੇਸ਼ੁਮਾਰ ਕੱਤ-ਕੱਤ ਕੇ ਸੰਦੂਕ ਅਤੇ ਪੇਟੀਆਂ ਭਰ ਲੈਂਦੀਆਂ ਸਨ। ਅੱਧੇ ਵੱਧ ਘਰ ਦੀਆਂ ਲੋੜਾਂ ਚਰਖਾ ਪੂਰੀਆਂ ਕਰ ਦਿੰਦਾ ਸੀ। ਬਹੁਤ ਹੀ ਘੱਟ ਵਸਤਾਂ ਸ਼ਹਿਰਾਂ ਵਿਚੋਂ ਲਿਆਂਦੀਆਂ ਜਾਂਦੀਆਂ ਸਨ। ਹੁਣ ਉਹ ਦੌਰ ਨਹੀਂ ਰਿਹਾ। ਹੁਣ ਚਰਖਾ ਵਿਚਾਰਾਂ ਬਹੁਤਿਆਂ ਘਰਾਂ ਵਿਚ ਲੱਭਦਾ ਹੀ ਨਹੀਂ ਜੇ ਕਿਤੇ ਮਿਲਦਾ ਵੀ ਹੈ ਤਾਂ ਉਹ ਵੀ ਕਿਸੇ ਖੂੰਜੇ ਧੂੜ ਮਿੱਟੀ ਨਾਲ ਭਰਿਆ ਮਿਲੇਗਾ। ਇਹੋ ਜਹੀਆਂ ਚੀਜ਼ਾਂ ਜੋ ਕਦੇ ਸਾਡੇ ਅੰਗ-ਸੰਗ ਹੁੰਦੀਆਂ ਸਨ। ਉਹ ਸਾਡੇ ਤੋਂ ਕੋਹਾਂ ਦੂਰ ਜਾ ਰਹੀਆਂ ਹਨ ਅਤੇ ਚਲੀਆਂ ਗਈਆਂ ਹਨ।

## ਪੰਦਰਾਂ ਅਗਸਤ ਮਨਾਈਏ

ਹਰਦੀਪ ਬਿਰਦੀ (91-90416-00900)

ਚਲੋ ਰਲ ਪੰਦਰਾਂ ਅਗਸਤ ਮਨਾ ਲਈਏ,
ਕੁਝ ਪਲ ਝੂਠਾ ਜਿਹਾ ਹੀ ਮੁਸਕਾ ਲਈਏ।

ਅੰਗਰੇਜ਼ਾਂ ਹੱਥੋਂ ਪਹਿਲਾਂ ਲੁੱਟ ਹੁੰਦੇ ਸੀ,
ਆਪਣਿਆਂ ਤੋਂ ਲੁੱਟ ਹੋਣ ਦਾ ਅਨੰਦ ਉਠਾ ਲਈਏ।

ਭਰ ਪੇਟ ਰੋਟੀ ਜਦੋਂ ਨਸੀਬ ਹੋਊ ਦੇਖੀ ਜਾਊ,
ਤਦ ਤੱਕ ਚਿੱਟਾ ਚੂੱਟਾ ਜਿਹਾ ਖਾ ਲਈਏ।

ਓਦਾਂ ਤਾਂ ਮਹਿੰਗਾਈ ਨਾਲ ਮਿਲੀ ਨਾ ਸਬਜ਼ੀ,
ਵਿੱਚ ਖਿਆਲਾਂ ਦੇ ਪਨੀਰ ਗਟਕਾ ਲਈਏ।

ਸਰਕਾਰ ਕੋਲ ਪੈਸਾ ਹੈ ਨਹੀਂ ਵਿਕਾਸ ਲਈ,
ਆਜ਼ਾਦੀ ਦਿਵਸ ਤੇ ਜਿਨਾ ਮਰਜ਼ੀ ਉੜਾ ਲਈਏ।

ਪਾ ਆਇਓ ਸੋਹਣੇ ਕਪੜੇ ਲੈ ਉਧਾਰੇ ਚਾਹੇ,
ਰਲ ਮਿਲ ਜਸ਼ਨ ਦੀ ਫੋਟੋ ਖਿਚਵਾ ਲਈਏ।

ਕਰਨਾ ਤਾਂ ਕੰਮ ਲੀਡਰਾਂ ਨੇ ਉਹੀ ਕਰਨਾ,
ਆਪਾਂ ਤਾਂ ਅਪਣੀ ਅਵਾਜ਼ ਹੀ ਸੁਣਾ ਲਈਏ।

ਗੈਰਾਂ ਦੇ ਹੱਥ ਨਹੀਂ ਡੋਰ ਸਾਡੀ ਆਪਣੇ ਨੇ,
ਇਸੇ ਗੱਲ ਦਾ ਬਸ ਸ਼ੁਕਰ ਮਨਾ ਲਈਏ।

## ਰਿਓ ਉਲੰਪਿਕ ਖੇਡਾਂ

# ਪਹਿਲੀ ਵਾਰ ਉਲੰਪਿਕ ਮੈਡਲ ਪ੍ਰਾਪਤ ਕਰਨ ਵਾਲੇ ਇਹ ਦੇਸ਼







ਰਿਓ ਉਲੰਪਿਕ ਵਿਚ ਭਾਗ ਲੈ ਰਹੇ ਕਈ ਦੇਸ਼ ਹਨ ਜਿਹਨਾਂ ਨੂੰ ਪਹਿਲੀ ਵਾਰ ਗੋਲਡ ਮੈਡਲ ਜਾਂ ਕੋਈ ਵੀ ਮੈਡਲ ਮਿਲਿਆ ਹੈ। ਇਹਨਾਂ ਵਿਚ ਪੋਰਟੋ ਰਿਕੋ, ਵੀਅਤਨਾਮ, ਫਿਜ਼ੀ, ਕੋਸੋਵੋ ਅਤੇ ਸਿੰਗਾਪੁਰ ਵਰਗੇ ਦੇਸ਼ ਸ਼ਾਮਲ ਹਨ। ਪੋਰਟੋ ਰਿਕੋ ਦੀ ਮੋਨਿਕਾ ਪਵੀਗ ਨੇ ਸਿੰਗਲ ਔਰਤ ਟੈਨਿਸ ਵਿਚ ਜਿੱਤ ਦਰਜ ਕਰਕੇ ਆਪਣੇ ਮੁਲਕ ਨੂੰ ਪਹਿਲੀ ਵਾਰ ਉਲੰਪਿਕ ਗੋਲਡ ਮੈਡਲ ਦਿਵਾਇਆ ਹੈ।

ਮੋਨਿਕਾ ਪਵੀਗ ਨੇ ਦੂਜੀ ਨੰਬਰ ਦੀ ਜਰਮਨ ਦੀ ਅੰਜੇਲੀਕ ਕੈਰਬਰ ਨੂੰ ਸਿੱਧੇ ਸੈਟਾਂ ਵਿਚ ਹਰਾ ਕੇ ਇਹ ਉਪਲਬਧੀ ਹਾਸਲ ਕੀਤੀ ਹੈ।

ਵੀਅਤਨਾਮ ਦੇ ਹੋਆਂਗ ਸ਼ੂਆਨ ਵੀਨ ਨੇ ਦਸ ਮੀਟਰ ਏਅਰ ਪਿਸਟਲ ਮੁਕਾਬਲੇ ਵਿਚ ਜਿੱਤ ਦਰਜ ਕਰਕੇ ਵੀਅਤਨਾਮ ਦੀ ਝੋਲੀ ਵਿਚ ਹੁਣ ਤੱਕ ਦਾ ਪਹਿਲਾ ਉਲੰਪਿਕ ਗੋਲਡ ਮੈਡਲ ਜਿੱਤਿਆ ਹੈ। ਉਹਨਾਂ ਨੇ ਇਹ ਮੁਕਾਬਲਾ 202.5 ਦੇ ਸਕੋਰ ਨਾਲ ਜਿੱਤਿਆ। ਕੋਸੋਵੋ ਨੇ ਵੀ ਉਲੰਪਿਕ ਵਿਚ ਆਪਣਾ ਖਾਤਾ ਖੋਲ੍ਹਦੇ ਹੋਏ ਪਹਿਲੀ ਵਾਰ ਕੋਈ ਮੈਡਲ ਹਾਸਲ ਕੀਤਾ ਹੈ। ਕੋਸੋਵੋ ਦੀ ਮਾਜ਼ਾਲਿਡਾ ਕੇਲਮੇਂਡੀ ਨੇ ਜੁਡੋ ਦੇ 52 ਕਿਲੋਗ੍ਰਾਮ ਵਰਗ ਵਿਚ ਗੋਲਡ ਮੈਡਲ ਜਿੱਤ ਕੇ ਕੋਸੋਵੋ ਨੂੰ ਇਹ ਸੁਨਹਿਰੀ ਮੌਕਾ ਦਿੱਤਾ ਹੈ। ਫਾਈਨਲ ਵਿਚ ਉਹਨਾਂ ਨੇ ਇਟਲੀ ਦੀ ਓਦੇਂਤੇ ਗਿਆਫਰੀਡਾ ਨੂੰ ਹਰਾਇਆ ਸੀ। ਫਿਜ਼ੀ ਦੀ ਪੁਰਸ਼ ਰਗਬੀ ਟੀਮ ਨੇ ਰਗਬੀ ਸੈਵਨ ਮੁਕਾਬਲੇ ਵਿਚ ਬ੍ਰਿਟੇਨ ਨੂੰ ਹਰਾ ਕੇ ਪਹਿਲੀ ਵਾਰ ਕੋਈ ਮੈਡਲ ਆਪਣੇ ਨਾਂ ਕੀਤਾ ਹੈ। ਇਸ ਜਿੱਤ ਤੋਂ ਬਾਅਦ ਫਿਜੀ ਦੀਆਂ ਸੜਕਾਂ ਤੇ ਜਬਰਦਸਤ ਖੁਸ਼ੀਆਂ ਮਨਾਈਆਂ ਗਈਆਂ ਹਨ। ਬੈਂਕ ਅਤੇ ਦੁਕਾਨਾਂ ਬੰਦ ਸਨ ਅਤੇ ਲੋਕ ਸੜਕਾਂ ਤੇ ਨੱਚ-ਗਾ ਰਹ ਸਨ।

ਸਿੰਗਾਪੁਰ ਦੇ ਜੋਸਫ ਸਕੂਲਿੰਗ ਨੇ ਤੈਰਾਕੀ ਦੀ 100 ਮੀਟਰ ਬਟਰਫਲਾਈ ਮੁਕਾਬਲੇ ਵਿਚ ਅਮਰੀਕੀ ਤੈਰਾਕ ਮਾਈਕਲ ਫੈਲਪਸ ਨੂੰ ਹਰਾ ਕੇ ਸਿੰਗਾਪੁਰ ਦੇ ਲਈ ਹੁਣ ਤੱਕ ਦਾ ਪਹਿਲਾ ਗੋਲਡ ਮੈਡਲ ਜਿੱਤਿਆ। 21 ਸਾਲਾ ਸਕੂਲਿੰਗ ਨੇ 50.39 ਸਕਿੰਟ ਵਿਚ ਇਹ ਰੇਸ ਪੂਰੀ ਕਰਕੇ ਉਲੰਪਿਕ ਵਿਚ ਇਕ ਨਵਾਂ ਰਿਕਾਰਡ ਬਣਾਇਆ।



ਅਮਰੀਕਾ ਨੇ ਉਲੰਪਿਕ ਵਿਚ 1000 ਗੋਲਡ ਮੈਡਲ ਜਿੱਤਣ ਦਾ ਰਿਕਾਰਡ ਬਣਾਇਆ ਹੈ। ਰਿਓ ਉਲੰਪਿਕ ਤੋਂ ਪਹਿਲਾਂ ਅਮਰੀਕਾ ਦੇ ਖਾਤੇ ਵਿਚ 977 ਗੋਲਡ ਮੈਡਲ ਸਨ। ਆਧੁਨਿਕ ਉਲੰਪਿਕ ਦੇ 120 ਸਾਲ ਦੇ ਇਤਿਹਸ ਵਿਚ ਗੋਲਡ ਮੈਡਲ ਮਿਲਣ ਦੇ ਮਾਮਲੇ ਵਿਚ ਅਮਰੀਕਾ ਤੋਂ ਬਾਅਦ ਦੂਜਾ ਸਥਾਨ ਰੂਸ ਦਾ ਹੈ।

ਅਮਰੀਕੀ ਤੈਰਾਕ ਮਾਈਕਲ ਫੈਲਪਸ ਨੇ ਅਮਰੀਕਾ ਦੇ ਲਈ ਉਲੰਪਿਕ ਵਿਚ ਕੁੱਲ 23 ਗੋਲਡ ਮੈਡਲ ਜਿੱਤੇ ਹਨ। ਉਹ ਉਲਪਿਕ ਵਿਚ ਹੁਣ ਤੱਕ ਸਭ ਤੋਂ ਜ਼ਿਆਦਾ ਗੋਲਡ ਮੈਡਲ ਜਿੱਤਣ ਵਾਲੇ ਖਿਡਾਰੀ ਹਨ। ਦੂਜੇ ਨੰਬਰ ਤੇ ਮੈਡਲ ਜਿੱਤਣ ਵਾਲੇ ਰੂਸ ਦੇ ਕੋਲ ਅਮਰੀਕਾ ਤੋਂ ਅੱਧੇ ਤੋਂ ਵੀ ਘੱਟ ਗੋਲਡ ਮੈਡਲ ਹਨ। ਰਿਓ ਵਿਚ ਡੋਪਿੰਗ ਦੇ ਮਾਮਲੇ ਵਿਚ ਗੜਬੜੀ ਦੀਆਂ ਸ਼ਿਕਾਇਤਾਂ ਦੇ ਕਾਰਨ ਰੂਸ ਇਸ ਵਾਰ ਹਿੱਸਾ ਹੀ ਨਹੀਂ ਲੈ ਸਕਿਆ।

# ਹੁਣ ਤੱਕ ਉਲੰਪਿਕ ਖੇਡਾਂ ਦੇ ਮੁਕਾਬਲਿਆਂ ਦੇ ਕੁਝ ਖਾਸ ਪਲ

## ਹਾਕੀ ਵਿਚ ਬੈਲਜੀਅਮ ਪਾਸੋਂ ਹਾਰ ਕੇ ਭਾਰਤ ਹੋਇਆ ਬਾਹਰ

ਰੀਓ ਡੀ ਜਨੇਰੋ- ਰੀਓ ਓਲੰਪਿਕਸ ਦੇ ਹਾਕੀ ਦੇ ਕੁਆਰਟਰ ਫਾਈਨਲ ਮੁਕਾਬਲੇ ਵਿੱਚ ਭਾਰਤ ਨੂੰ ਬੈਲਜੀਅਮ ਪਾਸੋਂ 3-1 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਇਸ ਦੇ ਨਾਲ ਹੀ ਭਾਰਤੀ ਹਾਕੀ ਟੀਮ ਦੀ ਓਲੰਪਿਕ ਮੁਹਿੰਮ ਵੀ ਖ਼ਤਮ ਹੋ ਗਈ। ਮੈਚ ਦੇ ਪਹਿਲੇ ਕੁਆਰਟਰ ਵਿੱਚ ਆਕਾਸ਼ਦੀਪ ਦੇ ਮੈਦਾਨੀ ਗੋਲ ਨਾਲ ਭਾਰਤ ਨੇ ਲੀਡ ਲਈ। ਆਕਾਸ਼ਦੀਪ ਨੇ ਮੈਚ ਦੇ ਨੌਵੇਂ ਮਿੰਟ ਵਿੱਚ ਗੋਲ ਕੀਤਾ।

ਮੈਚ ਦੇ 19ਵੇਂ ਮਿੰਟ ਵਿੱਚ ਭਾਰਤੀ ਟੀਮ ਗੋਲ ਕਰਨ ਦੇ ਬਿਲਕੁਲ ਕਰੀਬ ਪਹੁੰਚ ਗਈ ਸੀ ਪਰ ਨਿਕਿਨ ਥਿਮੱਈਆ ਖੁੰਝ ਗਿਆ। ਦੂਜੇ ਪਾਸੇ ਇਕ ਗੋਲ ਤੋਂ ਪਛੜ ਰਹੀ ਬੈਲਜੀਅਮ ਦੀ ਟੀਮ ਨੇ ਭਾਰਤ ਉਤੇ ਹਮਲੇ ਜਾਰੀ ਰੱਖੇ ਅਤੇ ਡੋਕੀਅਰ ਦੇ ਗੋਲ ਨਾਲ ਬੈਲਜੀਅਮ ਨੇ ਬਰਾਬਰੀ ਕੀਤੀ।

ਚੌਥੇ ਕੁਆਰਟਰ ਵਿੱਚ ਸ੍ਰੀਜੇਸ਼ ਨੂੰ ਬਾਹਰ ਕਰ ਕੇ ਇਕ ਹੋਰ ਖਿਡਾਰੀ ਖੇਡਣ ਲਈ ਉਤਾਰ ਲਿਆ ਗਿਆ ਪਰ ਇਸ ਦਾ ਵੀ ਟੀਮ ਨੂੰ ਕੋਈ ਲਾਭ ਨਹੀਂ ਮਿਲਿਆ।



ਔਰਤਾਂ ਦੀ ਤਲਵਾਰਬਾਜ਼ੀ ਮੁਕਾਬਲੇ ਵਿਚ ਗੋਲਡ ਮੈਡਲ ਬਰਕਰਾਰ ਰੱਖਣ ਵਿਚ ਸਫਲ ਰਹੀ ਤੀਮਾ ਨਾਗੀ ਦੇ ਚਿਹਰੇ ਤੇ ਦਿੱਸ ਰਹੀ ਇਸ ਖੁਸ਼ੀ ਨੂੰ ਕੈਮਰ ਵਿਚ ਕੈਦ ਕੀਤਾ ਗਿਆ। ਐਲਸਾ ਕਹਿੰਦੀ ਹੈ ਕਿ ਅਜਿਹੀਆਂ ਤਸਵੀਰਾਂ ਉਸਨੂੰ ਜ਼ਿਆਦਾ ਆਕਰਸ਼ਿਤ ਕਰਦੀਆਂ ਹਨ।



ਵਿਸ਼ਵ ਦੇ ਸਭ ਤੋਂ ਤੇਜ਼ ਦੌੜਾਕ ਜਮਾਇਕਾ ਦੇ ਉਸੈਨ ਬੋਲਟ ਨੇ ਬੀਤੇ ਦਿਨ 100 ਮੀਟਰ ਦੀ ਬਹੁਚਰਚਿਤ ਦੌੜ ਵਿੱਚ ਲਗਾਤਾਰ ਤੀਜਾ ਸੋਨ ਤਗ਼ਮਾ ਜਿੱਤ ਕੇ ਓਲੰਪਿਕ ਵਿੱਚ ਨਵਾਂ ਇਤਿਹਾਸ ਸਿਰਜ ਦਿੱਤਾ ਜਦਕਿ ਦੱਖਣੀ ਅਫ਼ਰੀਕਾ ਦੇ ਵੇਡ ਵਾਨ ਨੀਕਰਕ ਨੇ 400 ਮੀਟਰ ਵਿੱਚ ਮਾਈਕਲ ਜੌਨਸਨ ਦੇ ਰਿਕਾਰਡ ਨੂੰ ਤੋੜ ਦਿੱਤਾ। ਬੋਲਟ ਨੇ ਦਰਸ਼ਕਾਂ ਨਾਲ ਤੁੰਨੇ ਸਟੇਡੀਅਮ ਵਿੱਚ 100 ਮੀਟਰ ਦੇ ਫਾਈਨਲ ਵਿੱਚ 9.81 ਸਕਿੰਟ ਦਾ ਸਮਾਂ ਕੱਢਦਿਆਂ ਲਗਾਤਾਰ ਤੀਜੀ ਵਾਰ ਇਸ ਈਵੈਂਟ ਵਿੱਚ ਸੋਨੇ ਦਾ ਤਗ਼ਮਾ ਜਿੱਤਿਆ। ਡੋਪਿੰਗ ਦਾ ਦਾਗ਼ੀ ਅਮਰੀਕੀ ਦੌੜਾਕ ਜਸਟਿਨ ਗੈਟਲਿਨ 9.89 ਸਕਿੰਟ ਦੇ ਸਮੇਂ ਨਾਲ ਦੂਜੇ ਜਦਕਿ ਕੈਨੇਡਾ ਦਾ ਆਂਦਰੇ ਡੀ ਗ੍ਰੇਸ 9.91 ਸਕਿੰਟ ਨਾਲ ਤੀਜੇ ਸਥਾਨ ’ਤੇ ਰਿਹਾ।

# ਭਾਰਤ ਨੂੰ ਰਿਓ ਵਿਚ ਪਹਿਲਵਾਨਾਂ ਤੋਂ ਹੈ ਹਾਲੇ ਵੀ ਕਾਫੀ ਉਮੀਦ

ਰੀਓ ਡੀ ਜਨੇਰੋ- ਰੀਓ ਓਲੰਪਿਕ ਤੋਂ ਪਹਿਲਾਂ ਦੇ ਵਿਵਾਦ ਨੂੰ ਭੁਲਾ ਕੇ ਨਰਸਿੰਘ ਯਾਦਵ ਇਸ ਸਫ਼ਰ ਦਾ ਪਰੀ ਕਹਾਣੀਆਂ ਵਾਂਗ ਅੰਤ ਕਰਨਾ ਚਾਹੇਗਾ, ਜਦੋਂ ਕਿ ਭਲਕ ਤੋਂ ਸ਼ੁਰੂ ਹੋ ਰਹੇ ਕੁਸ਼ਤੀ ਮੁਕਾਬਲਿਆਂ ਵਿੱਚ ਯੋਗੇਸ਼ਵਰ ਦੱਤ ਲਗਾਤਾਰ ਦੂਜੇ ਤਗ਼ਮੇ ਨਾਲ ਖੇਡਾਂ ਦੇ ਇਸ ਮਹਾਂਕੁੰਭ ਨੂੰ ਅਲਵਿਦਾ ਕਹਿਣ ਦੀ ਕੋਸ਼ਿਸ਼ ਵਿੱਚ ਹੋਵੇਗਾ। ਭਾਰਤ ਦਾ ਸੌ ਤੋਂ ਵੱਧ ਖਿਡਾਰੀਆਂ ਦਾ ਦਲ ਅਜੇ ਤੱਕ ਇਕ ਵੀ ਤਗ਼ਮਾ ਨਹੀਂ ਜਿੱਤ ਸਕਿਆ ਅਤੇ ਸਾਰਿਆਂ ਦੀ ਨਜ਼ਰਾਂ ਕੁਸ਼ਤੀ ਉਤੇ ਹਨ। ਲੰਡਨ ਓਲੰਪਿਕ ਵਿੱਚ ਭਾਰਤ ਨੇ ਕੁਸ਼ਤੀ ਵਿੱਚ ਦੋ ਤਗ਼ਮੇ ਜਿੱਤੇ ਸਨ।

ਇਸ ਕਾਰਨ ਇਸ ਵਾਰ ਵੀ ਅੱਠ ਮੈਂਬਰੀ ਟੀਮ ਤੋਂ ਪ੍ਰਦਰਸ਼ਨ ਦੁਹਰਾਉਣ ਦੀ ਉਮੀਦ ਹੈ।

ਓਲੰਪਿਕ ਤੋਂ ਪਹਿਲਾਂ ਹਾਲਾਂਕਿ ਭਾਰਤੀ ਟੀਮ ਦੀਆਂ ਤਿਆਰੀਆਂ ਵਿਵਾਦਾਂ ਵਿੱਚ ਘਿਰੀਆਂ ਰਹੀਆਂ, ਜਦੋਂ ਨਰਸਿੰਘ ਨੂੰ ਐਨ ਮੌਕੇ ਉਤੇ ਡੋਪਿੰਗ ਸਕੈਂਡਲ ਤੋਂ ਖ਼ੁਦ ਨੂੰ ਪਾਕ ਸਾਬਤ ਕਰਨ ਲਈ ਮਸ਼ੱਕਤ ਕਰਨੀ ਪਈ। ਨਰਸਿੰਘ ਨਾਲ ਜੁੜੇ ਡੋਪਿੰਗ ਵਿਵਾਦ ਕਾਰਨ ਪੂਰੀ ਟੀਮ ਦੀਆਂ ਤਿਆਰੀਆਂ ਪ੍ਰਭਾਵਤ ਹੋਈਆਂ ਪਰ ਨਰਸਿੰਘ ਨੇ ਕਾਫੀ ਨਿਡਰਤਾ ਨਾਲ ਇਸ ਦਾ ਸਾਹਮਣਾ ਕੀਤਾ ਅਤੇ ਵਿਰੋਧੀ ਹਾਲਾਤ ਵਿੱਚੋਂ ਜੇਤੂ ਹੋ ਕੇ ਨਿਕਲਿਆ।

ਲਖ ਖੁਸੀਆਂ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ॥

# ਸ. ਰਛਪਾਲ ਸਿੰਘ ਫਰਵਾਲਾ ਦੇ ਘਰ ਪੋਤੇ ਨੇ ਜਨਮ ਲਿਆ

ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ (ਕੈਲੇਫੋਰਨੀਆ) ਦੇ ਫਾਊਂਡਰ ਸ੍ਰੀ ਰਛਪਾਲ ਸਿੰਘ ਫਰਵਾਲਾ ਅਤੇ ਉਹਨਾਂ ਦੀ ਸੁਪਤਨੀ ਸ੍ਰੀਮਤੀ ਮਨਦੀਪ ਕੌਰ ਫਰਵਾਲਾ ਦੇ ਸਪੁੱਤਰ ਸ੍ਰੀ ਵਰਿੰਦਰ ਸਿੰਘ ਸੰਘੇੜਾ ਅਤੇ ਸੁਪਤਨੀ ਸ੍ਰੀਮਤੀ ਜਸਮੀਨ ਕੌਰ ਸੰਘੇੜਾ ਦੇ ਘਰ ਲੰਘੇ ਐਤਵਾਰ (14 ਅਗਸਤ 2016) ਨੂੰ ਸਪੁੱਤਰ ਨੇ ਜਨਮ ਲਿਆ, ਜਿਸ ਦਾ ਨਾਂ ਜਗਵੀਰ ਸਿੰਘ ਸੰਘੇੜਾ ਰੱਖਿਆ ਗਿਆ। ਯਾਦ ਰਹੇ ਇਸ ਤੋਂ ਪਹਿਲਾਂ ਸ੍ਰੀ ਵਰਿੰਦਰ ਸੰਘੇੜਾ ਤੇ ਸ੍ਰੀਮਤੀ ਜਸਮੀਨ ਸੰਘੇੜਾ ਦੀ ਇਕ ਸਪੁੱਤਰੀ ਹੈ। ਇਸ ਉਪਰੰਤ ਵਾਹਿਗੁਰੂ ਵੱਲੋਂ ਬਖਸ਼ੀ ਸਪੁੱਤਰ ਦੀ ਦਾਤ ਲਈ ਫਰਵਾਲਾ (ਸੰਘੇੜਾ) ਪਰਿਵਾਰ ਨੇ ਪ੍ਰਮਾਤਮਾ ਦਾ ਕੋਟਿਨ-ਕੋਟਿ ਸ਼ੁਕਰਾਨਾ ਕੀਤਾ। ਇਸ ਖੁਸ਼ੀ ਵਿਚ ਫਰਵਾਲਾ ਜੀ ਦੇ ਘਰ ਪਰਿਵਾਰ, ਸਕੇ-ਸਬੰਧੀ, ਰਿਸ਼ਤੇਦਾਰ ਤੇ ਯਾਰਾਂ ਦੋਸਤਾਂ ਨੇ ਵਧਾਈਆਂ ਦਿੱਤੀਆਂ ਅਤੇ ਦੇ ਰਹੇ ਹਨ। ਫਰਵਾਲਾ ਜੀ ਨਾਲ ਸੰਪਰਕ ਲਈ ਨੰਬਰ; 916-880-0531

ਅਦਾਰਾ 'ਦੇਸ਼ ਦੁਆਬਾ' ਫਰਵਾਲਾ (ਸੰਘੇੜਾ) ਪਰਿਵਾਰ ਨੂੰ ਇਸ ਖੁਸ਼ੀ ਦੇ ਮੌਕੇ ਹਾਰਦਿਕ ਵਧਾਈ ਦਿੰਦਾ ਹੈ।



Rashpal Singh Pharwala & Mandeep Kaur Pharwala
with their new born baby (Grandson) Jagveer Singh Sanghera



Varinder Singh Sanghera & Jasmeen Kaur Sanghera
with their daughter & new born baby (Son)




# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop